ਵਿਧਾਤਾ ਸਿੰਘ ਤੀਰ

ਜੀਵਨ ਤੇ ਰਚਨਾ

ਕਵਲਜੀਤ ਗਰੋਵਰ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

VIDHATA SINGH TEER : JIWAN TE RACHNA (*Punjabi*)

by

DR. (MRS.) KAWALJIT GROVER
M.A., Ph.D.
School of Punjabi Studies
Guru Nanak Dev University, Amritsar

1988
ਪਹਿਲੀ ਵਾਰ : 1100
ਮੁੱਲ : 20-00

ਸਰਦਾਰ ਤੀਰਥ ਸਿੰਘ, ਐਲ-ਐਲ.ਐਮ., ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ
ਅਤੇ ਮੈ/ਸ ਜੈਨਸੰਨਜ਼ ਪ੍ਰਿੰਟਰਜ਼, ਪਟਿਆਲਾ ਦੁਆਰਾ ਮੁਦ੍ਰਿਤ

ਦੋ ਸ਼ਬਦ

ਪੰਜਾਬੀ ਭਾਸ਼ਾ ਅਤੇ ਸਾਹਿੱਤ ਦੇ ਬਹੁਪੱਖੀ ਵਿਕਾਸ ਲਈ ਸੰਨ 1967 ਵਿਚ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਹੋਈ ਸੀ। ਉਦੋਂ ਤੋਂ ਇਸ ਵਿਭਾਗ ਵਿਚ ਕਈ ਪ੍ਰਕਾਰ ਦੀਆਂ ਯੋਜਨਾਵਾਂ ਅਧੀਨ ਖੋਜ-ਕਾਰਜ ਹੋ ਰਿਹਾ ਹੈ। ਪੰਜਾਬੀ ਦੇ ਹੋ ਚੁਕੇ ਉਘੇ ਲੇਖਕਾਂ ਬਾਰੇ ਇਕ ਪੰਜਾਬੀ ਲੇਖਕ ਲੜੀ ਵੀ ਜਾਰੀ ਕੀਤੀ ਹੋਈ ਹੈ ਜਿਸ ਅਧੀਨ ਹੁਣ ਤਕ 79 ਮੋਨੋਗ੍ਰਾਫ਼ ਛਪ ਚੁਕੇ ਹਨ।

ਹੱਥਲੀ ਪੁਸਤਕ ਸ. ਵਿਧਾਤਾ ਸਿੰਘ ਤੀਰ ਦੇ ਜੀਵਨ ਅਤੇ ਰਚਨਾ ਉਤੇ ਆਧਾਰਿਤ ਹੈ। ਆਪ ਦਾ ਜਨਮ 1901 ਵਿਚ ਹੋਇਆ। ਮੁੱਢਲੀ ਵਿਦਿਆ ਆਪਣੇ ਮਾਮਾ ਗਿਆਨੀ ਹੀਰਾ ਸਿੰਘ ਦਰਦ ਦੇ ਪ੍ਰਭਾਵ ਅਧੀਨ ਪ੍ਰਾਪਤ ਕੀਤੀ ਜਿਸ ਦੇ ਫਲਸਰੂਪ 15 ਵਰ੍ਹਿਆਂ ਦੀ ਆਯੂ ਤੋਂ ਪਹਿਲਾਂ ਹੀ ਆਪ ਨੇ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। ਲਗਭਗ 65 ਵਰ੍ਹੇ ਉਨ੍ਹਾਂ ਨੇ ਕਵਿਤਾ ਰਚਨੀ ਜਾਰੀ ਰਖੀ ਅਤੇ ਪੰਜਾਬੀ ਜਗਤ ਨੂੰ 15 ਕਾਵਿ ਰਚਨਾਵਾਂ ਭੇਟਾ ਕੀਤੀਆਂ। ਕੁਝ ਕਹਾਣੀਆਂ ਵੀ ਲਿਖੀਆਂ, ਪਰ ਉਨ੍ਹਾਂ ਦੀ ਪ੍ਰਸਿੱਧੀ ਮੁੱਖ ਰੂਪ ਵਿਚ ਕਵੀ ਵਜੋਂ ਹੀ ਹੋਈ। ਸਿੱਖ ਧਰਮ ਵਿਚ ਅਟੁਟ ਵਿਸ਼ਵਾਸ ਰਖਣ ਕਾਰਨ ਉਨ੍ਹਾਂ ਦੀ ਮੁੱਢਲੀ ਕਵਿਤਾ ਵਿਚ ਗੁਰਮਤਿ ਦਾ ਪ੍ਰਭਾਵ ਬਹੁਤ ਅਧਿਕ ਹੈ, ਪਰ ਬਾਅਦ ਦੀ ਕਵਿਤਾ ਦੀ ਨੁਹਾਰ ਸਮਾਜਵਾਦੀ/ਕ੍ਰਾਂਤੀਕਾਰੀ ਹੁੰਦੀ ਗਈ ਹੈ। ਤੀਰ ਨੇ 'ਕਵਿਤਾ' ਮਾਸਿਕ ਪੱਤਰ ਵੀ ਸੰਪਾਦਿਤ ਕੀਤਾ। ਸਟੇਜੀ ਕਵੀਆਂ ਵਿਚ ਉਨ੍ਹਾਂ ਦਾ ਵਿਸ਼ੇਸ਼ ਸਥਾਨ ਸੀ। ਆਪ ਦੀ ਕਵਿਤਾ ਦੀ ਸ਼ੈਲੀ ਸਰਲ ਅਤੇ ਸਪਸ਼ਟ ਹੋਣ ਕਾਰਨ ਆਪ ਬਹੁਤ ਹਰਮਨ ਪਿਆਰੇ ਕਵੀ ਰਹੇ ਹਨ। ਇਹ ਮੋਨੋਗ੍ਰਾਫ਼ ਉਨ੍ਹਾਂ ਦੀ ਪੰਜਾਬੀ ਭਾਸ਼ਾ ਅਤੇ ਸਾਹਿੱਤ ਨੂੰ ਦਿੱਤੀ ਦੇਣ ਨੂੰ ਮੁੱਖ ਰਖਦਿਆਂ ਲਿਖਵਾਇਆ ਗਿਆ ਹੈ।

ਵਿਧਾਤਾ ਸਿੰਘ ਤੀਰ ਦੇ ਸਾਹਿੱਤ ਅਤੇ ਸਟੇਜੀ ਕਾਵਿ-ਪਰੰਪਰਾ ਵਿਚ ਰੁਚੀ ਰਖਣ ਵਾਲੇ ਪਾਠਕ ਸਾਡੇ ਇਸ ਯਤਨ ਤੋਂ ਲਾਭ ਉਠਾਉਣਗੇ, ਇਹ ਮੈਨੂੰ ਪੂਰਾ ਵਿਸ਼ਵਾਸ ਹੈ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

ਭਗਤ ਸਿੰਘ
ਵਾਈਸ ਚਾਂਸਲਰ

ਭੂਮਿਕਾ

ਪੰਜਾਬੀ ਸਾਹਿੱਤ ਦੇ ਅਮੀਰ ਵਿਰਸੇ ਨੂੰ ਉਜਾਗਰ ਕਰਨ ਅਤੇ ਇਸ ਦਾ ਸਹੀ ਮੁੱਲਾਂਕਣ ਕਰਨ ਦੇ ਉਦੇਸ਼ ਤੋਂ ਸੰਨ 1967 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਕੀਤੀ ਗਈ ਸੀ। ਹੋਰਨਾਂ ਯੋਜਨਾਵਾਂ ਤੋਂ ਇਲਾਵਾ ਇਸ ਵਿਭਾਗ ਵਿਚ 'ਪੰਜਾਬੀ ਲੇਖਕ ਲੜੀ' ਦਾ ਵੀ ਆਰੰਭ ਕੀਤਾ ਗਿਆ। ਇਸ ਲੜੀ ਵਿਚ ਪ੍ਰੋ. ਆਈ. ਸੀ. ਨੰਦਾ, ਲਾਲਾ ਧਨੀ ਰਾਮ ਚਾਤ੍ਰਿਕ, ਬਾਬਾ ਮੇਹਰਬਾਨ, ਦਮੋਦਰ, ਬੁਲ੍ਹੇ ਸ਼ਾਹ, ਭਗਵਾਨ ਸਿੰਘ, ਭਾਈ ਗੁਰਦਾਸ, ਪ੍ਰਿੰ. ਤੇਜਾ ਸਿੰਘ, ਭਾਈ ਮੋਹਨ ਸਿੰਘ ਵੈਦ, ਪ੍ਰੋ. ਪੂਰਨ ਸਿੰਘ, ਸ਼ਾਹ ਹੁਸੈਨ, ਅਲੀ ਹੈਦਰ, ਸੁਲਤਾਨ ਬਾਹੂ, ਭਾਈ ' ਮਨੀ ਸਿੰਘ, ਗੁਰੂ ਅਮਰਦਾਸ , ਗੁਰੂ ਰਾਮ ਦਾਸ, ਪ੍ਰੋ. ਮੋਹਨ ਸਿੰਘ, ਭਾਈ ਵੀਰ ਸਿੰਘ, ਗਿਆਨੀ ਹੀਰਾ ਸਿੰਘ ਦਰਦ, ਡਾ. ਬਲਬੀਰ ਸਿੰਘ, ਸੰਤ ਮਾੜੂ ਦਾਸ, ਤਾਰਾ ਸਿੰਘ ਨਰੋਤਮ, ਵਾਰਿਸ ਸ਼ਾਹ, ਬਿਸ਼ਨ ਸਿੰਘ ਉਪਾਸ਼ਕ ਆਦਿ ਪ੍ਰਸਿੱਧ ਪੰਜਾਬੀ ਸਾਹਿੱਤਕਾਰਾਂ ਦੇ ਜੀਵਨ ਅਤੇ ਰਚਨਾ ਬਾਰੇ ਮੋਨੋਗ੍ਰਾਫ ਪ੍ਰਕਾਸ਼ਿਤ ਹੋ ਚੁੱਕੇ ਹਨ।

ਪ੍ਰਸਤੁਤ ਪੁਸਤਕ ਵਿਧਾਤਾ ਸਿੰਘ ਤੀਰ ਸੰਬੰਧੀ ਲਿਖਵਾਏ ਗਏ ਮੋਨੋਗ੍ਰਾਫ ਦਾ ਪ੍ਰਕਾਸ਼ਿਤ ਰੂਪ ਹੈ। ਵਿਧਾਤਾ ਸਿੰਘ ਤੀਰ ਦਾ ਜਨਮ 1901 ਈ. ਵਿਚ ਰਾਵਲਪਿੰਡੀ ਜ਼ਿਲ੍ਹੇ ਵਿਚ ਹੋਇਆ। ਉਸ ਦਾ ਪਿਤਾ-ਪੁਰਖੀ ਕਿੱਤਾ ਭਾਵੇਂ ਖੇਤੀ ਕਰਨਾ ਸੀ, ਪਰ ਆਪਣੇ ਮਾਮਾ ਗਿਆਨੀ ਹੀਰਾ ਸਿੰਘ ਦਰਦ ਦੇ ਸੰਪਰਕ ਵਿਚ ਆਣ ਕਾਰਣ ਉਸ ਦਾ ਪੜ੍ਹਣ ਵਲ ਝੁਕਾ ਹੋ ਗਿਆ, ਪਰ ਆਰਥਿਕ ਤੰਗੀ ਕਰਕੇ ਪੰਜਵੀਂ ਜਮਾਤ ਪਾਸ ਕਰਨ ਉਪਰੰਤ ਉਸ ਨੇ ਘਰ ਵਿਚ ਹੀ ਪੜ੍ਹਣਾ ਲਿਖਣਾ ਜਾਰੀ ਰਖਿਆ ਅਤੇ ਪ੍ਰਾਚੀਨ ਇਤਿਹਾਸ, ਮਿਥਿਹਾਸ, ਗੁਰਮਤਿ ਸਾਹਿੱਤ ਅਤੇ ਅਧਿਆਤਮਿਕ ਵਿਸ਼ਿਆਂ ਦਾ ਗੰਭੀਰ ਅਧਿਐਨ ਕੀਤਾ। ਪਹਿਲਾਂ ਉਸ ਨੇ ਕੁਝ ਵਰ੍ਹੇ ਲਾਇਲਪੁਰ ਦੇ ਇਕ ਪਿੰਡ ਵਿਚ ਗ੍ਰੰਥੀ ਦੀ ਸੇਵਾ ਨਿਭਾਈ, ਫਿਰ ਕਈ ਵਰ੍ਹੇ ਅੰਮ੍ਰਿਤਸਰ ਵਿਚ ਕਿਤਾਬਾਂ ਦੀ ਦੁਕਾਨ ਖੋਲੀ ਰਖੀ, ਗਿਆਨੀ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ ਅਤੇ ਇਕ ਸਕੂਲ ਵੀ ਖੋਲ੍ਹਿਆ। ਕਾਫੀ ਸਮੇਂ ਤਕ ਉਹ 'ਕਵਿਤਾ' ਮਾਸਿਕ ਪਤ੍ਰਿਕਾ ਦਾ ਸੰਪਾਦਕ ਵੀ ਰਿਹਾ। ਵਿਚਾਰਧਾਰਕ ਦ੍ਰਿਸ਼ਟੀ ਤੋਂ ਉਸ ਦਾ ਗੁਰਮਤਿ ਵਿਚ ਅਟੁਟ ਵਿਸ਼ਵਾਸ ਸੀ, ਪਰ ਯੁਗ ਦੀਆਂ ਪਰਿਸਥਿਤੀਆਂ ਅਤੇ ਲਹਿਰਾਂ ਨੇ ਉਸ ਨੂੰ ਕ੍ਰਾਂਤੀ-ਕਾਰੀ ਕਾਵਿ-ਸਿਰਜਨਾ ਵਲ ਵੀ ਪ੍ਰੇਰਿਤ ਕੀਤਾ।

ਤੀਰ ਨੇ 13/14 ਵਰ੍ਹਿਆਂ ਦੀ ਉਮਰ ਵਿਚ ਹੀ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਅਤੇ ਆਪਣੇ ਅੰਤਕਾਲ (1980) ਤਕ ਇਧਰ ਰੁਚਿਤ ਰਿਹਾ। ਉਸ ਦੀਆਂ 15 ਕਾਵਿ-ਰਚਨਾਵਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ ਜਿਨ੍ਹਾਂ ਵਿਚ ਕੁਝ ਕਿੱਸੇ ਹਨ, ਕੁਝ ਚਰਿਤ-ਕਾਵਿ,

ਕੁਝ ਨਿੱਕੀਆਂ ਕਵਿਤਾਵਾਂ ਦੇ ਸੰਗ੍ਰਹਿ । ਉਸ ਦੇ ਕਾਵਿ ਵਿਚ ਸਿੱਖ ਧਰਮ ਦੇ ਪ੍ਰਚਾਰ ਦੇ ਨਾਲ ਨਾਲ ਸਮਾਜਵਾਦੀ ਅਤੇ ਕ੍ਰਾਂਤੀਕਾਰੀ ਰੁਚੀਆਂ ਦਾ ਪ੍ਰਗਟਾਵਾ ਵੀ ਹੋਇਆ ਹੈ । ਪਰ ਮੁੱਖ ਰੂਪ ਵਿਚ ਮਾਨਵਤਾਵਾਦੀ ਕੀਮਤਾਂ ਦੀ ਸਰਬਤ੍ਰ ਸਥਾਪਨਾ ਹੋਈ ਹੈ । 'ਦਸ਼ਮੇਸ਼ ਦਰਸ਼ਨ' ਤੀਰ ਦੀ ਵੱਡ-ਆਕਾਰੀ ਅਤੇ ਮਹੱਤਵਪੂਰਣ ਰਚਨਾ ਹੈ । 'ਸਿੱਖੀ ਦਾ ਚਾਨਣ' ਵਿਚ ਉਸ ਨੇ ਨਿਰੰਕਾਰੀ ਲਹਿਰ ਦਾ ਇਤਿਹਾਸ ਭਾਵਨਾਮਈ ਬਿਰਤੀ ਨਾਲ ਚਿਤਰਿਆ ਹੈ । ਮੂਲ ਰੂਪ ਵਿਚ ਤੀਰ ਇਕ ਸਟੇਜੀ ਕਵੀ ਸੀ, ਇਸ ਲਈ ਸਟੇਜੀ ਕਵੀ ਦੇ ਗੁਣ ਉਸ ਦੇ ਕਾਵਿ ਵਿਚ ਉਭਰ ਕੇ ਸਾਹਮਣੇ ਆਉਂਦੇ ਹਨ । ਉਸ ਨੇ ਅਨੇਕ ਨਵੇਂ ਕਵੀਆਂ ਨੂੰ ਕਾਵਿ-ਰਚਨਾ ਦੀ ਅਗਵਾਈ ਵੀ ਦਿੱਤੀ ਹੈ ਅਤੇ ਇਸ ਤਰ੍ਹਾਂ ਉਹ ਇਕ ਉਸਤਾਦ ਕਵੀ ਮੰਨਿਆ ਜਾਂਦਾ ਰਿਹਾ ਹੈ । ਕਵਿਤਾ ਕਰਨ ਤੋਂ ਇਲਾਵਾ ਤੀਰ ਨੇ ਕੁਝ ਕਹਾਣੀਆਂ ਵੀ ਲਿਖੀਆਂ ਹਨ ਅਤੇ ਪੰਜਾਬੀ ਵਿਚ ਕੁਝ ਅਨੁਵਾਦ ਵੀ ਕੀਤੇ ਹਨ, ਪਰ ਕਵਿਤਾ ਤੋਂ ਭਿੰਨ ਹੋਰ ਕਿਸੇ ਸਾਹਿੱਤ-ਰੂਪ ਵਿਚ ਉਸ ਨੂੰ ਕਾਮਯਾਬੀ ਨਹੀਂ ਮਿਲੀ ਇਸ ਲਈ ਉਹ ਇਕ ਕਵੀ ਦੇ ਰੂਪ ਵਿਚ ਹੀ ਪੰਜਾਬੀ ਸਾਹਿੱਤ ਦੀ ਸੇਵਾ ਕਰ ਸਕਿਆ ਹੈ ।

ਵਿਧਾਤਾ ਸਿੰਘ ਤੀਰ ਦੀ ਉਪਰੋਕਤ ਦੇਣ ਨੂੰ ਮੁੱਖ ਰਖਦਿਆਂ ਇਹ ਮੋਨੋਗ੍ਰਾਫ ਲਿਖਵਾਇਆ ਗਿਆ ਹੈ । ਇਸ ਦੇ ਲਿਖਣ ਦਾ ਕੰਮ ਡਾ. (ਸ੍ਰੀਮਤੀ) ਕਵਲਜੀਤ ਗਰੇਵਰ ਨੂੰ ਸੌਂਪਿਆ ਗਿਆ ਸੀ ਜਿਨ੍ਹਾਂ ਨੇ ਬੜੀ ਮਿਹਨਤ ਨਾਲ ਇਸ ਨੂੰ ਮੁਕੰਮਲ ਕੀਤਾ ਹੈ । ਇਸ ਨੂੰ ਯੂਨੀਵਰਸਿਟੀ ਪੱਧਰ ਤੇ ਛਪਵਾਉਣ ਲਈ ਵਿਸ਼ੇਸ਼ਗ ਰਾਇ ਡਾ. ਗੁਰਦੇਵ ਸਿੰਘ ਸਿਧੂ, ਪ੍ਰਿੰਸੀਪਲ ਗੁਰੂ ਨਾਨਕ ਗੌਰਮਿੰਟ ਕਾਲਜ, ਗੁਰੂ ਤੇਗ ਬਹਾਦਰ ਗੜ੍ਹ ਤੋਂ ਲਈ ਗਈ ਹੈ । ਇਸ ਸਹਿਯੋਗ ਲਈ ਅਸੀਂ ਦੋਹਾਂ ਵਿਦਵਾਨਾਂ ਦੇ ਰਿਣੀ ਹਾਂ ।

ਮੈਨੂੰ ਵਿਸ਼ਵਾਸ ਹੈ ਕਿ ਇਸ ਪੁਸਤਕ ਦੇ ਪ੍ਰਕਾਸ਼ਨ ਨਾਲ ਆਧੁਨਿਕ ਪੰਜਾਬੀ ਕਵਿਤਾ, ਸਟੇਜੀ ਕਵਿਤਾ ਅਤੇ ਵਿਧਾਤਾ ਸਿੰਘ ਤੀਰ ਦੀ ਕਾਵਿ-ਸਾਧਨਾ ਵਿਚ ਰੁਚੀ ਰਖਣ ਵਾਲੇ ਪਾਠਕ ਲਾਭ ਉਠਾਉਣਗੇ ।

ਰਤਨ ਸਿੰਘ ਜੱਗੀ
ਪ੍ਰੋਫ਼ੈਸਰ

ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵਿਸ਼ੈ-ਸੂਚੀ

	ਦੋ ਸ਼ਬਦ (ਵੀ. ਸੀ. ਸਾਹਿਬ ਵਲੋਂ)	(iii)
	ਭੂਮਿਕਾ	(v)
1.	ਵਿਧਾਤਾ ਸਿੰਘ ਤੀਰ : ਜੀਵਨ ਤੇ ਰਚਨਾ	1
2.	ਬਿਰਤਾਂਤਕ-ਕਾਵਿ	11
3.	ਸਰੋਦੀ-ਕਾਵਿ	38
4.	ਸਟੇਜੀ-ਕਾਵਿ	59
5.	ਤੀਰ ਦੀ ਕਵਿਤਾ ਵਿਚ ਪੰਜਾਬੀ ਸਭਿਆਚਾਰ ਅਤੇ ਲੋਕ ਤੱਤ	69
6.	ਤੀਰ ਦੀ ਕਾਵਿ-ਕਲਾ	86
7.	ਪੰਜਾਬੀ ਸਾਹਿੱਤ ਨੂੰ ਦੇਣ	105
	ਅੰਤਿਕਾ ੧ : ਕੁਝ ਅਣਛਪੀਆਂ ਕਵਿਤਾਵਾਂ	110
	ਅੰਤਿਕਾ ੨ : ਪੁਸਤਕ ਸੂਚੀ	124

+6

+6

1

ਵਿਧਾਤਾ ਸਿੰਘ ਤੀਰ : ਜੀਵਨ ਤੇ ਰਚਨਾ

ਜੀਵਨ

ਇਹ ਗੱਲ ਆਮ ਮੰਨੀ ਜਾਂਦੀ ਹੈ ਕਿ ਜਿਸ ਵਿਅਕਤੀ ਨੂੰ ਕਿਸੇ ਵੀ ਖੇਤਰ ਵਿਚ ਪ੍ਰਸਿੱਧੀ ਮਿਲਦੀ ਹੈ, ਤਾਂ ਉਸਦੀ ਸ਼ਖ਼ਸੀਅਤ ਵਿਚ ਕੋਈ ਚੰਗੇਰੇ ਗੁਣ ਜ਼ਰੂਰ ਹੁੰਦੇ ਹਨ। ਇਹ ਗੁਣ ਉਸਨੂੰ ਆਪਣੇ ਪਰਿਵਾਰ, ਸਮੇਂ ਜਾਂ ਇਤਿਹਾਸ ਕਿਤੋਂ ਵੀ ਮਿਲੇ ਹੋਏ ਹੋ ਸਕਦੇ ਹਨ। ਵਿਧਾਤਾ ਸਿੰਘ ਤੀਰ ਉਪਰ ਵੀ ਇਹੀ ਗੱਲ ਲਾਗੂ ਹੁੰਦੀ ਹੈ। ਪਰ ਉਨ੍ਹਾਂ ਦੀ ਹੋਰ ਮਹਾਨਤਾ ਇਸ ਗੱਲ ਵਿਚ ਦੇਖੀ ਜਾ ਸਕਦੀ ਹੈ ਕਿ ਇਕ ਸਾਧਾਰਣ ਤੇ ਗਰੀਬ ਪਰਿਵਾਰ ਵਿਚ ਜਨਮ ਲੈ ਕੇ ਉਹਨਾਂ ਨੇ ਆਪਣੇ ਜੀਵਨ ਵਿਚ ਚੰਗੇਰੇ ਗੁਣਾਂ ਨੂੰ ਸ਼ਾਮਲ ਕੀਤਾ। ਆਲੇ-ਦੁਆਲੇ ਦੇ ਮਾੜੇ ਪੱਖਾਂ ਤੋਂ ਨਿਰਲੇਪ ਰਹਿ ਕੇ ਜੀਵਨ ਨੂੰ ਸਹੀ ਸੇਧ ਉਪਰ ਤੋਰਿਆ ਤੇ ਅਣ-ਥੱਕ ਘਾਲਣਾ ਅਤੇ ਈਮਾਨਦਾਰੀ ਨਾਲ ਜੀਵਨ ਵਿਚ ਉਹ ਡੂੰਘੀ ਲਗਨ ਪੈਦਾ ਕੀਤੀ, ਜੋ ਉਨ੍ਹਾਂ ਦੀ ਪੀੜ੍ਹੀ ਦੀ ਵਿਸ਼ੇਸ਼ਤਾ ਕਹੀ ਜਾ ਸਕਦੀ ਹੈ।

ਵਿਧਾਤਾ ਸਿੰਘ ਤੀਰ ਦਾ ਜਨਮ 15 ਅਗਸਤ 1901 ਈਸਵੀ ਨੂੰ ਜ਼ਿਲਾ ਰਾਵਲਪਿੰਡੀ ਵਿਚ ਸ੍ਰ: ਹੀਰਾ ਸਿੰਘ ਦੇ ਘਰ ਮਾਤਾ ਕਾਹਨੀ ਦੇਵੀ ਦੀ ਕੁੱਖੋਂ ਹੋਇਆ। ਆਪ ਦੇ ਮਾਮਾ ਸ੍ਰ: ਹੀਰਾ ਸਿੰਘ ਦਰਦ ਪੰਜਾਬੀ ਦੇ ਪ੍ਰਸਿੱਧ ਲਿਖਾਰੀ ਸਨ। ਤੀਰ ਜੀ ਦਾ ਜਨਮ ਦਾ ਨਾਂ ਦਮੋਦਰ ਸਿੰਘ ਸੀ ਅਤੇ ਆਪ ਜਾਤ ਦੇ ਬ੍ਰਾਹਮਣ ਸਿੱਖ ਸਨ। ਆਪ ਦੇ ਪਿਤਾ ਪਾਸ ਬਹੁਤ ਥੋੜ੍ਹੀ ਜ਼ਮੀਨ ਸੀ, ਜਿਸ ਉਤੇ ਉਹ ਖੇਤੀ ਬਾੜੀ ਕਰਦੇ ਸਨ, ਇਸ ਲਈ ਥੋੜ੍ਹੀ ਆਮਦਨ ਹੋਣ ਕਰਕੇ ਘਰ ਵਿਚ ਪੂਰੀ ਨਹੀਂ ਸੀ ਪੈਂਦੀ।

ਆਪ ਦੇ ਨਾਨਾ ਭਾਈ ਹੀਰਾ ਸਿੰਘ ਨਿਰੰਕਾਰੀ ਸਨ। ਉਨ੍ਹਾਂ ਦਾ ਗੁਰਬਾਣੀ ਨਾਲ ਅਥਾਹ ਪਿਆਰ ਸੀ ਤੇ ਉਹ ਗੁਰਦੁਆਰੇ ਵਿਚ ਸ਼ਬਦ ਪੜ੍ਹਦੇ ਹੁੰਦੇ ਸਨ। ਉਨ੍ਹਾਂ ਨੇ ਤੀਰ ਨੂੰ ਬੁਰੀ ਸੰਗਤ ਤੋਂ ਬਚਾਉਣ ਲਈ ਆਪਣੇ ਕੋਲ ਰੱਖ ਲਿਆ ਤੇ ਆਪਣੀ ਦੇਖ ਰੇਖ ਵਿਚ ਉਸਦਾ ਪਾਲਣ ਪੋਸ਼ਣ ਕੀਤਾ। ਨਾਨਾ ਜੀ ਦੇ ਪ੍ਰਭਾਵ ਕਾਰਣ 'ਤੀਰ' ਦੇ ਮਨ ਵਿਚ ਗੁਰੂ ਘਰ ਨਾਲ ਪ੍ਰੇਮ ਦੀ ਜਾਗ ਲੱਗੀ ਤੇ ਸਿੱਖ ਇਤਿਹਾਸ ਤੇ ਬਾਣੀ ਪ੍ਰਤੀ ਸ਼ਰਧਾ ਦਿਨ ਬਦਿਨ ਵਧਣ ਲੱਗੀ। 'ਤੀਰ ਜੀ' ਨੇ ਹੀਰਾ ਸਿੰਘ ਦਰਦ ਨੂੰ ਆਪਣਾ ਗੁਰੂ ਦੱਸਿਆ ਹੈ।

'ਤੀਰ' ਨੇ ਮੁੱਢਲੀ ਵਿਦਿਆ ਕੇਵਲ ਪੰਜਵੀਂ ਤੱਕ ਹੀ ਪ੍ਰਾਪਤ ਕੀਤੀ ਸੀ, ਕਿਉਂਕਿ ਉਨ੍ਹਾਂ ਦੇ ਪਰਿਵਾਰ ਵਿਚ ਵਿਦਿਆ ਪੜ੍ਹਾਉਣ ਦੀ ਕੋਈ ਬਹੁਤੀ ਰੁਚੀ ਨਹੀਂ ਸੀ। ਤੀਰ ਦੇ ਮਾਮਾ ਜੀ ਅਤੇ ਨਾਨਾ ਜੀ ਪੜ੍ਹੇ ਹੋਏ ਸਨ ਅਤੇ ਜਦੋਂ ਉਹ ਨਾਨਕੇ ਰਹੇ ਤਾਂ ਉਥੋਂ ਦੇ ਮਾਹੌਲ ਦਾ ਜੋ ਪ੍ਰਭਾਵ ਪਿਆ, ਉਸ ਸਦਕਾ ਹੀ ਤੀਰ ਨੇ ਕੁਝ ਵਿਦਿਆ ਹਾਸਲ ਕੀਤੀ। ਇਸ ਸਮੇਂ ਦੇ ਦੌਰਾਨ ਹੀ ਤੀਰ ਨੇ ਪ੍ਰਾਚੀਨ ਇਤਿਹਾਸ ਤੇ ਮਿਥਿਹਾਸ, ਗੁਰਮਤਿ ਸਾਹਿਤ

ਅਤੇ ਭਗਤੀ ਸਾਹਿਤ ਆਦਿ ਪੜ੍ਹਿਆ। ਫਲਸਰੂਪ ਉਸ ਦਾ ਭਾਰਤੀ ਸਭਿਆਚਾਰ, ਪੰਜਾਬ, ਤੇ ਪੰਜਾਬੀਅਤ ਅਤੇ ਸਿੱਖੀ ਜੀਵਨ ਨਾਲ ਅਟੁੱਟ ਮੋਹ ਪੈ ਗਿਆ।

ਆਪ ਨੇ ਖਾਲਸਾ ਪ੍ਰਚਾਰਕ ਵਿਦਿਆਲਾ ਤਰਨ ਤਾਰਨ ਤੋਂ ਧਾਰਮਿਕ ਵਿਦਿਆ ਗਿਆਨੀ ਬਿਬੇਕਾ ਸਿੰਘ ਜੀ ਦੀ ਸੁਚੱਜੀ ਅਗਵਾਈ ਹੇਠ ਪ੍ਰਾਪਤ ਕੀਤੀ। ਗਿਆਨੀ ਜੀ ਇਕ ਪੂਰਨ ਗੁਰ ਸਿੱਖ, ਬਾਣੀ ਦੇ ਰਸੀਏ ਅਤੇ ਇਸ ਦੇ ਅਰਥਾਂ ਨੂੰ ਜੀਵਨ ਵਿਚ ਪੂਰੀ ਤਰ੍ਹਾਂ ਸਮਝਣ ਤੇ ਵਸਾਉਣ ਵਾਲੇ ਪੁਰਸ਼ ਸਨ। ਤੀਰ ਨੇ ਉਨ੍ਹਾਂ ਪਾਸੋਂ ਸਾਰੇ ਗੁਰੂ ਗਰੰਥ ਸਾਹਿਬ ਦੇ ਅਰਥਾਂ ਦਾ ਅਧਿਐਨ ਕੀਤਾ। ਇਸੇ ਅਰਸੇ ਦੇ ਦੌਰਾਨ ਹੀ ਉਸ ਨੇ ਪ੍ਰਸਿੱਧ ਸੰਗੀਤ ਆਚਾਰੀਆ ਪ੍ਰੇਮ ਸਿੰਘ ਰਾਗੀ ਪਾਸੋਂ ਰਾਗ ਵਿਦਿਆ ਹਾਸਲ ਕੀਤੀ ਅਤੇ ਗੁਰਬਾਣੀ ਦਾ ਕੀਰਤਨ ਕਰਨਾ ਸਿੱਖਿਆ। 1915 ਈ. ਵਿਚ ਗਿਆਨੀ ਬਿਬੇਕਾ ਸਿੰਘ ਤੋਂ ਅੰਮ੍ਰਿਤ ਛਕ ਕੇ ਉਹ ਦਮੋਦਰ ਸਿੰਘ ਤੋਂ ਵਿਧਾਤਾ ਸਿੰਘ ਸੱਜ ਗਏ। ਇਹ ਉਨ੍ਹਾਂ ਦੇ ਜੀਵਨ ਦੇ ਪ੍ਰੀਵਰਤਨ ਦਾ ਇਕ ਵੱਡਾ ਪੱਖ ਸੀ। ਉਹਨਾਂ ਦੇ ਜੀਵਨ ਉਤੇ ਪਏ ਵੱਖ ਵੱਖ ਪ੍ਰਭਾਵਾਂ ਦਾ ਵਰਣਨ ਕਰਦੇ ਹੋਏ ਗੁਰਦਿਆਲ ਸਿੰਘ ਫੁੱਲ ਨੇ ਕਿਹਾ ਹੈ ਕਿ :

> ਜੋ ਤੀਰ ਦੇ ਕਾਵਿ-ਮਨ ਦੀ ਉਸਾਰੀ ਵਿਚ ਦਾਦਕਿਆਂ ਦੇ ਇਨਕਲਾਬੀ ਰੰਗ, ਨਾਨਕਿਆਂ ਦੇ ਨਿਰੰਕਾਰੀ ਰੰਗ ਅਤੇ ਗਿਆਨੀ ਬਿਬੇਕਾ ਸਿੰਘ ਦੀ ਵਿਦਿਆ ਦਾ ਹੱਥ ਹੈ। ਜਿਨਾਂ ਸ਼ਕਤੀਸ਼ਾਲੀ ਪ੍ਰਭਾਵਾਂ ਨੇ ਇਕਾਗਰ ਹੋ ਰਹੇ ਜੁਆਨ ਮਨ ਨੂੰ ਘੁਮਿਆਰ ਦੇ ਹੱਥ ਵਾਂਗ ਇਕ ਨਿਸਚਿਤ ਰੂਪ ਦਿੱਤਾ, ਇਕ ਨਿਸ਼ਚਿਤ ਸੇਧ, ਇਕ ਕਾਵਿ ਇਕਾਗਰਤਾ ਬਖਸ਼ੀ।[1]

ਤੀਰ ਜੀ ਦਾ ਵਿਆਹ 15 ਸਾਲ ਦੀ ਉਮਰ ਭਾਵ 1916 ਈ. ਵਿਚ ਹੋ ਗਿਆ ਸੀ। ਆਪ ਦੀ ਧਰਮ ਪਤਨੀ ਦਾ ਨਾਂ ਸੀਤਾ ਵੰਤੀ ਸੀ, ਜੋ ਇਕ ਸੁਘੜ ਘਰੇਲੂ ਔਰਤ ਸੀ। ਆਪ ਜੀ ਦੇ ਤਿੰਨ ਬੱਚੇ ਹਨ : ਸਭ ਤੋਂ ਵੱਡੇ ਸਪੁੱਤਰ ਸ੍ਰ. ਸੋਹਨ ਸਿੰਘ ਅਰਸ਼ੀ, ਇਕ ਸਪੁੱਤਰੀ ਗਿਆਨ ਕੌਰ (1926) ਅਤੇ ਛੋਟੇ ਸਪੁੱਤਰ ਸ੍ਰ. ਭੁਪਿੰਦਰ ਸਿੰਘ ਰਾਜ਼ (1938)।

'ਤੀਰ ਜੀ' ਦੇ ਪਰਿਵਾਰ ਦੀ ਆਰਥਕ ਹਾਲਤ ਕਮਜ਼ੋਰ ਸੀ। ਇਸ ਲਈ ਆਪ ਨੂੰ ਅੱਲੜ੍ਹ ਜੁਆਨੀ ਵਿਚ ਹੀ ਰੋਜ਼ਗਾਰ ਕਮਾਉਣ ਲਈ ਜੀਵਨ ਘੋਲ ਵਿਚ ਨਿਤਰਨਾ ਪਿਆ। ਉਹ ਸਮਾਂ ਵੀ ਆਰਥਕ ਮੰਦਵਾੜੇ ਦਾ ਸੀ ਜਿਸ ਕਰਕੇ 'ਤੀਰ ਜੀ' ਉਪਰ ਇਸਦਾ ਹੋਰ ਵੀ ਪ੍ਰਭਾਵ ਪਿਆ। ਪਹਿਲਾਂ ਤਾਂ ਆਪ ਛੋਟੀ ਉਮਰ ਵਿਚ ਆਪਣੇ ਬਾਪੂ ਦੀ ਸੱਜੀ ਬਾਂਹ ਬਣੇ ਅਤੇ ਖੇਤੀ ਬਾੜੀ ਕਰਦੇ ਰਹੇ ਤੇ ਡੰਗਰ ਚਾਰਦੇ ਰਹੇ। ਫਿਰ ਉਨ੍ਹਾਂ ਨੇ ਕੁੱਝ ਸਮਾਂ ਬਾਗਬਾਨੀ ਦੇ ਕੰਮ ਵੱਲ ਵੀ ਲਗਾਇਆ। 19-20 ਸਾਲ ਦੀ ਉਮਰ ਵਿਚ ਅਕਾਲੀ ਲਹਿਰ ਦੇ ਦੌਰਾਨ ਉਹ ਲਾਇਲਪੁਰ ਦੇ ਪਿੰਡ ਸਠਿਆਲੇ ਵਿਚ ਗਰੰਥੀ ਵੀ ਰਹੇ। 1929 ਤੋਂ 1942 ਤੱਕ ਉਨ੍ਹਾਂ ਨੇ ਅੰਮ੍ਰਿਤਸਰ ਵਿਚ ਕਿਤਾਬਾਂ ਦੀ ਦੁਕਾਨ ਵੀ ਕੀਤੀ। ਆਪ ਨੇ ਗਿਆਨੀ ਦੇ ਪ੍ਰਾਈਵੇਟ ਵਿਦਿਆਰਥੀਆਂ ਨੂੰ ਪੜ੍ਹਾਇਆ, ਜਿਸ ਵਿਚ ਉਨ੍ਹਾਂ ਨੂੰ ਚੰਗੀ ਸਫਲਤਾ ਪ੍ਰਾਪਤ ਹੋਈ। ਆਪ ਦਾ ਚਲਾਇਆ ਗਿਆਨੀ ਕਾਲਜ ਇਸ ਪੱਖੋਂ ਕਾਫ਼ੀ ਪ੍ਰਸਿੱਧ ਰਿਹਾ। ਆਪ ਨੇ ਗਿਆਨ ਵਿਦਿਆਲਾ (ਦਵਿੰਦਰਾ ਗਿਆਨ ਸਕੂਲ) ਅੰਮ੍ਰਿਤਸਰ ਵੀ ਚਲਾਇਆ ਜੋ

ਮੈਟ੍ਰਿਕ ਤੱਕ ਸੀ, ਇਸ ਆਪ ਦੇ ਪ੍ਰਿੰਸੀਪਲ ਸਨ । ਆਪ ਜੁਲਾਈ 1953 ਤੋਂ 'ਕਵਿਤਾ' ਮਾਸਿਕ ਪੱਤਰ ਦੇ ਚੀਫ ਐਡੀਟਰ ਵੀ ਰਹੇ ।

ਵਿਧਾਤਾ ਸਿੰਘ ਤੀਰ ਉਪਰ ਵੱਖ ਵੱਖ ਲੇਖਕਾਂ ਦੇ ਪ੍ਰਭਾਵ ਪਏ ਜਿਨ੍ਹਾਂ ਵਿਚ ਸਭ ਤੋਂ ਪ੍ਰਮੁੱਖ ਨਾਂ ਉਹਨਾਂ ਦੇ ਮਾਮਾ ਸ੍ਰ: ਹੀਰਾ ਸਿੰਘ ਦਰਦ ਦਾ ਲਿਆ ਜਾ ਸਕਦਾ ਹੈ । 'ਹੀਰਾ ਸਿੰਘ ਦਰਦ ਆਪਣੇ ਸਮੇਂ ਦੇ ਪ੍ਰਸਿੱਧ ਕਰਾਂਤੀਕਾਰੀ ਤੇ ਅਗਾਂਹ ਵਧੂ ਸਾਹਿਤਕਾਰ ਸਨ । ਉਹਨਾਂ ਦੀਆਂ ਲਿਖਤਾਂ ਦਾ 'ਤੀਰ' ਉਪਰ ਕਾਫੀ ਪ੍ਰਭਾਵ ਪਿਆ । ਦਰਦ ਜੀ ਦੀ ਸ਼ਖਸੀਅਤ ਅਤੇ ਲਿਖਤਾਂ ਦੇ ਪ੍ਰਭਾਵ ਸਦਕਾ 'ਤੀਰ' ਦੀ ਕਵਿਤਾ ਉਪਰ ਧਾਰਮਿਕ ਰੰਗ ਵੀ ਚੜ੍ਹਿਆ । ਇਸ ਤੋਂ ਇਲਾਵਾ 'ਤੀਰ' ਉਪਰ ਕੁਝ ਕੁ ਪ੍ਰਭਾਵ ਭਾਈ ਵੀਰ ਸਿੰਘ ਜੀ ਦਾ ਵੀ ਹੈ । ਤੀਰ ਉਪਰ ਧਨੀ ਰਾਮ ਚਾਤ੍ਰਿਕ ਦੀ ਕਵਿਤਾ ਅਤੇ ਖਾਸ ਤੌਰ ਤੇ ਉਸ ਦੇ ਕਿੱਸਾ 'ਨਲ ਦਮਯੰਤੀ' ਦਾ ਕਾਫੀ ਪ੍ਰਭਾਵ ਪਿਆ । ਚਾਤ੍ਰਿਕ ਦੇ 'ਕਿੱਸਾ ਨਲ ਦਮਯੰਤੀ' ਵਿਚ ਉਰਦੂ ਫਾਰਸੀ ਦਾ ਜ਼ਿਆਦਾ ਪ੍ਰਭਾਵ ਦੇਖ ਕੇ ਉਸ ਦੇ ਮਨ ਵਿਚ ਇਹ ਰੀਝ ਉਠੀ ਕਿ ਇਸ ਕਿੱਸੇ ਨੂੰ ਸਰਲ ਤੇ ਸੌਖੀ ਪੰਜਾਬੀ ਵਿਚ ਲਿਖਿਆ ਜਾਵੇ । ਤੀਰ ਦੇ ਆਪਣੇ ਸ਼ਬਦਾਂ ਵਿਚ ਉਸਨੇ ਹਰਿੰਦਰ ਸਿੰਘ ਰੂਪ ਤੋਂ ਵੀ ਸਮੇਂ ਸਮੇਂ ਪਰੇਰਨਾ ਹਾਸਿਲ ਕੀਤੀ :

> ਮੈਂ ਆਪਣੇ ਗੁਪਤ ਮਿੱਤਰ ਜੀ ਦਾ (ਜੋ ਕਿ ਮੇਰੇ ਦੋਸਤ, ਭਰਾ, ਸਹਾਇਕ ਤੇ ਮਤ ਦੇਣ ਵਾਲੇ ਦੀ ਵੀ ਪਦਵੀ ਦੇ ਯੋਗ ਹਨ) ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਦਇਆ ਤੇ ਕਿਰਪਾ ਨਾਲ ਮੇਰਾ ਬੇਸਮਝੀ ਦਾ ਮੋਤੀਆਂ ਬਿੰਦ ਦਿਨੋਂ ਦਿਨ ਹਟਦਾ ਜਾ ਰਿਹਾ ਹੈ ।[2]

ਤੀਰ ਦੇ ਜੀਵਨ ਉਪਰ ਧਾਰਮਿਕ ਪ੍ਰਭਾਵ ਜ਼ਿਆਦਾ ਮਾਤਰਾ ਵਿਚ ਨਜ਼ਰ ਆਉਂਦਾ ਹੈ ਜੋ ਉਹਨਾਂ ਨੂੰ ਆਪਣੇ ਪਰਿਵਾਰ ਤੋਂ ਅਤੇ ਖਾਸ ਤੌਰ ਤੇ ਨਾਨਕੇ ਪਰਿਵਾਰ ਤੋਂ ਵਿਰਸੇ ਵਿਚ ਮਿਲਿਆ ਸੀ। ਪਰ ਜਦੋਂ ਅਜੇ ਉਹ ਜੁਆਨ ਅਵਸਥਾ ਵਿਚ ਹੀ ਸਨ ਤਾਂ ਉਨ੍ਹਾਂ ਉਪਰ ਦੇਸ਼ ਦੇ ਹਾਲਾਤ ਅਤੇ ਪੰਜਾਬ ਤੇ ਅੰਮ੍ਰਿਤਸਰ ਦੀਆਂ ਘਟਨਾਵਾਂ ਦਾ ਡੂੰਘਾ ਅਸਰ ਹੋਇਆ ਤੇ ਉਨ੍ਹਾਂ ਉਪਰ ਦੇਸ਼ ਦੀ ਅਜ਼ਾਦੀ ਲਈ ਕ੍ਰਾਂਤੀਕਾਰੀ ਤੇ ਇਨਕਲਾਬੀ ਰੰਗ ਚੜ੍ਹਿਆ । ਇਸ ਦਿਸ਼ਾ ਵਿਚ ਉਨ੍ਹਾਂ ਉਪਰ ਜ਼ਲ੍ਹਿਆਂ ਵਾਲੇ ਬਾਗ ਦੇ 1919 ਦੇ ਖੂਨੀ ਸਾਕੇ ਅਤੇ 1947 ਦੀ ਵੰਡ ਦੇ ਖੂਨੀ ਘੱਲੂਘਾਰੇ ਦਾ ਬਹੁਤ ਡੂੰਘਾ ਪ੍ਰਭਾਵ ਪਿਆ ਤੇ ਉਨ੍ਹਾਂ ਦੀ ਕਵਿਤਾ ਇਨਕਲਾਬੀ ਰੰਗ ਨਾਲ ਭਰ ਗਈ । ਉਨ੍ਹਾਂ ਨੇ 'ਤੀਰ ਤਰੰਗ' (1926) ਵਿਚ ਦੇਸ਼ ਭਗਤੀ ਦੀਆਂ ਇਨਕਲਾਬੀ ਕਵਿਤਾਵਾਂ ਛਾਪੀਆਂ, ਜਿਸ ਨੇ ਲੋਕਾਂ ਦੀ ਸੁੱਤੀ ਅਣਖ ਨੂੰ ਜਗਾਇਆ ਤੇ ਭਰਪੂਰ ਹਲੂਣਾ ਦਿੱਤਾ । ਇਸ ਕਿਤਾਬ ਨੂੰ ਸਮੇਂ ਦੀ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਿਆ ਤੇ 'ਤੀਰ ਜੀ' ਨੂੰ ਤਿੰਨ ਸਾਲ ਦੀ ਜੇਲ੍ਹ ਅਤੇ 1000 ਰੁਪਏ ਜੁਰਮਾਨਾ ਕੀਤਾ ਗਿਆ । ਅਪੀਲ ਕਰਨ ਉਪਰੰਤ ਉਹਨਾਂ ਨੂੰ ਸਾਲ ਮਗਰੋਂ ਕੈਦ ਦੀ ਰਿਹਾਈ ਦੇ ਹੁਕਮ ਹੋ ਗਏ । ਜੇਲ੍ਹ ਦੇ ਇਕ ਸਾਲ ਦੇ ਸਮੇਂ ਵਿਚ ਉਨ੍ਹਾਂ ਨੂੰ ਤਿੰਨ ਜੇਲ੍ਹਾਂ ਵਿਚ ਤਬਦੀਲ ਕੀਤਾ ਗਿਆ । ਪਹਿਲਾਂ ਕੈਮਲਪੁਰ, ਮੀਆਂਵਾਲੀ ਤੇ ਤੀਜੇ ਆਪ ਨੂੰ ਸਿਆਲਕੋਟ ਦੀ ਜੇਲ ਵਿਚ ਭੇਜਿਆ ਗਿਆ । ਜੇਲ੍ਹ ਦੀ ਕੈਦ ਕਟਦੇ ਹੋਏ ਉਨ੍ਹਾਂ ਨੇ ਹਿੰਦੀ ਤੇ ਉਰਦੂ ਸਾਹਿਤ ਦਾ ਚੰਗਾ ਅਧਿਐਨ ਕੀਤਾ । ਇਸ ਤਰ੍ਹਾਂ 'ਤੀਰ' ਨੇ ਦੇਸ਼ ਦੀ ਅਜ਼ਾਦੀ ਦੇ ਘੋਲ ਵਿਚ ਸਿੱਧੇ ਤੌਰ

ਤੇ ਹਿੱਸਾ ਲਿਆ। ਲੋਕਾਂ ਦੇ ਦੁਖਾਂ ਤੇ ਤਕਲੀਫਾਂ ਨੂੰ ਦੇਖਿਆ, ਅਨੁਭਵ ਕੀਤਾ ਤੇ ਕਵਿਤਾ ਦੇ ਬੋਲਾਂ ਵਿਚ ਸਟੇਜਾਂ ਉਤੇ ਜਾ ਕੇ ਜਨਤਾ ਦੇ ਸਾਹਮਣੇ ਪੇਸ਼ ਕੀਤਾ। 'ਤੀਰ ਜੀ' ਸਟੇਜਾਂ ਉਤੇ ਨਿਰੀਆਂ ਕਵਿਤਾਵਾਂ ਹੀ ਨਹੀਂ ਸਨ ਪੜ੍ਹਦੇ ਸਗੋਂ ਲੈਕਚਰ ਵੀ ਕਰਦੇ ਸਨ ਜੋ ਲੋਕਾਂ ਦੇ ਦਿਲਾਂ ਨੂੰ ਟੁੰਬਦੇ ਸਨ ਅਤੇ ਉਹ ਆਜ਼ਾਦੀ ਦੀ ਪ੍ਰਾਪਤੀ ਲਈ ਪਰੇਰੇ ਜਾਂਦੇ ਸਨ। 'ਤੀਰ ਜੀ' ਦੀ ਖੂਬੀ ਇਹ ਹੈ ਕਿ ਉਨ੍ਹਾਂ ਨੇ ਕਦੇ ਵੀ ਫਿਰਕਾ ਪ੍ਰਸਤੀ ਨੂੰ ਪ੍ਰਵਾਨ ਨਹੀਂ ਸੀ ਕੀਤਾ ਅਤੇ ਨਾ ਹੀ ਉਹ ਕਿਸੇ ਪਾਰਟੀ ਦੇ ਮੈਂਬਰ ਬਣ ਕੇ ਆਜ਼ਾਦੀ ਦੇ ਘੋਲ ਵਿਚ ਹੀ ਉਤਰੇ ਸਨ। ਉਨ੍ਹਾਂ ਨੇ ਇਨਸਾਨੀ ਤੌਰ ਉਤੇ ਆਜ਼ਾਦੀ ਦੇ ਮਹੱਤਵ ਨੂੰ ਸਮਝਿਆ ਅਤੇ ਲੋਕਾਂ ਨੂੰ ਸਹੀ ਅਗਵਾਈ ਦਿੱਤੀ। ਇਸੇ ਲਈ ਉਨ੍ਹਾਂ ਦਾ ਸਾਹਿਤ ਵੀ ਲੋਕਾਂ ਲਈ ਹੈ। ਉਹ ਮਨੁੱਖਤਾ ਦੇ ਹਾਮੀ ਸਨ। ਉਹ ਸਗੋਂ ਇਹ ਮੰਨਦੇ ਸਨ ਕਿ ਕਿਸੇ ਖਾਸ ਪਾਰਟੀ ਦਾ ਮੈਂਬਰ ਬਣਨ ਨਾਲ ਮਨੁੱਖ ਅਜ਼ਾਦੀ ਨਾਲ ਨਹੀਂ ਰਹਿ ਸਕਦਾ। ਆਪ ਦੀਆਂ ਲਗਭਗ ਸਾਰੀਆਂ ਰਚਨਾਵਾਂ ਵਿਚ ਆਪ ਦਾ ਇਹ ਮਨੁੱਖਤਾਵਾਦੀ ਦ੍ਰਿਸ਼ਟੀਕੋਣ ਕੰਮ ਕਰਦਾ ਦਿਖਾਈ ਦੇਂਦਾ ਹੈ। ਉਹ ਪਿਆਰ ਤੇ ਸਾਂਝੀਵਾਲਤਾ ਦੇ ਚਾਹਵਾਨ ਸਨ ਅਤੇ ਹਮੇਸ਼ਾਂ ਕੋਈ ਚੰਗਾ ਕੰਮ ਕਰਨ ਨੂੰ ਪਹਿਲ ਦੇਂਦੇ ਸਨ। ਜੀਵਨ ਤੇ ਸਮਾਜ ਵਿਚ ਲੋਕਾਂ ਦੀ ਅਗਵਾਈ ਕਰਨ ਦੇ ਨਾਲ ਨਾਲ ਉਹ ਅਜੇਹੇ ਯੁੱਗ ਪਲਟੇ ਦੀ ਉਡੀਕ ਵਿਚ ਵੀ ਸਨ ਜੋ ਇਕ ਸਾਂਝੀਵਾਲ ਸਮਾਜ ਤੇ ਪਿਆਰ ਦੀ ਦੁਨੀਆਂ ਨੂੰ ਵਸਾਉਣ ਵਿਚ ਸਹਾਈ ਹੋਏ। ਇਹ ਉਨ੍ਹਾਂ ਦੀ ਤੀਬਰ ਕਾਮਨਾ ਸੀ :

ਮਿਟੇਗੀ ਪੁਰਾਣੇ ਖਿਆਲਾਂ ਦੀ ਦੁਨੀਆਂ
ਇਹ ਪੱਜਾਂ ਦੀ ਦੁਨੀਆਂ, ਪਲਾਲਾਂ ਦੀ ਦੁਨੀਆਂ।
ਵੱਸੇਗੀ ਨਵੀਂ ਹੀ ਕਮਾਲਾਂ ਦੀ ਦੁਨੀਆਂ,
ਪਿਆਰਾ ਅਤੇ ਸਾਂਝੀਵਾਲਾਂ ਦੀ ਦੁਨੀਆਂ।
ਹਾਂ ਪੂੰਜੀਪਤਾਂ ਨੂੰ ਇਹ ਡਰ ਖਾ ਰਿਹਾ ਏ,
ਕਿ ਬਦਲੀ ਦਾ ਵੇਲਾ ਇਧਰ ਆ ਰਿਹਾ ਏ।[3]

ਇਸ ਤਰ੍ਹਾਂ ਤੀਰ ਜੀ ਦਾ ਜੀਵਨ ਧਾਰਮਿਕ ਰੰਗ ਵਾਲਾ ਅਤੇ ਲੋਕ ਭਲਾਈ ਦੀ ਭਾਵਨਾ ਲਈ ਕੰਮ ਕਰਨ ਵਾਲਾ ਜੀਵਨ ਸੀ। ਵੱਡੀ ਗੱਲ ਇਹ ਕਿ ਭਾਵੇਂ ਉਹਨਾਂ ਨੇ ਕਿਸੇ ਸਕੂਲ ਕਾਲਜ ਤੋਂ ਵਿਦਿਆ ਹਾਸਲ ਨਹੀਂ ਸੀ ਕੀਤੀ ਅਤੇ ਕੇਵਲ ਪੰਜ ਕਲਾਸਾਂ ਹੀ ਪਾਸ ਕੀਤੀਆਂ ਸਨ, ਪਰ ਉਹਨਾਂ ਦੀ ਸਾਹਿਤਕ ਲਗਨ ਤੇ ਸੂਝਵਾਨ ਬਿਰਤੀ ਬਹੁਤ ਨਰੋਈ ਸੀ। ਇਸੇ ਲਈ ਉਨ੍ਹਾਂ ਨੇ ਆਪਣੀ ਕਾਬਲੀਅਤ ਦੇ ਆਧਾਰ ਤੇ ਆਪਣਾ ਅਧਿਐਨ ਜਾਰੀ ਰਖਿਆ ਅਤੇ ਚੋਟੀ ਦੇ ਲੇਖਕਾਂ ਤੇ ਪੈਗੰਬਰਾਂ ਦਾ ਪ੍ਰਭਾਵ ਕਬੂਲ ਕੀਤਾ। ਉਨ੍ਹਾਂ ਮਾਰਕਸ, ਲੈਨਿਨ, ਅਤੇ ਸਟਾਲਿਨ ਆਦਿ ਦੇ ਵਿਚਾਰਾਂ ਦਾ ਮੁਤਾਲਿਆ ਵੀ ਕੀਤਾ ਕਿਉਂਕਿ ਉਸ ਸਮੇਂ ਕਾਰਲ ਮਾਰਕਸ ਦੇ ਵਿਚਾਰਾਂ ਦੀ ਫਿਲਾਸਫੀ ਦਾ ਸਭ ਪਾਸੇ ਬਹੁਤ ਪ੍ਰਭਾਵ ਸੀ। ਤੀਰ ਉਪਰ 1930 ਤੋਂ ਸ਼ੁਰੂ ਹੋਈ ਕਿਸਾਨ ਲਹਿਰ ਦਾ ਕਾਫੀ ਪ੍ਰਭਾਵ ਪਿਆ ਸੀ। ਤੀਰ ਨੂੰ ਇਹ ਯਕੀਨ ਸੀ ਕਿ ਸਾਮਰਾਜੀ ਤੇ ਸਰਮਾਏਦਾਰੀ, ਗੁਲਾਮੀ ਤੇ ਲੁੱਟ ਘਸੁੱਟ, ਜੰਗਾਂ, ਕਾਲ ਤੇ ਬਿਮਾਰੀਆਂ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ ਤੇ ਜਨਤਾ ਲਈ ਸਾਂਝੀਵਾਲਤਾ ਵਾਲਾ

ਸਮਾਜ ਉਸਾਰਿਆ ਜਾਣਾ ਚਾਹੀਦਾ ਹੈ। ਪਰ ਤੀਰ ਇਕ ਪੂਰਨ ਆਸਤਕ ਪੁਰਸ਼ ਸੀ। ਇਸੇ ਲਈ ਉਨ੍ਹਾਂ ਦਾ ਅਨੁਭਵ ਮਨੁੱਖਤਾ ਤੇ ਉਨ੍ਹਾਂ ਹਮਦਰਦਾਂ ਨਾਲ ਜੁੜਦਾ ਹੈ ਜੋ ਅਧਿਆਤਮਵਾਦੀ ਰੰਗ ਵਿਚ ਰੰਗੇ ਹੋਏ ਸਨ। ਇਨ੍ਹਾਂ ਵਿਚ ਉਹ ਆਪਣਾ ਇਸ਼ਟ ਸਿੱਖ ਗੁਰੂਆਂ ਨੂੰ ਹੀ ਮੰਨਦਾ ਸੀ।

> ਮੈਂ ਆਸਤਕ ਮਨੁੱਖਾਂ ਦੀ ਸ਼ਰੇਣੀ ਵਿਚੋਂ ਹਾਂ ਅਤੇ ਸੰਸਾਰ ਦੀ ਰਚਨਹਾਰ ਕਿਸੇ ਅਦਿਖ ਸ਼ਕਤੀ ਨੂੰ ਅਨਭਵਦਾ ਤੇ ਮੰਨਦਾ ਹਾਂ। ਇਸੇ ਵਾਸਤੇ ਕੁਦਰਤੀ ਸੀ ਕਿ ਮੇਰੇ ਦਿਲ ਵਿਚ ਉਹਨਾਂ ਮਹਾਂ ਪੁਰਸ਼ਾਂ ਦਾ ਵਧੇਰੇ ਸਤਿਕਾਰ ਹੁੰਦਾ ਜੋ ਆਸਤਕਤਾ ਦਾ ਸੰਦੇਸ਼ ਦੇਣ ਵਾਲੇ ਸਨ। ਈਸਾ, ਮੁਹੰਮਦ ਤੇ ਨਾਨਕ ਦੇ ਦਸ ਰੂਪ ਇਸੇ ਆਸਤਕਤਾ ਦੇ ਧਾਰਨੀ ਸਨ। ਇਸੇ ਕਰਕੇ ਮੇਰੀ ਸ਼ਰਧਾ ਦੇ ਪਾਤਰ ਇਹ ਵਧੇਰੇ ਹਨ। ਮੈਂ ਮਾਰਕਸ, ਲੈਨਿਨ ਅਤੇ ਸਟਾਲਿਨ ਵਰਗੇ ਨਾਸਤਕ ਮਹਾ ਪੁਰਸ਼ਾਂ ਦਾ ਵੀ ਸਤਿਕਾਰ ਇਸ ਵਾਸਤੇ ਕਰਦਾ ਹਾਂ ਕਿ ਉਹ ਵੀ ਮੇਰੇ ਆਸਤਕ-ਸਤਿਗੁਰਾਂ ਵਾਂਗ ਮਜ਼ਲੂਮ ਮਨੁਖਤਾ ਦੇ ਹਮਦਰਦ ਸਨ। ਪਰ ਮੇਰਾ ਸਿਰ ਕੇਵਲ ਸਤਿਗੁਰਾਂ ਅੱਗੇ ਹੀ ਝੁਕਦਾ ਹੈ। ਆਪਣਾ ਇਸ਼ਟ ਮੈਂ ਸਤਿਗੁਰਾਂ ਨੂੰ ਹੀ ਮੰਨਦਾ ਹਾਂ।[4]

ਇਸ ਤਰ੍ਹਾਂ ਉਪਰੋਕਤ ਆਧਾਰ ਤੇ ਤੀਰ ਜੀ ਦੇ ਜੀਵਨ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਗਰੀਬਾਂ ਤੇ ਮੇਹਨਤੀ ਲੋਕਾਂ ਦਾ ਹਮਦਰਦ ਸੀ, ਸਮਾਜ ਵਿਚ ਉਨ੍ਹਾਂ ਨਾਲ ਹੁੰਦੀ ਬੇ-ਇਨਸਾਫੀ ਤੋਂ ਵਾਕਿਫ ਸੀ, ਪਰ ਇਸ ਗੱਲ ਦੀ ਚੇਤਨਾ ਉਸ ਨੂੰ ਸਤਿਗੁਰਾਂ ਦਾ ਸਿੱਖ ਹੋਣ ਦੇ ਨਾਤੇ ਸੀ।

> ਮੇਰੀ ਤੁੱਕ ਬੰਦੀ (ਕਵਿਤਾ ਦਾ ਇਹ ਸੰਗ੍ਰਹਿ) ਨਵੇਂ ਨਿਸ਼ਾਨੇ ਇਸ ਸਤਿਕਾਰ ਅਤੇ ਸ਼ਰਧਾ ਦਾ ਪ੍ਰਤੱਖ ਸਬੂਤ ਹੈ। ਮੈਂ ਮਿਹਨਤੀ ਮਨੁੱਖ (ਮਜ਼ਦੂਰ ਕਿਸਾਨ) ਦਾ ਇਸ ਲਈ ਹਮਦਰਦ ਹਾਂ ਕਿ ਉਹ ਜਾਨ ਮਾਰਦਾ ਹੈ, ਲਹੂ ਪਾਣੀ ਇਕ ਕਰਦਾ ਹੈ, ਪਰ ਉਸ ਨਾਲ ਬੇਇਨਸਾਫੀ ਹੁੰਦੀ ਹੈ, ਉਸ ਦੀ ਕਮਾਈ ਜ਼ੋਰਾਵਰ ਅਤੇ ਚਲਾਕ ਮਨੁੱਖ ਲੁੱਟਦਾ ਹੈ। ਇਹ ਨਾ ਮੇਰੇ ਸਤਿਗੁਰਾਂ ਨੂੰ ਪਸੰਦ ਸੀ, ਨਾ ਮੈਨੂੰ ਪਸੰਦ ਹੈ। ਤਦੇ ਮੇਰੀਆਂ ਰਚਨਾਵਾਂ ਵਿਚ ਇਹ ਦੋਵੇਂ ਰੰਗ ਵਰਤਮਾਨ ਹਨ।[5]

ਪੰਜਾਬੀ ਕਵਿਤਾ ਦੇ ਪਿੜ ਵਿਚ ਤੀਰ ਦੀ ਸ਼ਖਸੀਅਤ ਇਕ ਉਸਤਾਦ ਕਵੀ ਵਾਲੀ ਵੀ ਰਹੀ ਹੈ। ਉਸ ਦੀ ਕਵਿਤਾ ਨੂੰ ਵਡੀ ਗਿਣਤੀ ਵਿਚ ਕਵੀਆਂ ਨੇ ਅਪਣਾਇਆ ਅਤੇ ਸੇਧ ਹਾਸਲ ਕੀਤੀ। ਤੀਰ ਨੇ ਪੰਜਾਬੀ ਦੇ ਬੇਸ਼ੁਮਾਰ ਕਵੀਆਂ ਨੂੰ ਕਵਿਤਾ ਲਿਖਣ ਦੀ ਸਿਖਲਾਈ ਵੀ ਦਿਤੀ ਅਤੇ ਸਟੇਜ ਉਤੇ ਕਵਿਤਾ ਬੋਲਣ ਦਾ ਢੰਗ ਵੀ ਸਿਖਾਇਆ। 'ਦਸ਼ਮੇਸ਼ ਦਰਸ਼ਨ' ਰਚਨਾ ਦੇ ਅਖੀਰ ਉਤੇ ਜੋ ਕਵੀ ਕੁਲ-ਪਤਰੀ ਦਿੱਤੀ ਗਈ ਹੈ ਉਸ ਵਿਚ ਉਨ੍ਹਾਂ ਕਵੀਆਂ ਦੀ ਸੂਚੀ ਦਰਜ ਹੈ ਜਿਨ੍ਹਾਂ ਨੇ ਤੀਰ ਪਾਸੋਂ ਸਿਖਿਆ ਹਾਸਲ ਕੀਤੀ ਜਾਂ ਜੋ ਤੀਰ ਦੇ ਸ਼ਾਗਿਰਦ ਬਣੇ ਰਹੇ। ਇਨ੍ਹਾਂ ਵਿਚ ਤੇਜਾ ਸਿੰਘ ਸਾਬਰ, ਹਰਸਾ ਸਿੰਘ ਚਾਤਰ, ਗੁਰਦੇਵ ਸਿੰਘ ਮਾਨ, ਕਸ਼ਮੀਰਾ ਸਿੰਘ ਪਾਰਸ, ਉਤਮ ਸਿੰਘ ਤੇਜ, ਬਲਦੇਵ ਸਿੰਘ ਦਿਲਸ਼ਾਦ, ਲਾਭ ਸਿੰਘ ਜੋਬਨ, ਗੁਰਦਿਤ ਸਿੰਘ ਕੁੰਦਨ, ਗੁਰਬਚਨ ਸਿੰਘ ਮਾਹੀਆ, ਉਜਾਗਰ ਸਿੰਘ ਉਲਫਤ, ਹਰਨਾਮ ਸਿੰਘ ਬੇਦਿਲ ਅਤੇ ਸੰਤੋਖ ਸਿੰਘ ਤਰਰ ਦੇ ਨਾਵਾਂ ਦਾ ਵਰਣਨ ਹੈ। 'ਤੀਰ ਜੀ'

ਆਪਣੇ ਸ਼ਾਗਿਰਦਾਂ ਦੀ ਸਹੀ ਅਰਥਾਂ ਵਿਚ ਅਗਵਾਈ ਕਰਦੇ ਰਹੇ ਸਨ ।

"ਤੀਰ ਜੀ" ਦੀ ਇਕ ਹੋਰ ਵਡਿਆਈ ਹੈ ਕਿ 'ਪੰਜਾਬੀ ਫੁਲਵਾੜੀ' ਵਿਚ ਤੇਜਾ ਸਿੰਘ ਸਾਬਰ, ਗੁਰਦਿਤ ਕੁੰਦਨ, ਜਸਵੰਤ ਸਿੰਘ ਸਾਨੀ, ਅਤੇ ਹਰਸਾ ਸਿੰਘ ਚਾਤਰ, ਕਰਤਾ ਲਹੂ ਦੇ ਲੇਖ ਆਪ ਦੇ ਹੀ ਹੱਥਾਂ ਦੇ ਲਾਏ ਹੋਏ ਬੂਟੇ ਹਨ (ਜਗਦੀਆਂ ਜੋਤਾਂ ਸੰਪਾਦਕ ਤੇਜਾ ਸਿੰਘ ਸਾਬਰ) ਗੁਰਦੇਵ ਸਿੰਘ ਮਾਨ ਦੀ ਇਕ ਪੁਸਤਕ 'ਮਾਨ ਸਰੋਵਰ' ਦੀ ਭੂਮਿਕਾ ਲਿਖਦਿਆਂ 'ਤੀਰ' ਨੇ ਆਪ ਲਿਖਿਆ ਹੈ, 'ਮੈਨੂੰ ਖੁਸ਼ੀ ਹੈ ਕਿ ਮੇਰੇ ਹਥੋਂ ਅਜ ਪੰਜਾਬੀ ਫੁਲਵਾੜੀ ਵਿਚ ਸਾਬਰ, ਕੁੰਦਨ, ਚਾਤ੍ਰ, ਮਾਹੀਆ, ਬੇਦਿਲ ਨਾਲ ਇਕ ਹੋਰ ਬੂਟਾ ਲਾਇਆ ਗਿਆ ਹੈ, ਜਿਸ ਦਾ ਨਾਮ ਹੈ 'ਮਾਨ' ਸੋ ਇਹ ਸਾਰੇ ਰਲ ਕੇ 'ਤੀਰ ਦਾ ਸਕੂਲ' ਹੈ, ਜਿਸ ਵਿਚ ਹੋਰ ਅਨੇਕਾਂ ਆ ਸੰਮਿਲਿਤ ਹੋਏ। ਆਪ 4 ਜਨਵਰੀ 1973 ਨੂੰ ਅਕਾਲ ਚਲਾਣਾ ਕਰ ਗਏ ।[6]

ਇਸ ਤਰ੍ਹਾਂ ਤੀਰ ਜੀ ਦਾ ਜੀਵਨ ਅਤੇ ਰਚਨਾ ਵਿਚ ਲੋਕ ਹਿੱਤ ਅਤੇ ਲੋਕ ਛੋਹ ਦਾ ਵਡਮੁੱਲਾ ਪ੍ਰਭਾਵ ਦਿਖਾਈ ਦੇਂਦਾ ਹੈ । ਉਨ੍ਹਾਂ ਦਾ ਜੀਵਨ ਲੋਕਾਂ ਲਈ ਸੀ ਅਤੇ ਸਾਹਿਤ ਰਚਨਾ ਵੀ ਮਾਨਵ ਦੇ ਕਲਿਆਣ ਹਿਤ ਸੀ । ਉਹ ਲੋਕਾਂ ਦਾ ਦੁੱਖ ਸੁੱਖ ਅਨੁਭਵ ਕਰਦੇ ਰਹੇ ਤੇ ਉਨ੍ਹਾਂ ਲਈ ਲਿਖਦੇ ਰਹੇ । ਇਸ ਦ੍ਰਿਸ਼ਟੀ ਤੋਂ ਇਕ ਗੱਲ ਬੜੀ ਮਹੱਤਵਪੂਰਨ ਹੈ ਕਿ ਉਹ ਲੋਕਾਂ ਵਿਚ ਬੜੇ ਹਰਮਨ ਪਿਆਰੇ ਸਨ । ਇਸੇ ਲਈ ਅਸੀਂ ਦੇਖਦੇ ਹਾਂ ਕਿ ਉਨ੍ਹਾਂ ਦੀਆਂ ਰਚਨਾਵਾਂ ਦੀਆਂ ਕਿੰਨੀਆਂ ਕਿੰਨੀਆਂ ਐਡੀਸ਼ਨਾਂ ਥੋੜ੍ਹੇ ਸਮੇਂ ਦੇ ਵਕਫੇ ਵਿਚ ਛਪਦੀਆਂ ਰਹੀਆਂ ।

ਰਚਨਾ :

ਤੀਰ ਜੀ ਨੇ ਛੋਟੀ ਉਮਰ ਵਿਚ ਹੀ ਕਾਵਿ ਰਚਨਾ ਸ਼ੁਰੂ ਕਰ ਦਿੱਤੀ ਸੀ । ਉਨ੍ਹਾਂ ਨੇ ਪਹਿਲੀ ਕਵਿਤਾ 1914 ਈ. ਵਿਚ ਲਿਖੀ ਸੀ :

"ਕੱਕਾ ਕੰਘਾ, ਕੱਕਾ ਕੜਾ, ਕੱਕਾ ਹੈ ਕ੍ਰਿਪਾਨ ਭਾਈ,
ਕੱਕਾ ਹੈ ਕਛਹਿਰਾ, ਨਾਲੇ ਕੇਸ ਕੱਕਾ ਮਾਨੀਏ ।"[6]

ਵਿਧਾਤਾ ਸਿੰਘ ਤੀਰ ਪੰਜਾਬੀ ਸਟੇਜ ਤੇ ਕਵੀ ਦਰਬਾਰਾਂ ਦਾ ਹਰਮਨ ਪਿਆਰਾ ਕਵੀ ਸੀ । ਇਸ ਲਈ ਉਸ ਦੀ ਸਾਰੀ ਕਾਵਿ-ਰਚਨਾ ਉਪਰ ਸਟੇਜੀ ਰੰਗ ਤੇ ਕਵੀ ਦਰਬਾਰਾਂ ਦੀ ਛਾਪ ਦਿਖਾਈ ਦੇਂਦੀ ਹੈ । ਉਹ ਅਗਾਂਹ-ਵਧੂ, ਦਲੇਰ ਤੇ ਬੇ-ਝਿਜਕ ਹੋ ਕੇ ਸੱਚ ਨੂੰ ਪ੍ਰਗਟਾਉਣ ਵਾਲਾ ਕਵੀ ਸੀ ।

ਵਿਧਾਤਾ ਸਿੰਘ ਤੀਰ ਦੀਆਂ ਕਾਵਿ-ਰਚਨਾਵਾਂ ਦਾ ਵੇਰਵਾ ਹੇਠ-ਲਿਖੇ ਅਨੁਸਾਰ ਹੈ :

1. ਧਰੂਅ ਭਗਤ

ਤੀਰ ਨੇ 1915 ਈ. ਵਿਚ 'ਧਰੂਅ ਭਗਤ' ਕਾਵਿ ਰਚਨਾ ਲਿਖੀ । ਪਰ ਇਹ 1931 ਈ. ਵਿਚ ਛਪੀ। ਇਹ ਰਚਨਾ 'ਪ੍ਰਸੰਗ ਧਰੂਅ ਭਗਤ' ਹੈ, ਜਿਸ ਵਿਚ ਧਰੂਅ ਭਗਤ ਦੀ ਕਹਾਣੀ ਨੂੰ ਅੱਠ ਖੰਡਾਂ ਵਿਚ ਬੈਂਤ, ਦਵੱਈਆ, ਦੋਹਿਰਾ, ਕਬਿਤ, ਚਿਤਰਕਲਾ, ਨਿਸ਼ਾਨੀ ਅਤੇ ਛਪੇ ਆਦਿ ਛੰਦਾਂ ਵਿਚ ਬਿਆਨ ਕੀਤਾ ਗਿਆ ਹੈ । ਧਰੂਅ ਭਗਤ ਦੀ

ਦੂਜੀ ਐਡੀਸ਼ਨ ਮਾਰਚ 1963 ਵਿਚ ਪ੍ਰਕਾਸ਼ਿਤ ਹੋਈ। ਇਸ ਰਚਨਾ ਬਾਰੇ ਧਨੀਰਾਮ ਚਾਤ੍ਰਿਕ ਅਤੇ ਪ੍ਰਿੰ: ਤੇਜਾ ਸਿੰਘ ਦੇ ਵਿਚਾਰ ਹੇਠ ਲਿਖੇ ਅਨੁਸਾਰ ਹਨ :

ਪ੍ਰਸਿੱਧ ਕਵੀ ਵਿਧਾਤਾ ਸਿੰਘ ਜੀ ਤੀਰ ਨੇ 'ਨਲ ਦਮਯੰਤੀ' ਅਤੇ 'ਰੂਪ ਰਾਣੀ ਸ਼ਕੁੰਤਲਾ' ਦੇ ਪ੍ਰਸੰਗਾਂ ਵਾਂਗ 'ਧਰੂਅ ਭਗਤ' ਦਾ ਪ੍ਰਸੰਗ ਵੀ ਰਸ ਭਰੀ ਪੰਜਾਬੀ ਕਵਿਤਾ ਵਿਚ ਲਿਖ ਕੇ ਕਮਾਲ ਕੀਤਾ ਹੈ (ਪ੍ਰਿੰ ਤੇਜਾ ਸਿੰਘ 10.2.1950)।[7]

'ਤੀਰ ਜੀ' ਦਾ ਰਚਿਤ ਧਰੂਅ ਭਗਤ ਪੜ੍ਹ ਕੇ ਮੈਨੂੰ ਬੇਹੱਦ ਪ੍ਰਸੰਨਤਾ ਹੋਈ ਹੈ। ਇਸ ਦੀ ਕਵਿਤਾ ਵਲਵਲੇ ਭਰੀ ਰਸ ਭਰੀ ਅਤੇ ਬੋਲੀ ਸਰਲ ਸਾਦੀ ਮੁਹਾਵਰੇਦਾਰ ਹੈ। ਕਾਵਿ ਕਲਾ ਦੇ ਕਮਾਲ ਥਾਂ ਥਾਂ ਵਿਖਾਏ ਹਨ।[8] (ਧਨੀ ਰਾਮ ਚਾਤ੍ਰਿਕ 2.11.47)

2. **ਤੀਰ ਤਰੰਗ**

ਪ੍ਰਕਾਸ਼ਨ ਸਾਲ ਦੇ ਲਿਹਾਜ ਨਾਲ ਇਹ ਵਿਧਾਤਾ ਸਿੰਘ ਤੀਰ ਦੀ ਪਹਿਲੀ ਰਚਨਾ ਹੈ। ਇਹ ਰਚਨਾ 1926 ਈ. ਵਿਚ ਪ੍ਰਕਾਸ਼ਿਤ ਹੋਈ ਜਿਸ ਵਿਚ ਦੇਸ਼ ਭਗਤੀ ਦੀਆਂ ਇਨਕਲਾਬੀ ਕਵਿਤਾਵਾਂ ਦਾ ਸੰਗ੍ਰਹਿ ਸੀ। ਇਸ ਨੂੰ ਸਮੇਂ ਦੀ ਅੰਗਰੇਜ਼ ਸਰਕਾਰ ਵਲੋਂ ਜ਼ਬਤ ਕਰ ਲਿਆ ਗਿਆ ਅਤੇ ਤੀਰ ਜੀ ਨੂੰ ਤਿੰਨ ਸਾਲ ਦੀ ਕੈਦ ਅਤੇ 1000 ਰੁਪਏ ਜੁਰਮਾਨਾ ਕੀਤਾ ਗਿਆ। ਇਸ ਸੰਗ੍ਰਹਿ ਵਿਚ ਕਵੀ ਨੇ ਨਿਝੱਕ ਹੋ ਕੇ ਅੰਗਰੇਜ਼ਾਂ ਨੂੰ ਭੰਡਿਆ ਹੈ ਤੇ ਉਨ੍ਹਾਂ ਦੀ ਸਹਾਇਤਾ ਕਰਨ ਵਾਲਿਆਂ ਨੂੰ ਟਕੋਰਾਂ ਲਾਈਆਂ ਹਨ :

ਮਿਲਿਆ ਉਨ੍ਹਾਂ ਤੋਂ ਕੀ ਇਨਾਮ ਤੈਨੂੰ
ਦਿਤਾ ਕੀ ਹੈ ਗੋਰੀਆਂ ਯਾਰੀਆਂ ਨੇ[9]

3. **ਅਣਿਆਲੇ ਤੀਰ**

ਇਹ ਰਚਨਾ 1930 ਵਿਚ ਪ੍ਰਕਾਸ਼ਿਤ ਹੋਈ। ਇਸ ਸੰਗ੍ਰਹਿ ਵਿਚ ਆਪਨੇ ਧਾਰਮਿਕ, ਇਤਿਹਾਸਕ ਤੇ ਸਮਾਜਕ ਵਿਸ਼ਿਆਂ ਉਪਰ ਕਵਿਤਾਵਾਂ ਦੀ ਰਚਨਾ ਕੀਤੀ। ਦੇਸ਼ ਦੇ ਗਰੀਬ ਮਜ਼ਦੂਰਾਂ ਦੀ ਦਸ਼ਾ ਦੇਖ ਕੇ ਤੇ ਬਾਲ ਵਿਧਵਾਵਾਂ ਦੇ ਕੀਰਨੇ ਸੁਣ ਕੇ ਉਨ੍ਹਾਂ ਨੂੰ ਇਹ ਪੁਸਤਕ ਰਚਣ ਦੀ ਪ੍ਰੇਰਣਾ ਮਿਲੀ ਸੀ।

4. **ਮਿਠੇ ਮੇਵੇ**

1934-35 ਵਿਚ ਆਪ ਨੇ ਬੱਚਿਆਂ ਲਈ ਤਿੰਨ ਛੋਟੀਆਂ ਛੋਟੀਆਂ ਕਿਤਾਬਾਂ ਲਿਖੀਆਂ : ਮਿਠੇ ਮੇਵੇ, ਸ਼ਕਰ ਪਾਰੇ ਤੇ ਖੰਡ ਖਿਡੌਣੇ। ਜਿਨ੍ਹਾਂ ਨੂੰ ਮਗਰੋਂ ਇਕਠਿਆਂ ਕਰਕੇ 'ਮਿਠੇ ਮੇਵੇ' ਨਾਂ ਥਲੇ ਛਪਵਾਇਆ।

5. **ਬਚਨ ਬਿਲਾਸ**

ਇਹ ਰਚਨਾ 1935-36 ਵਿਚ ਪ੍ਰਕਾਸ਼ਿਤ ਹੋਈ।

6. **ਨਲ ਦਮਯੰਤੀ**

ਨਲ ਦਮਯੰਤੀ ਦਾ ਕਿੱਸਾ ਆਪ ਨੇ 1937 ਈ. ਵਿਚ ਲਿਖਿਆ ਜਿਸਦਾ ਪੰਜਾਬੀ ਕਿੱਸਾ ਸਾਹਿਤ ਵਿਚ ਮਹੱਤਵ ਪੂਰਨ ਸਥਾਨ ਹੈ। ਤੀਰ ਜੀ ਨੇ ਹੀਰ ਦਾ ਕਿੱਸਾ ਲਿਖਣ ਕਰਕੇ ਵਾਰਿਸ ਨੂੰ ਮਿਲੀ ਪ੍ਰਸਿਧੀ ਨੂੰ ਧਿਆਨ ਵਿਚ ਰਖਦੇ ਹੋਏ ਇਸ ਕਿੱਸੇ ਦੀ ਰਚਨਾ ਕੀਤੀ। ਦੂਜਾ ਉਨ੍ਹਾਂ ਨੇ ਚਾਤ੍ਰਿਕ ਕਿੱਸਾ ਨਲ ਦਮਯੰਤੀ ਨੂੰ ਸਰਲ ਤੇ ਠੇਠ ਪੰਜਾਬੀ ਰੂਪ

ਦੇਣ ਲਈ ਇਸ ਕਿੱਸੇ ਦੀ ਰਚਨਾ ਕੀਤੀ।

7. **ਨਵੇਂ ਨਿਸ਼ਾਨੇ**

ਇਹ ਸੰਗ੍ਰਹਿ 1941 ਵਿਚ ਪ੍ਰਕਾਸ਼ਿਤ ਹੋਇਆ ਜੋ ਕਾਫ਼ੀ ਪ੍ਰਸਿਧ ਵੀ ਹੋਇਆ। ਇਸੇ ਲਈ ਇਸ ਦੀਆਂ ਛੇ ਐਡੀਸ਼ਨਾਂ ਛਪੀਆਂ ਸਨ। ਇਸ ਵਿਚ ਕਵੀ ਨੇ ਮਜ਼ਦੂਰ ਕਿਸਾਨਾਂ ਦੀ ਮਿਹਨਤ ਦੇ ਹੱਕ ਵਿਚ ਅਤੇ ਲੁਟਣ ਵਾਲੇ ਚਲਾਕ ਮਨੁੱਖਾਂ ਦਾ ਵਿਰੋਧ ਕੀਤਾ ਹੈ। ਇਸ ਦੀਆਂ ਧਾਰਮਿਕ ਤੇ ਇਤਿਹਾਸਕ ਕਵਿਤਾਵਾਂ, ਧਰਮ ਅਤੇ ਰਾਜਨੀਤਿਕ ਬਾਰੇ ਦ੍ਰਿਸ਼ਟੀ-ਕੋਣ ਮਨੁਖਤਾ ਦੇ ਭਲੇ ਲਈ ਹਨ। ਇਸ ਸੰਗ੍ਰਹਿ ਦੀਆਂ ਉਸ ਦੀਆਂ ਕਵਿਤਾਵਾਂ ਧਰਮ ਸੰਬੰਧੀ ਸੁਧਾਰ ਤੇ ਮਨੁਖੀ ਜੀਵਨ ਦੀ ਪ੍ਰਗਤੀ ਨਾਲ ਸੰਬੰਧਤ ਹਨ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਨਾਲ ਉਹ ਪੰਜਾਬੀ ਪਾਠਕਾਂ ਵਿਚ ਪੈਦਾ ਹੋ ਰਹੀ ਜਾਗ੍ਰਤੀ ਨੂੰ ਵਧਾਉਂਦਾ ਹੈ।

8. **ਦਸ਼ਮੇਸ਼ ਦਰਸ਼ਨ**

1941 ਵਿਚ ਹੀ ਆਪ ਨੇ ਇਸ ਕਥਾ-ਕਾਵਿ ਨੂੰ ਪ੍ਰਕਾਸ਼ਿਤ ਕੀਤਾ ਜਿਸ ਵਿਚ ਚੋਜੀ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਹਰ ਪੱਖ ਉਤੇ ਚਾਨਣਾ ਪਾਇਆ ਗਿਆ ਹੈ। ਇਸ ਕਥਾ-ਕਾਵਿ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਬੀਰ ਰਸ ਭਰਪੂਰ, ਭਗਤੀ ਅਤੇ ਤਿਆਗ ਭਰੇ ਜੀਵਨ ਨੂੰ ਠੇਠ ਪੰਜਾਬੀ ਕਵਿਤਾ ਵਿਚ ਲਿਖਿਆ। ਇਹ ਕਵੀ ਦੀ ਸਭ ਤੋਂ ਲੰਬੀ ਰਚਨਾ ਹੈ ਜੋ 602 ਸਫ਼ਿਆਂ ਵਿਚ ਲਿਖੀ ਗਈ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇਸ਼ ਭਗਤੀ, ਅਨਾਥ ਪਰਵਰੀ, ਅਜ਼ਾਦੀ ਲਈ ਕੁਰਬਾਨੀ ਤੇ ਹੋਰ ਬੇਅੰਤ ਕੌਤਕ ਦਰਜ਼ ਹਨ। ਇਸ ਰਚਨਾ ਦੀ ਆਪਣੀ ਹੀ ਸਾਹਿਤਕ ਤੇ ਇਤਿਹਾਸਕ ਮਹਾਨਤਾ ਹੈ।

9. **ਗੁੰਗੇ ਗੀਤ**

ਇਹ ਕਾਵਿ ਸੰਗ੍ਰਹਿ 1944 ਈ. ਵਿਚ ਪ੍ਰਕਾਸ਼ਿਤ ਹੋਇਆ। ਜਿਸ ਵਿਚ ਵੱਖ ਵੱਖ ਤੋਲਾਂ ਤੇ ਰੰਗਾਂ ਵਾਲੇ ਗੀਤ ਲਿਖੇ ਹੋਏ ਮਿਲਦੇ ਹਨ। ਇਨ੍ਹਾਂ ਗੀਤਾਂ ਵਿਚ ਇਸ਼ਕ ਮਜਾਜੀ, ਇਸ਼ਕ ਹਕੀਕੀ, ਮਾਰਫਤ ਤੇ ਸੂਫ਼ੀ ਰੰਗ ਦੀ ਪ੍ਰਧਾਨਤਾ ਹੈ। ਇਨ੍ਹਾਂ ਗੀਤਾਂ ਦੀ ਸਾਧਾਰਣਤਾ ਤੇ ਸਰਲਤਾ ਤੇ ਖਿਆਲਾਂ ਦਾ ਬੇਰੋਕ ਵਹਾਓ ਪਾਠਕਾਂ ਦੇ ਦਿਲਾਂ ਉਪਰ ਡੂੰਘਾ ਅਸਰ ਪੈਦਾ ਕਰਦਾ ਹੈ।

10. **ਬੰਦਾ ਬਹਾਦਰ**

1946 ਈ: ਵਿਚ ਆਪ ਨੇ ਇਸ ਲੰਬੀ ਕਵਿਤਾ ਦੀ ਰਚਨਾ ਕੀਤੀ। ਕਵੀ ਨੇ ਬਾਬਾ ਬੰਦਾ ਸਿੰਘ ਦੇ ਜੀਵਨ ਬਿਰਤਾਂਤ ਨੂੰ ਪੇਸ਼ ਕਰਦੇ ਹੋਏ ਉਸਦੀ ਜ਼ਿੰਦਗੀ ਦੇ ਮੁੱਢਲੇ ਪੱਖਾਂ ਤਿਆਗ ਤੇ ਕਰਾਮਾਤਾਂ ਰਾਹੀਂ ਪ੍ਰਸਿਧੀ ਦਾ ਵਰਣਨ ਕੀਤਾ ਹੈ। ਫਿਰ ਉਹ ਦਸ਼ਮੇਸ਼ ਜੀ ਦੀ ਚਰਣੀ ਲਗ ਕੇ, ਅਮ੍ਰਿਤਧਾਰੀ ਬਣ ਕੇ ਦੇਸ਼ ਦੇ ਗਦਾਰਾਂ ਤੇ ਜ਼ਾਲਮਾਂ ਨੂੰ ਸੋਧਦਾ ਹੈ। ਬੰਦਾ ਬਹਾਦਰ ਦੇ ਸਾਰੇ ਜੀਵਨ ਬਿਰਤਾਂਤ ਨੂੰ ਕਵੀ ਨੇ ਬੜੀ ਠੇਠ ਪੰਜਾਬੀ ਵਿਚ ਬਿਆਨ ਕੀਤਾ ਹੈ।

11. **ਰੂਪਰਾਣੀ ਸ਼ਕੁੰਤਲਾ**

ਇਸ ਪ੍ਰੀਤ ਕਹਾਣੀ ਨੂੰ 1948 ਈ. ਵਿਚ ਆਪ ਨੇ ਪਹਿਲੀ ਵਾਰ ਪੇਸ਼ ਕੀਤਾ। ਤੀਰ ਜੀ ਤੋਂ ਪਹਿਲਾਂ ਸ਼ਕੁੰਤਲਾ ਦੀ ਪ੍ਰੇਮ ਕਹਾਣੀ ਨੂੰ ਪ੍ਰਸਿਧ ਕਵੀ ਕਾਲੀ ਦਾਸ ਨੇ ਨਾਟਕ

ਦੇ ਰੂਪ ਵਿਚ ਪੇਸ਼ ਕੀਤਾ ਸੀ। ਇਸ ਰਚਨਾ ਬਾਰੇ ਡਾ. ਮੋਹਨ ਸਿੰਘ ਦੀਵਾਨਾ ਦਾ ਕਥਨ ਹੈ :

> ਕਾਲੀਦਾਸ ਨੇ ਸਭ ਕੁਝ ਨਹੀਂ ਨਿਚੋੜ ਲਿਆ। ਸਾਡੇ 'ਤੀਰ' ਨੇ ਪਹਿਲਾਂ ਤੀਰ ਤਾਂ ਮਾਰਿਆ ਹੈ ਰੂਪ ਰਾਣੀ ਨਾਂ ਧਰ ਕੇ ਜਾਂ ਵਿਸ਼ੇਸ਼ਣ ਘਟਾ ਕੇ ਤੇ ਫੇਰ ਇਸ ਪ੍ਰੇਮ ਕਹਾਣੀ ਹੇਠਾਂ ਪ੍ਰੇਮ ਦੇ ਸਨਾਤਨ ਧਰਮ ਦੀਆਂ ਕਿੰਨੀਆਂ ਰਸ-ਹਲ ਸਮਸਿਆਵਾਂ ਖਾਲੀ ਗਿਣਾ ਕੇ, ਗਿਣਾਉਣਾ ਹੀ ਸੁੰਦਰਤਮ, ਗੁਝਤਮ ਗੱਲ ਹੈ, ਆਪਣੀ ਡੂੰਘੀ ਸੂਝ ਦਾ ਪੂਰਨ ਸੰਕੇਤ ਦੇ ਦਿਤਾ ਹੈ।[10]

12. **ਕਾਲ ਕੂਕਾਂ**

ਇਹ ਕਾਵਿ ਸੰਗ੍ਰਹਿ 1949 ਵਿਚ ਪ੍ਰਕਾਸ਼ਿਤ ਹੋਇਆ ਜਿਸ ਵਿਚ ਤੀਰ ਜੀ ਦਾ ਸਪਸ਼ਟ ਝੁਕਾਅ ਸਮਾਜਵਾਦ ਵਲ ਹੋ ਗਿਆ ਸੀ। ਜਿਵੇਂ :

ਮਿਟੇਗੀ ਪੁਰਾਣੇ ਖਿਆਲਾਂ ਦੀ ਦੁਨੀਆਂ,
ਇਹ ਪੱਜਾਂ ਦੀ ਦੁਨੀਆਂ ਪਲਾਲਾਂ ਦੀ ਦੁਨੀਆਂ।
ਵਸੇਗੀ ਨਵੀਂ ਹੀ ਕਮਾਲਾਂ ਦੀ ਦੁਨੀਆਂ,
ਪਿਆਰਾਂ ਅਤੇ ਸਾਂਝੀਵਾਲਾਂ ਦੀ ਦੁਨੀਆਂ।
ਹਾਂ ਪੂੰਜੀਪਤਾਂ ਨੂੰ ਇਹ ਡਰ ਖਾ ਰਿਹਾ ਏ,
ਕਿ ਬਦਲੀ ਦਾ ਵੇਲਾ ਇਧਰ ਆ ਰਿਹਾ ਏ।[11]

13. **ਅਣੀਆਂ**

ਇਹ ਆਪ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ, ਜੋ ਗੁਰਦਿਆਲ ਸਿੰਘ ਫੁੱਲ ਨੇ 1961 ਈ. ਵਿਚ ਸੰਪਾਦਿਤ ਕੀਤਾ।

14. **ਭਿੰਨੀ ਰੈਨੜੀਏ**

ਇਹ ਸੰਗ੍ਰਹਿ ਫਰਵਰੀ 1970 ਵਿਚ ਪ੍ਰਕਾਸ਼ਿਤ ਹੋਇਆ ਇਸ ਵਿਚ ਨਿਰੋਲ ਧਾਰਮਿਕ, ਸਿੱਖ ਗੁਰੂ ਸਾਹਿਬਾਨ, ਸਿਖ ਸ਼ਹੀਦਾਂ, ਸਿੱਖ ਸੂਰਬੀਰਾਂ ਦੇ ਜੀਵਨ ਅਤੇ ਕਾਰਨਾਮਿਆਂ ਨਾਲ ਸੰਬੰਧਿਤ ਕਵਿਤਾਵਾਂ ਹਨ।

15. **ਸਿੱਖੀ ਦਾ ਚਾਨਣ**

ਇਸ ਮਹਾਂ-ਕਾਵਿ ਵਿਚ ਵਿਧਾਤਾ ਸਿੰਘ ਤੀਰ ਨੇ ਨਿੰਰਕਾਰੀ ਲਹਿਰ ਦਾ ਇਤਿਹਾਸ ਬਿਆਨ ਕੀਤਾ ਹੈ। ਇਸ ਰਚਨਾ ਵਿਚ ਨਿਰੰਕਾਰੀ ਲਹਿਰ ਦੇ ਆਗੂਆਂ ਦੇ ਮਨੋਰਥਾਂ ਨੂੰ ਉਘਾੜਿਆ ਗਿਆ ਹੈ, ਜਿਸ ਵਿਚ ਸ਼ਰਧਾ, ਸਿਦਕ ਤੇ ਪ੍ਰੇਮ ਡੁਲ੍ਹ ਡੁਲ੍ਹ ਪੈਂਦਾ ਹੈ। ਇਹ ਰਚਨਾ ਤੀਰ ਜੀ ਦੇ ਅਕਾਲ ਚਲਾਣਾ ਕਰਨ ਦੇ ਮਗਰੋਂ 1980 ਵਿਚ ਪ੍ਰਕਾਸ਼ਿਤ ਹੋਈ।

ਇਸ ਤੋਂ ਇਲਾਵਾ ਤੀਰ ਜੀ ਨੇ ਕਹਾਣੀ ਅਤੇ ਵਾਰਤਕ ਉਤੇ ਵੀ ਹੱਥ ਅਜ਼ਮਾਇਆ ਸੀ। ਆਪ ਜੀ ਦੀ ਪਹਿਲੀ ਕਹਾਣੀ 'ਗੋਰੀ' ਅਤੇ ਦੂਜੀ 'ਕਤੂਰੇ' ਪ੍ਰਕਾਸ਼ਿਤ ਹੋਈ, ਜੋ ਵਿਅੰਗ ਪ੍ਰਧਾਨ ਕਹਾਣੀਆਂ ਸਨ। ਇਸ ਤੋਂ ਇਲਾਵਾ ਉਹਨਾ ਨੇ ਨੂਰਾਂ ਤੇ ਮੁਲਾਕਾਤਾਂ ਕਹਾਣੀਆਂ ਦੀ ਰਚਨਾ ਵੀ ਕੀਤੀ। 'ਤੀਰ' ਨੇ ਪ੍ਰਸਿਧ ਅੰਗਰੇਜ਼ੀ ਨਾਵਲ (Crime and Punishment) ਦੇ ਹਿੰਦੀ ਅਨੁਵਾਦ ਤੋਂ ਪੰਜਾਬੀ ਵਿਚ ਅਨੁਵਾਦ ਕੀਤਾ। ਉਸਨੇ ਦੂਜਾ

ਅਨੁਵਾਦ ਵੀ ਅੰਗਰੇਜ਼ੀ ਤੋਂ ਹਿੰਦੀ ਅਨੁਵਾਦਿਤ 'ਤੀਨ ਤਲੰਗੇ' ਤੋਂ ਪੰਜਾਬੀ ਵਿਚ 'ਤਿੰਨ ਸਿਪਾਹੀ' ਦੇ ਸਿਰਲੇਖ ਹੇਠ ਕੀਤਾ। ਪ੍ਰਿੰ. ਹਰਿਭਜਨ ਸਿੰਘ ਨੇ ਭਾਈ ਨੰਦ ਲਾਲ ਦੀਆਂ ਗਜ਼ਲਾਂ ਨੂੰ ਫਾਰਸੀ ਤੋਂ ਪੰਜਾਬੀ ਵਾਰਤਕ ਵਿਚ ਉਲਥਾਇਆ ਸੀ ਅਤੇ 'ਤੀਰ ਜੀ' ਨੇ ਇਨ੍ਹਾਂ ਨੂੰ ਪੰਜਾਬੀ ਵਿਚ 'ਸਚ ਪ੍ਰੀਤ' ਨਾਂ ਹੇਠ ਪੇਸ਼ ਕੀਤਾ।

ਟਿਪਣੀਆਂ ਤੇ ਹਵਾਲੇ

1. ਵਿਧਾਤਾ ਸਿੰਘ ਤੀਰ, **ਅਣੀਆਂ** 'ਆਰੰਭਕਾ' (ਸੰਪ.) ਗੁਰਦਿਆਲ ਸਿੰਘ ਫੁੱਲ, ਪੰਨਾ 2
2. **ਅਣਿਆਲੇ ਤੀਰ** ਭੂਮਿਕਾ ਤੋਂ ਬਿਨਾਂ ਪੰਨਾ (ਦੂਜੀ ਐਡੀਸ਼ਨ)
3. **ਕਾਲ ਕੂਕਾਂ** ਪੰਨਾ 43 (ਦੂਜੀ ਐਡੀਸ਼ਨ)
4. **ਨਵੇਂ ਨਿਸ਼ਾਨੇ**, ਪੰਨਾ 6-7
5. **ਉਹੀ**, ਪੰਨਾ 7
6. **ਅਣੀਆਂ** 'ਆਰੰਭਕਾ' (ਸੰਪ.) ਗੁਰਦਿਆਲ ਸਿੰਘ ਫੁੱਲ, ਪੰਨਾ 3
7. **ਧਰੂਅ ਭਗਤ**, ਟਾਇਟਲ ਸਫਾ 1, ਦੂਜੀ ਐਡੀਸ਼ਨ, 1963.
8. **ਉਹੀ**, ਟਾਇਟਲ ਸਫਾ 1
9. **ਅਣੀਆਂ**, ਆਰੰਭਕਾ, (ਸੰਪ.) ਗੁਰਦਿਆਲ ਸਿੰਘ ਫੁੱਲ, ਪੰਨਾ 3
10. ਮੋਹਨ ਸਿੰਘ ਦੀਵਾਨਾ **ਜ਼ਤਿੰਦਰ ਸਾਹਿਤ ਸਰੋਵਰ**, ਪੰਨਾ 289-90
11. **ਕਾਲ ਕੂਕਾਂ**, ਪੰਨਾ 43 (ਦੂਜੀ ਐਡੀਸ਼ਨ)

2

ਬਿਰਤਾਂਤਕ-ਕਾਵਿ

ਮਧਕਾਲੀਨ ਪੰਜਾਬੀ ਸਾਹਿਤ ਵਿਚ ਕਿੱਸਾ ਕਾਵਿ ਦਾ ਵਿਸ਼ੇਸ਼ ਸਥਾਨ ਹੈ। ਇਹ ਰਚਨਾ ਪੰਜਾਬੀ ਵਿਚ ਪੂਰੀ ਭਰਪੂਰਤਾ ਨਾਲ ਹੋਈ ਦਿਖਾਈ ਦੇਂਦੀ ਹੈ। ਪੰਜਾਬੀ ਕਿੱਸਾ ਕਾਵਿ ਦਾ ਮਹੱਤਵ ਦੋ ਮੁੱਖੀ ਹੈ: ਇਕ ਪਾਸੇ ਸਾਹਿਤਕ ਅਤੇ ਦੂਜੇ ਪਾਸੇ ਸਭਿਆਚਾਰਕ। ਇਸ ਕਾਵਿ ਰੂਪ ਨੇ ਸਾਹਿਤਕ ਦ੍ਰਿਸ਼ਟੀ ਤੋਂ ਲੋਕ ਮਨੋਰੰਜਨ ਤੇ ਕਹਾਣੀ ਰਸ ਨੂੰ ਖਾਸ ਤੌਰ ਤੇ ਉਤਸਾਹਿਤ ਕੀਤਾ। ਕਿੱਸਿਆਂ ਵਿਚ ਲੌਕਿਕ ਤੱਤ ਦੀ ਪ੍ਰਧਾਨਤਾ ਸੀ। ਇਸੇ ਲਈ ਗੁਰਮਤਿ ਤੇ ਸੂਫੀ ਕਾਵਿ ਨਾਲੋਂ ਇਸਨੇ ਲੋਕਾਂ ਦੇ ਦਿਲਾਂ ਵਿਚ ਵਧੇਰੇ ਥਾ ਬਣਾ ਲਈ। ਲੋਕ ਸਰਮਾਏ ਦੇ ਆਧਾਰ ਤੇ ਡਾ. ਰਤਨ ਸਿੰਘ ਜੱਗੀ ਨੇ ਇਨ੍ਹਾਂ ਨੂੰ ਲੋਕ ਵੇਦ ਦਾ ਨਾਂ ਦਿਤਾ ਹੈ :

> ਇਹ ਇਕ ਪ੍ਰਕਾਰ ਦੇ ਲੋਕ ਵੇਦ ਹਨ ਜਿਨ੍ਹਾਂ ਵਿਚ ਜਾਤੀਯ ਘਟਨਾਵਾਂ ਚਿਤ੍ਰਿਤ ਹੋਈਆਂ ਹਨ ਅਤੇ ਜਿਨ੍ਹਾਂ ਨੇ ਜਨ-ਜੀਵਨ ਵਿਚ ਸਰਬੋਤਮ ਥਾਂ ਬਣਾਈ ਹੈ।[1]

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਕਿੱਸਾ ਕਾਵਿ ਨੂੰ ਇਕ ਅਮੀਰ ਕਾਵਿ ਪਰੰਪਰਾ ਦਾ ਸਥਾਨ ਹਾਸਲ ਹੈ। ਜਿਸਦੀ ਪਰੰਪਰਾ 16ਵੀਂ ਤੇ 17 ਵੀਂ ਸਦੀ ਤੋਂ ਲੈ ਕੇ 20ਵੀਂ ਸਦੀ ਤਕ ਕਿਸੇ ਨਾ ਕਿਸੇ ਰੂਪ ਵਿਚ ਚਲੀ ਆ ਰਹੀ ਹੈ।

ਪੰਜਾਬੀ ਕਿੱਸਾ ਕਾਵਿ ਦੀ ਪਰੰਪਰਾ ਵਿਚ ਸਾਨੂੰ ਕਈ ਪ੍ਰਕਾਰ ਦੇ ਕਿੱਸੇ ਨਜ਼ਰ ਆਉਂਦੇ ਹਨ ਜਿਵੇਂ : **ਪ੍ਰੇਮ ਪ੍ਰਧਾਨ ਕਿੱਸੇ**: ਹੀਰ ਰਾਂਝਾ, ਸੱਸੀ ਪੁੰਨੂੰ, ਮਿਰਜਾ ਸਾਹਿਬਾਂ, ਸ਼ੀਰੀ ਫਰਿਹਾਦ, ਯੂਸਫ ਜੁਲੈਖਾ, ਲੈਲਾ ਮਜਨੂੰ ਆਦਿ।

2. **ਸਦਾਚਾਰਕ ਕਿੱਸੇ** : ਜਿਵੇਂ

ਪੂਰਨ ਭਗਤ, ਰਾਜਾ ਰਸਾਲੂ, ਭਰਥਰੀ ਹਰੀ ਆਦਿ।

3. **ਬੀਰ ਰਸੀ ਕਿੱਸੇ** : ਜਿਵੇਂ

ਜੰਗ ਸਿੰਘਾਂ ਤੇ ਫਰੰਗੀਆਂ, ਜੀਉਣਾ ਮੌੜ ਆਦਿ।

ਕਿੱਸਾ ਕਾਵਿ ਵਿਚ ਪੰਜਾਬੀ ਜੀਵਨ ਤੇ ਸਮਾਜ ਦੀ ਭਰਪੂਰ ਤਸਵੀਰ ਨਜ਼ਰ ਆਉਂਦੀ ਹੈ। ਇਨ੍ਹਾਂ ਵਿਚ ਪੰਜਾਬ ਦਾ ਲੋਕ ਜੀਵਨ ਆਪਣੀ ਭਰਪੂਰਤਾ ਵਿਚ ਪੇਸ਼ ਹੋਇਆ ਹੈ। ਪੰਜਾਬ ਦੇ ਲੋਕ ਵਿਸ਼ਵਾਸ, ਰੀਤੀ ਰਿਵਾਜ, ਰਹਿਣ ਸਹਿਣ, ਲੜਾਈ ਝਗੜੇ ਆਦਿ ਕਈ ਪੱਖਾਂ ਨੂੰ ਚਿਤਰਿਆ ਗਿਆ ਹੈ। ਪੰਜਾਬੀ ਕਿੱਸਾਕਾਰਾਂ ਨੇ ਆਮ ਭਾਸ਼ਾ ਦੀ ਵਰਤੋਂ ਦੁਆਰਾ ਲੋਕ ਨੇੜਤਾ ਦੇ ਪ੍ਰਭਾਵ ਨੂੰ ਕਾਇਮ ਰਖਿਆ ਪਰ ਇਨ੍ਹਾਂ ਵਿਚ ਸਾਹਿਤਕ ਮਹਾਨਤਾ ਵੀ ਸਰਬ ਸ੍ਰੇਸ਼ਠ ਹੈ। ਲੋਕ ਗੀਤਾਂ ਤੋਂ ਮਗਰੋਂ ਲੋਕ ਸਾਹਿਤ ਦੀ ਪਰੰਪਰਾ ਨਾਲ ਸੰਬੰਧਤ ਹੋਣ ਦਾ ਮਾਨ ਇਨ੍ਹਾਂ ਕਿਸਿਆਂ ਨੂੰ ਹੀ ਦਿਤਾ ਜਾ ਸਕਦਾ ਹੈ।

ਵਿਧਾਤਾ ਸਿੰਘ ਤੀਰ, ਪੰਜਾਬੀ ਕਿੱਸਾ ਕਾਵਿ ਦੀ ਇਸ ਲੰਬੀ ਤੇ ਮਹਤਵਪੂਰਨ ਪਰੰਪਰਾ ਤੋਂ ਭਲੀ ਭਾਂਤ ਜਾਣੂ ਸਨ। ਉਨ੍ਹਾਂ ਉਪਰ ਇਸ ਸਾਹਿਤ ਪਰੰਪਰਾ ਦਾ ਅਤੇ ਇਸ ਪਰੰਪਰਾ ਦੇ ਉਘੇ ਕਵੀਆਂ : ਦਮੋਦਰ, ਵਾਰਸ, ਹਾਸ਼ਮ, ਕਾਦਰਯਾਰ, ਅਹਿਮਦਯਾਰ, ਫਜ਼ਲਸ਼ਾਹ ਆਦਿ ਦਾ ਬਹੁਤ ਪ੍ਰਭਾਵ ਸੀ। ਇਸ ਪੂਰਵ ਪਰੰਪਰਾ ਦੇ ਪ੍ਰਭਾਵ ਤੋਂ ਇਲਾਵਾ ਉਨ੍ਹਾਂ ਉਪਰ ਆਪਣੇ ਸਮੇਂ ਦੇ ਕਿੱਸਾ ਕਵੀਆਂ ਦਾ ਵੀ ਚੋਖਾ ਪ੍ਰਭਾਵ ਸੀ ਜਿਨ੍ਹਾਂ ਵਿਚ ਧਨੀਰਾਮ ਚਾਤ੍ਰਿਕ ਦਾ ਨਾਂ ਲਿਆ ਜਾ ਸਕਦਾ ਹੈ, ਕਿਉਂਕਿ ਧਨੀਰਾਮ ਚਾਤ੍ਰਿਕ ਦਾ ਕਿੱਸਾ 'ਨਲ ਦਮਯੰਤੀ' ਪੜ੍ਹ ਕੇ ਤੀਰ ਜੀ ਦੇ ਮਨ ਵਿਚ ਕਿੱਸਾ ਪੜ੍ਹਨ ਦੀ ਵਡੀ ਰੀਝ ਪੈਦਾ ਹੋਈ ਸੀ।

ਇਸ ਸਮੇਂ ਪੰਜਾਬੀ ਸ਼ਾਇਰਾਂ ਦੇ ਮਨ ਵਿਚ ਇਕ ਆਮ ਵਿਚਾਰ ਇਹ ਪ੍ਰਸਿਧ ਸੀ ਕਿ ਜੋ ਕਵੀ ਕਿੱਸਿਆਂ ਦੀ ਰਚਨਾ ਨਹੀਂ ਕਰਦਾ ਉਹ ਕਵੀ ਹੀ ਨਹੀਂ। ਇਸ ਲਈ ਪੰਜਾਬੀ ਕਿੱਸਿਆਂ ਦੀ ਅਮੀਰ ਪਰੰਪਰਾ ਦੇ ਪ੍ਰਭਾਵ ਵਜੋਂ ਲਗ ਭਗ ਹਰ ਕਵੀ ਕਿੱਸਿਆਂ ਦੀ ਰਚਨਾ ਕਰਨ ਵਲ ਰੁਚਿਤ ਹੁੰਦਾ ਸੀ। ਇਸੇ ਰੁਚੀ ਸਦਕਾ ਵਿਧਾਤਾ ਸਿੰਘ ਤੀਰ ਨੇ ਵੀ ਕਿੱਸਿਆਂ ਦੀ ਰਚਨਾ ਕੀਤੀ। ਉਸ ਦਾ ਵਿਚਾਰ ਸੀ ਕਿ ਕਿੱਸਿਆਂ ਦੀ ਅਮੀਰ ਪਰੰਪਰਾ ਵਿਚ ਰਹਿੰਦੇ ਹੋਏ ਕਿੱਸਿਆਂ ਦੀ ਰਚਨਾ ਕਰਕੇ ਉਹ ਛੇਤੀ ਨਾਮਨਾ ਖਟ ਸਕਦੇ ਹਨ। ਉਨ੍ਹਾਂ ਦੇ ਕਥਨ ਮੁਤਾਬਕ

> ਉਂਞ ਤਾਂ ਮੈਂ ਪੰਜਾਬੀ, ਹਿੰਦੀ ਤੇ ਉਰਦੂ ਸਾਹਿਤ ਦਾ ਬਹੁਤ ਅਧਿਐਨ ਕੀਤਾ ਹੈ, ਪਰ ਪੰਜਾਬੀ ਵਿਚ ਮਿਲਦੇ ਤਕਰੀਬਨ ਸਾਰੇ ਹੀ ਕਿੱਸੇ ਪੜ੍ਹੇ ਹਨ। ਜਿੰਨੀਆਂ ਹੀਰਾਂ, ਜਿੰਨੀਆ ਸੁਹਣੀਆਂ ਲਿਖੀਆਂ ਗਈਆਂ, ਸਾਰੀਆਂ ਹੀ ਪੜ੍ਹੀਆਂ ਤੇ ਫਿਰ ਮੇਰੇ ਵਿਚ ਵੀ ਕਿੱਸੇ ਲਿਖਣ ਦੀ ਰੀਝ ਪੈਦਾ ਹੋਈ।

ਵਿਧਾਤਾ ਸਿੰਘ ਤੀਰ ਦੇ ਲਿਖੇ ਹੋਏ ਹੇਠ ਲਿਖੇ ਕਿੱਸੇ ਪ੍ਰਾਪਤ ਹਨ :

ਧਰੂਅ ਭਗਤ :

ਇਹ ਕਿੱਸਾ ਆਪ ਨੇ 1915 ਈ. ਵਿਚ ਲਿਖਿਆ ਪਰ ਇਸਦਾ ਪ੍ਰਕਾਸ਼ਨ 1931 ਈ ਵਿਚ ਹੋਇਆ। ਆਪ ਨੇ ਪਾਠਕਾਂ ਦੀ ਸੌਖ ਲਈ ਇਸ ਕਿੱਸੇ ਨੂੰ ਮਾਰਚ 1963 ਵਿਚ ਦੂਜੀ ਵਾਰ ਸੋਧ ਕੇ ਛਾਪਿਆ ਅਤੇ ਇਸ ਵਿਚ ਪਹਿਲਾ ਵਾਲਾ ਬਾਰਮਾਂਹ ਦੁਬਾਰਾ ਨਵੇਂ ਸਿਰਿਓਂ ਰਚਿਆ ਅਤੇ ਉਸ ਵਿਚ ਨਵਾਂ ਰੰਗ ਭਰਿਆ। ਕਵੀ ਦੇ ਆਖਣ ਅਨੁਸਾਰ ਉਸਨੇ ਕਈ ਔਖੇ ਛੰਦਾਂ ਨੂੰ ਸੌਖਿਆਂ ਵੀ ਕੀਤਾ ਅਤੇ ਤੋਲ ਤੁਕਾਂਤ ਵਿਚ ਸੁਧਾਰ ਵੀ ਲਿਆਂਦਾ ਅਤੇ ਮੁਹਾਵਰਿਆਂ ਵਿਚ ਸੋਧ ਵੀ ਕੀਤੀ।

'ਵਿਧਾਤਾ ਸਿੰਘ ਤੀਰ' ਦੀ ਇਕ ਵਿਸ਼ੇਸ਼ਤਾ ਇਹ ਮੰਨੀ ਜਾ ਸਕਦੀ ਹੈ ਕਿ ਉਨ੍ਹਾਂ ਨੇ ਧਰੂਅ ਭਗਤ ਦੇ ਪ੍ਰਸੰਗ ਨੂੰ ਪਹਿਲੀ ਵਾਰ ਪੰਜਾਬੀ ਕਿੱਸੇ ਦੇ ਰੂਪ ਵਿਚ ਪੇਸ਼ ਕੀਤਾ। ਇਸ ਤੋਂ ਪਹਿਲਾਂ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਧਰੂਅ ਭਗਤ ਦਾ ਪ੍ਰਸੰਗ ਜ਼ਰੂਰ ਅੰਕਿਤ ਹੋਇਆ ਸੀ। ਪਰ ਇਸਨੂੰ ਇਕ ਮੁਕੰਮਲ ਕਿੱਸੇ ਦੀ ਸ਼ਕਲ ਵਿਚ ਪੇਸ਼ ਕਰਨ ਲਈ ਇਸ ਵਲ ਕਿਸੇ ਦਾ ਧਿਆਨ ਨਹੀਂ ਸੀ ਗਿਆ। 'ਤੀਰ' ਦੇ ਆਖਣ ਅਨੁਸਾਰ ਪੰਜਾਬੀ ਸਾਹਿਤ ਵਿਚ ਕਈ ਪ੍ਰਸਿਧ ਕਿੱਸੇ ਲਿਖ ਕੇ ਕਿੱਸਾ ਕਵੀਆਂ ਨੇ ਆਪਣੀ ਕਲਾ ਦੇ ਜ਼ੌਹਰ

ਦਿਖਾਏ ਅਤੇ ਪ੍ਰਸਿਧੀ ਹਾਸਲ ਕੀਤੀ। 'ਤੀਰ' ਦਸਦਾ ਹੈ ਕਿ ਉਹ ਅਜੇਹੇ ਕਿਸੇ ਕਵੀ ਦੀ ਰੀਸ ਕਰਨ ਜੋਗਾ ਨਹੀਂ ਸੀ ਪਰ ਉਸਦੀ ਸੋਚ ਨੇ ਕਿਸੇ ਵਹਿਣ ਵਿਚ ਬੈਠਿਆਂ, ਉਸ ਦੇ ਅੰਦਰ ਇਹ ਫੁਰਨਾ ਪੈਦਾ ਕੀਤਾ ਕਿ ਉਹ ਸਾਹਿਤ ਸੰਸਾਰ ਵਿਚ ਤਾਂ ਹੀ ਕੀਰਤੀ ਹਾਸਲ ਕਰ ਸਕਦਾ ਹੈ ਜੇਕਰ ਉਹ ਕਿਸੇ ਭਗਤ ਦੀ ਵਾਰ ਗਾਏ। ਕਿਸੇ ਭਗਤ ਦੀ ਜੀਵਨੀ ਲਿਖਣ ਅਤੇ ਕੀਰਤੀ ਹਾਸਲ ਕਰਨ ਦੇ ਟੀਚੇ ਨੂੰ ਸਾਹਮਣੇ ਰਖ ਕੇ 'ਤੀਰ' ਨੇ ਬਾਕੀ ਲਿਖਾਰੀਆਂ ਤੋਂ ਵਖਰਾ ਰਾਹ ਅਪਣਾਇਆ ਅਤੇ ਧਰੂਅ ਭਗਤ ਦੇ ਸਾਰੇ ਜੀਵਨ ਬਿਰਤਾਂਤ ਨੂੰ ਕਿੱਸੇ ਦੀ ਸ਼ਕਲ ਵਿਚ ਪੇਸ਼ ਕੀਤਾ।

ਇਸ ਕਿੱਸੇ ਵਿਚ 'ਤੀਰ ਜੀ' ਨੇ ਧਰੂਅ ਭਗਤ ਦੇ ਬੰਸ ਨਾਲ ਸੰਬੰਧਿਤ ਹਿੰਦੂ ਧਰਮ ਦੇ ਇਤਿਹਾਸ ਵਿਚ ਮੌਜੂਦ ਇਕ ਅਧ ਭੁਲੇਖੇ ਨੂੰ ਵੀ ਸਾਹਮਣੇ ਲਿਆਂਦਾ ਹੈ।[2] ਇਸ ਕਿੱਸੇ ਵਿਚ ਕਵੀ ਦੀ ਮੁੱਖ ਬਿਰਤੀ ਉਪਦੇਸ਼ਾਤਮਕ ਹੈ। ਇਸੇ ਲਈ ਉਹ ਕਿੱਸਾ ਬਿਆਨ ਕਰਦੇ ਹੋਏ ਕਈ ਪੱਖਾਂ ਨੂੰ ਉਪਦੇਸ਼ ਦੀ ਸ਼ਕਲ ਵਿਚ ਪੇਸ਼ ਕਰਦਾ ਹੈ ਜਿਵੇਂ : ਝੂਠ ਤੇ ਫਰੇਬ ਦਾ ਨੁਕਸਾਨ ਜਾਂ ਫੁੱਟ ਦਾ ਨੁਕਸਾਨ ਅਤੇ ਸੌਕਣਾਂ ਦਾ ਸਾੜਾ ਆਦਿ।

ਫੁੱਟ ਚੰਦਰੀ ਫੁੱਟ ਦੀ ਆਣ ਜਦੋਂ,
ਭਾਗਾਂ ਵਾਲਿਆਂ ਦੇ ਭਾਗ ਫੁੱਟਦੇ ਨੇ।
ਮਾਂ ਪਿੱਓ ਜਾਇ ਵੀਰ ਵੀਰ ਸੱਕੇ,
ਇੱਕ ਦੂਸਰੇ ਦੀ ਸੰਘੀ ਘੁੱਟਦੇ ਨੇ।
ਮਿਤਰ ਮਿੱਤਰਾਂ ਨੂੰ ਅਗੋਂ ਖਾਣ ਪੈਂਦੇ,
ਨਾਤੇ ਪ੍ਰੇਮ ਪਿਆਰ ਦੇ ਟੁੱਟਦੇ ਨੇ।
ਮਾਰੀ ਮੱਤ ਜਾਇ ਲੰਕਾ ਜਾਇ ਫੂਕੀ,
ਗੋਲੇ ਫੁੱਟ ਦੇ ਆਣ ਜਾ ਛੁਟਦੇ ਨੇ।
ਚਾਲੇ ਫੁੱਟ ਦੇ ਜੜ੍ਹਾਂ ਤੋਂ ਪੁੱਟਦੇ ਨੇ।
ਜਿਥੇ ਫੁੱਟ ਦੀ ਅੱਗ ਆ ਭੜਕਦੀ ਏ,
ਸੋਮੇ ਪਿਆਰ ਦੇ ਉਥੋਂ ਨਿਖੁੱਟਦੇ ਨੇ।
ਵਾਢੀ ਪਏ ਮਿਲਾਪ ਨੂੰ ਲਹਿਰ ਸੱਥਰ,
ਚਾਲੇ ਫੁੱਟ ਲੈ ਦਾਤਰੀ ਜੁੱਟਦੇ ਨੇ।
ਚੱਲਣ 'ਤੀਰ' ਤੇਗਾਂ ਹੋਣ ਭੇੜ ਖੂਨੀ,
ਬੰਦੇ ਬੰਦਿਆਂ ਨੂੰ ਮਾਰ ਸੁੱਟਦੇ ਨੇ।[3]

'ਤੀਰ' ਨੇ ਧਰੂਅ ਭਗਤ ਦੀ ਕਹਾਣੀ ਨੂੰ ਬੈਂਤ ਛੰਦ ਵਿਚ ਬਿਆਨ ਕੀਤਾ ਹੈ ਪਰ ਜਿਥੇ ਕਿਤੇ ਕੁਝ ਵਿਸ਼ੇਸ਼ ਮੌਕੇ ਆਉਂਦੇ ਹਨ ਉਨ੍ਹਾਂ ਦਾ ਪ੍ਰਭਾਵ ਪੈਦਾ ਕਰਨ ਲਈ ਉਥੇ ਬੈਂਤ ਛੰਦ ਦੀ ਥਾਂ ਦਵਈਆ, ਦੋਹਰਾ, ਕਬਿਤ ਆਦਿ ਦੀ ਵਰਤੋਂ ਕੀਤੀ ਹੈ ਜਿਵੇਂ ਛੋਟੇ ਧਰੂਅ ਨੂੰ ਰਾਜੇ ਦਾ ਗੋਦੀ ਵਿਚ ਚੁਕਣ ਦਾ ਪ੍ਰਸੰਗ[4] ਜਿੰਦਗੀ ਵਿਚ ਹੋਣੀ ਦਾ ਪ੍ਰਭਾਵ[5] ਜਾਂ ਮਾਤਾ ਦੀ ਮਮਤਾ ਆਦਿ।[6] ਇਸ ਕਿੱਸੇ ਵਿਚ ਮਾਂ ਪੁਤਰ ਦੇ ਵਿਯੋਗ ਨਾਲ ਸੰਬੰਧਿਤ ਇਕ ਬੜਾ ਖੂਬਸੂਰਤ ਬਾਰਾਮਾਂਹ ਦਰਜ ਹੈ ਜਿਸ ਵਿਚ ਮਾਂ ਦੇ ਮੋਹ ਨੂੰ ਪਹਿਲਾਂ ਬਾਰਾਮਾਹ

ਤੇ ਫਿਰ ਡਿਓਢ ਵਿਚ ਪੇਸ਼ ਕੀਤਾ ਗਿਆ ਹੈ। ਅਜੇਹੇ ਪ੍ਰਸੰਗ ਇਸ ਕਿਸੇ ਵਿਚ ਬੜਾ ਭਾਵਾਤਮਕ ਰੰਗ ਭਰ ਦੇਂਦੇ ਹਨ।

ਕਵੀ ਨੇ ਇਸ ਪ੍ਰਸੰਗ ਨੂੰ ਅਠ ਖੰਡਾਂ ਵਿਚ ਮੁਕੰਮਲ ਕੀਤਾ ਹੈ। ਆਰੰਭ ਵਿਚ ਅਰਦਾਸ ਅਤੇ ਮੰਗਲਾਚਰਣ ਹੈ ਅਤੇ ਅਖੀਰ ਉਪਰ ਰਬ ਦਾ ਧੰਨਵਾਦ ਕਰਕੇ ਪ੍ਰਸੰਗ ਨੂੰ ਮੁਕਾਇਆ ਗਿਆ ਹੈ।

ਨਲ-ਦਮਯੰਤੀ

ਇਸ ਵਿਚ ਰਾਜਾ ਨਲ ਅਤੇ ਰਾਣੀ ਦਮਯੰਤੀ ਦੀ ਪ੍ਰੇਮ ਕਥਾ ਨੂੰ ਬੜੀ ਰਸਾਤਮਕ ਕਵਿਤਾ ਵਿਚ ਪੇਸ਼ ਕੀਤਾ ਗਿਆ ਹੈ। ਇਸ ਕਿੱਸੇ ਵਿਚ ਸ਼ਿੰਗਾਰ ਰਸ ਦੀ ਪ੍ਰਧਾਨਤਾ ਹੈ। ਪੰਜਾਬੀ ਕਾਵਿ ਜਗਤ ਵਿਚ 'ਤੀਰ' ਨੂੰ ਇਸ ਕਿੱਸੇ ਵਿਚ ਕਾਫੀ ਪ੍ਰਸਿਧੀ ਪ੍ਰਾਪਤ ਹੋਈ ਹੈ, ਜਿਸ ਕਾਰਣ ਅਸੀਂ ਦੇਖਦੇ ਹਾਂ ਕਿ ਇਸ ਕਿੱਸੇ ਦੀਆਂ ਚਾਰ ਐਡੀਸ਼ਨਾਂ ਪ੍ਰਕਾਸ਼ਿਤ ਹੋਈਆਂ ਸਨ। ਪੰਜਾਬੀ ਤੇ ਠੇਠ ਪੰਜਾਬੀ ਵਿਚ ਸਭ ਤੋਂ ਪਹਿਲਾਂ ਵਿਧਾਤਾ ਸਿੰਘ ਤੀਰ ਨੇ 'ਨਲ ਦਮਯੰਤੀ' ਦੀ ਕਥਾ ਨੂੰ ਕਿੱਸਾ-ਕਾਵਿ ਰੂਪ ਵਿਚ ਕਵਿਤਾਇਆ। ਉਨ੍ਹਾਂ ਅਨੁਸਾਰ 'ਨਲ ਦਮਯੰਤੀ' ਦੀ ਕਹਾਣੀ ਇਸ ਪ੍ਰਕਾਰ ਚਲਦੀ ਹੈ :

ਜੂਏ ਨਸ਼ਟ ਕੀਤਾ ਰਾਜ ਪਾਂਡਵਾਂ ਦਾ, ਪਈ ਵਿਚ ਪਾਸੇ ਪੁੱਠੀ ਚਾਲ ਭਾਇਓ,
ਸ਼ਰਤ ਜਿੱਤ ਕੇ ਕੌਰਵਾਂ ਪਾਂਡਵਾਂ ਨੂੰ, ਬਨਵਾਸ ਦਿਤਾ ਬਾਰਾਂ ਸਾਲ ਭਾਇਓ।[7]

ਇਸੀ ਬਨਵਾਸ ਅੰਦਰ ਜਦੋਂ ਅਰਜਨ, ਇੰਦ੍ਰਪੁਰੀ ਸ਼ਾਸਤ੍ਰ ਵਿਦਿਆ ਸਿਖਣ ਚਲਾ ਗਿਆ ਤਾਂ ਚਾਰੇ ਭਰਾ-ਭੀਮ, ਨਾਕੁਲ, ਸਹਿਦੇਵ ਤੇ ਯੁਧਿਸ਼ਟਰ ਉਸਦੇ ਵਿਯੋਗ ਵਿਚ ਬੇਚੈਨ ਹੋ ਗਏ। ਜਿਵੇਂ

ਇੰਦ੍ਰਪੁਰੀ ਪੁਜਾ ਜਦੋਂ ਜਾ ਅਰਜਨ, ਪਿਛੋਂ ਵੀਰ ਹੋ ਗਏ ਨਿਢਾਲ ਭਾਇਓ।[8]

ਇਸੀ ਤਰ੍ਹਾਂ ਤੀਰ ਜੀ ਨੇ ਆਪਣੇ ਕਿੱਸੇ ਵਿਚ ਰਾਜਾ ਨਲ ਦੀ ਸੈਰ ਬਾਰੇ ਜ਼ਿਕਰ ਕੀਤਾ ਹੈ ਕਿ ਰਾਜਾ ਨਲ ਆਪਣੇ ਬਾਗ਼ ਵਿਚ ਸੈਰ ਨੂੰ ਗਿਆ ਜਿਥੇ ਅਚਾਨਕ ਉਪਰੋਂ ਕੁਝ ਹੰਸ ਉਤਰੇ। ਉਸ ਹੰਸ ਮੰਡਲੀ ਦੇ ਸਰਦਾਰ ਹੰਸ ਦੀ ਖੂਬਸੂਰਤੀ ਨੇ ਰਾਜਾ ਨਲ ਨੂੰ ਬੜਾ ਪ੍ਰਭਾਵਤ ਕੀਤਾ ਤੇ ਨਲ ਨੇ ਹੰਸ ਨੂੰ ਬੜੀ ਆਸਾਨੀ ਨਾਲ ਕਾਬੂ ਕਰ ਲਿਆ। ਇਤਨੀ ਦੇਰ ਵਿਚ ਇਕ ਦਾਸੀ ਰਾਜੇ ਨਲ ਲਈ ਕੁਝ ਫਲ ਲੈ ਕੇ ਬਾਗ਼ ਵਿਚ ਆਈ ਪਰ ਰਾਜੇ ਨਲ ਦੇ ਹੱਥ ਵਿਚ ਦਮਯੰਤੀ ਦੇ ਹੰਸ ਨੂੰ ਪਕੜਿਆ ਦੇਖ ਕੇ ਕਹਿਣ ਲਗੀ :

ਮੇਰੇ ਪਾਤਸ਼ਾਹ, ਬੇਨਤੀ ਸੁਣੋ ਮੇਰੀ, ਹਥੋਂ ਹੰਸ ਨੂੰ ਹੁਣੇ ਉਡਾਵਨਾ ਜੀ।
ਕੋਈ ਹੰਸ ਤੋਂ ਜੇ ਬਖੇੜ ਹੋਇਆ, ਵੈਦ ਉਸਦੇ ਪਿਤਾ ਨੇ ਧਾਰਨਾ ਜੀ।[9]

ਇਸ ਕਿੱਸੇ ਵਿਚ ਸ਼ਕੁੰਤਲਾ ਤੇ ਰਾਣੀ ਮਾਂ ਦਾ ਆਪਸ ਵਿਚ ਸੰਵਾਦ ਵੀ ਦਿਖਾਇਆ ਹੈ। ਸ਼ਕੁੰਤਲਾ ਨੇ ਰਾਣੀ ਮਾਂ ਨੂੰ ਜਾ ਕੇ ਦਮਯੰਤੀ ਦੇ ਸੁਵੰਬਰ ਰਚਾਉਣ ਲਈ ਕਿਹਾ ਤੇ ਨਾਲ ਹੀ ਇਸ਼ਾਰਾ ਦੇ ਦਿਤਾ :

ਉਘਾ ਜਗ ਤੇ ਨਿਸ਼ਧ ਦਾ ਨਲ ਰਾਜਾ, ਜੱਤੀ ਸੱਤੀ ਨਾਲੇ ਦਯਾਵਾਨ ਅਮੀ
ਧੁੰਮੀ ਧੁੰਮ ਹੈ ਉਸਦੀ ਜੱਗ ਸਾਰੇ, ਨਾਲੇ ਉਂਞ ਵੀ ਹਾਨ ਪਰਵਾਨ ਅਮੀ।[10]

ਰਾਣੀ ਮਾਂ ਨੂੰ ਸ਼ਕੁੰਤਲਾ ਦੀ ਗੱਲ ਜੱਚ ਗਈ ਪਰ ਤਾਂ ਵੀ ਉਸ ਕਿਹਾ :

ਸਾਡੀ ਕੁਲਾ ਰੀਤ ਹੈ ਇਹ ਬੱਚੀ ਅਖੀ ਵੇਖ ਕੇ ਪਤੀ ਪਰਚਾਵੇ ਬੱਚੀ,
ਸਭਾ ਲਗੀ ਹੋਵੇ ਸਾਰੇ ਰਾਜਿਆਂ ਦੀ, ਉਤੇ ਸੱਭ ਦੇ ਨਿਗ੍ਹਾ ਦੁੜਾਏ ਬੱਚੀ ।[11]

'ਤੀਰ' ਜੀ ਨੇ ਆਪਣੇ ਕਿੱਸਿਆਂ ਵਿਚ ਸਵਾਰਥੀ ਦੇਵਤੇ, ਸਵੰਬਰ ਸਮਾਰੋਹ, ਘਲੂਕਾਲ ਪ੍ਰਸੰਗ, ਪੁਸ਼ਕਰ ਦਾ ਕਰਮਾਨ, ਘਲੂਕਾਲ ਦੇ ਕਾਰੇ ਆਦਿ ਦਾ ਵੀ ਜ਼ਿਕਰ ਕੀਤਾ ਹੈ। ਜੰਗਲ ਦੀ ਹਰ ਮੁਸੀਬਤ ਨੂੰ ਨਲ ਦਮਯੰਤੀ ਨੇ ਸਹਾਰਿਆ ਹੈ । ਹੋਣੀ ਨੇ ਨਵਾਂ ਰੂਪ ਬਦਲਿਆ । ਰੋਂਦੀ ਕੁਰਲਾਂਦੀ ਦਮਯੰਤੀ ਨੂੰ ਨਾਗ ਨੇ ਛੱਡ ਕੇ ਬਬਰ ਸ਼ੇਰ ਨੇ ਘੇਰਾ ਪਾਇਆ ਜਿਵੇਂ :

ਰਾਹ ਰੋਕ ਬੈਠਾ, ਘੂਰ ਘੂਰ ਵੇਖੇ, ਟੁਰੀ ਜਾਂਵਦੀ ਨੂੰ ਖਲਾ ਘੇਰ ਵੇਖੇ ।[12]

ਦਮਯੰਤੀ ਨੇ ਦੋ ਹੱਥ ਜੋੜ ਬੱਬਰ ਸ਼ੇਰ ਨੂੰ ਆਪਣੀ ਦੁਖੀ ਕਹਾਣੀ ਸੁਣਾਈ। ਸ਼ੇਰ ਦੇ ਮਨ ਵਿਚ ਤਰਸ ਆ ਗਿਆ ਤੇ ਉਸਨੇ ਉਸਦਾ ਰਾਹ ਛਡ ਦਿਤਾ ।

ਨਾਇਕ ਨਾਇਕਾ ਦੀ ਸੁੰਦਰਤਾ ਦੇ ਵਰਣਨ ਲਈ ਸਰੋਪਾ ਵਰਣਨ ਦੀ ਰੁਚੀ ਮਿਲਦੀ ਹੈ, ਜੋ ਫ਼ਾਰਸੀ ਦੇ ਪ੍ਰਭਾਵ ਦਾ ਸਿੱਟਾ ਹੈ। ਰਾਣੀ ਦਮਯੰਤੀ ਦੀ ਸੁੰਦਰਤਾ ਪ੍ਰਗਟ ਕਰਦਿਆਂ ਕਵੀ ਲਿਖਦਾ ਹੈ :

ਉਹਦੇ ਬੁਲ ਗੁਲਾਬ ਦੇ ਫੁਲ ਦੋਵੇਂ
ਬੋਲੀ ਉਸਦੀ ਵਿਚ ਮਹਿਕਾਰ ਲੱਗੇ
ਲਿਟਾਂ ਓਹਦੀਆਂ ਨਾਗਣਾਂ ਵਾਂਗ ਪੇਲਣ
ਸਰੂ ਕੱਦ ਅਗੇ ਸ਼ਰਮਸਾਰ ਲੱਗੇ ।

ਸੋ ਅਸੀਂ ਕਹਿ ਸਕਦੇ ਹਾਂ ਕਿ ਤੀਰ ਜੀ ਨੇ ਆਪਣੀ ਕਾਵਿਕ ਛੋਹ ਨਾਲ ਇਸ ਵਿਚ ਨਵੇਂ ਰੰਗ ਭਰੇ ਤੇ ਇਸਨੂੰ ਨਵੇਂ ਅੰਦਾਜ ਵਿਚ ਪੇਸ਼ ਕੀਤਾ । ਤੀਰ ਜੀ ਦੇ ਸਾਰੇ ਪਾਤਰ ਹੀ ਆਦਰਸ਼ਕ ਹਨ । ਨਲ ਤੇ ਦਮਯੰਤੀ ਪੂਰੇ ਆਦਰਸ਼ ਪਾਤਰ ਹਨ, ਜਿਹੜੇ ਕਿਸੇ ਹੋਰ ਨਾਲ ਆਪਣੀ ਛੋਹ ਨੂੰ ਵੀ ਪਾਪ ਸਮਝਦੇ ਹਨ। ਦਮਯੰਤੀ ਨਾਲ ਭਾਵੇਂ ਦੇਵਤੇ ਕਿਤਨਾ ਹੀ ਫਰੇਬ ਖੇਡਦੇ ਹਨ ਪਰ ਉਹ ਨਲ ਦੇ ਲਈ ਸਵਰਗ ਦੇ ਦੇਵਾਂ ਨੂੰ ਵੀ ਅੱਖ ਥਲੇ ਨਹੀਂ ਲਿਆਉਂਦੀ ਅਖੀਰ ਆਪਣੇ ਸਤਿ ਦੇ ਬਲ ਤੇ ਉਹ ਨਲ ਨੂੰ ਹੀ ਪਾਉਂਦੀ ਹੈ ।

'ਤੀਰ' ਜੀ ਨੇ ਅਲੰਕਾਰ ਵੀ ਨਿਤਾਪ੍ਰਤੀ ਜੀਵਨ ਵਿਚੋਂ ਹੀ ਚੁਣੇ ਹਨ । ਜਿਸ ਨਾਲ ਪਾਠਕਾਂ ਦੀ ਕਵੀ ਨਾਲ ਸਾਂਝ ਬਣੀ ਰਹਿੰਦੀ ਹੈ । ਉਨ੍ਹਾਂ ਨੇ ਕਵਿਤਾ ਨੂੰ ਅਲੰਕਾਰ ਦੇ ਬੋਝ ਹੇਠ ਦਬਾਇਆ ਨਹੀਂ ਸਗੋਂ ਲੋੜ ਅਨੁਸਾਰ ਹੀ ਅਲੰਕਾਰ ਵਰਤੇ ਹਨ ਜਿਵੇਂ :

ਚੋਂਦੇ ਘੜੇ ਵਾਂਗੂ ਰਾਤ ਦਿਨ ਹੋਰੋ ਐਵੇਂ ਪਈ ਪਈ ਨਾ ਘੱਟ ਦਮਯੰਤਈਏ ਨੀ ।
(ਉਪਮਾ ਅਲੰਕਾਰ)

'ਤੀਰ' ਜੀ ਨੇ ਰਚਨਾ ਠੇਠ ਤੇ ਸ਼ੁਧ ਪੰਜਾਬੀ ਬੋਲੀ ਵਿਚ ਕੀਤੀ ਹੈ। 'ਤੀਰ' ਜੀ ਨੇ ਕੋਈ ਅਜਿਹਾ ਸ਼ਬਦ ਨਹੀਂ ਲਿਆ ਜੋ ਕਿ ਪਾਠਕ ਦੀ ਵਾਕਫੀਅਤ ਤੋਂ ਦੂਰ ਹੋਵੇ । ਜਿਵੇਂ ਸਗੋ, ਆਬ, ਤਾਬ ਖਾਰ, ਸੁਲਤਾਨ, ਆਦੂਲਿਆ ਆਦਿ ਸੌਖੇ ਸ਼ਬਦਾਂ ਨੂੰ ਵਰਤਿਆ।

'ਤੀਰ' ਜੀ ਅਸ਼ਲੀਲਤਾ ਤੋਂ ਕੰਨੀ ਕਤਰਾਉਂਦੇ ਸਨ । ਉਨ੍ਹਾਂ ਨੇ ਕਿੱਸੇ ਨੂੰ ਬੜੀ ਸਿੱਧ ਪੱਧਰੀ ਸ਼ੈਲੀ ਤੇ ਸਾਊ ਸ਼ਬਦਾਂਵਿਚ ਰਚਿਆ । ਤੀਰ ਜੀ ਨੇ ਕਿੱਸੇ ਵਿਚ ਕਈ ਹੋਰ

ਕਾਵਿ ਰੂਪਾਂ ਉਤੇ ਵੀ ਹਥ ਅਜ਼ਮਾਇਆ ਜਿਸ ਤਰ੍ਹਾਂ ਬਾਰਾਂਮਾਹ, ਸਤਵਾਰਾ ਤੇ ਗੀਤ ਆਦਿ ਜਿਸ ਵਿਚ ਉਹ ਬ੍ਰਿਹੋਂ-ਕੁਠੀ ਨਾਰ ਦਾ ਚਿਤਰ ਭਲੀ ਪ੍ਰਕਾਰ ਪੇਸ਼ ਕਰ ਸਕੇ ਹਨ।

ਸਿਖਿਆਵਾਂ ਦੇਣ ਵਿਚ 'ਤੀਰ' ਜੀ ਨੇ ਖੁਲ ਤੋਂ ਕੰਮ ਲਿਆ ਤੇ ਖੁਲੇ ਸ਼ਬਦਾਂ ਵਿਚ ਜੂਏ ਸੰਬੰਧੀ, ਪ੍ਰੇਮ ਸੰਬੰਧੀ, ਵਿਆਹ ਵਕਤ ਧੀ ਜੁਵਾਈ ਨੂੰ, ਵਚਨ ਦਾ ਪਤਾ ਹੋਣਾ ਚਾਹੀਦਾ ਹੈ ਆਦਿ ਖੁਲ੍ਹੀਆਂ ਸਿਖਿਆਵਾਂ ਬਾਹਾਂ ਉਲਾਰ ਉਲਾਰ ਕੇ ਦਿਤੀਆਂ ਹਨ ਜਿਵੇਂ :

ਬਧੇ ਬਚਨ ਦੇ ਚਾਨਣਾ ਕਰਨ ਦੀਵੇ, ਭਾਵੇਂ ਆਪਣਾ ਆਪ ਜਲਾਵੰਦੇ ਨੇ,
ਬਧੇ ਬਚਨ ਦੇ ਰੋਜ ਪਤੰਗ ਥੜੈਦ, ਐਪਰ ਕੁਲ ਨੂੰ ਲੀਕ ਨਾ ਲਾਵਦੇ ਨੇ।

ਜਾਂ

ਜਿਨੂੰ ਲਗਦੀ ਏ ਉਹੋ ਜਾਣਦਾ ਏ, ਭੇਦ ਲੱਗੀਆਂ ਦਾ ਦੂਜਾ ਪਾਏ ਕੀਕੂੰ,
ਜਿਨੂੰ ਸਹੀ ਪ੍ਰੇਮ ਦੀ ਚੋਟ ਨਾਹੀਂ, ਕਿਸੇ ਵਾਸਤੇ ਜਿੰਦ ਤੜਫਾਏ ਕੀਕੂੰ[13]

ਇਹ ਦੋ ਸਤਰਾਂ ਸਾਰੀਆਂ ਸਿਖਿਆਵਾਂ ਉਤੇ ਚੋਟ ਮਾਰਦੀਆਂ ਹਨ।

'ਤੀਰ' ਜੀ ਨੇ ਹਿੰਦੀ, ਸੰਸਕ੍ਰਿਤ, ਉਰਦੂ ਤੇ ਫਾਰਸੀ ਭਾਸ਼ਾ ਦੀ ਵਰਤੋਂ ਕੀਤੀ ਹੈ। 'ਤੀਰ' ਜੀ ਦੀ ਬੋਲੀ ਉਤੇ ਗੁਰਬਾਣੀ ਦਾ ਵੀ ਅਮਿਟ ਪ੍ਰਭਾਵ ਦਿਖਾਈ ਦੇਂਦਾ ਹੈ ਜਿਵੇਂ :

ਪ੍ਰੇਮ ਬਿਨਾਂ ਦੋਹਾਗਣਾਂ, ਹੋਇ ਨਾਰੀ, ਜੱਗ ਉਸਨੂੰ ਕਹੇ ਨਿਲੱਜ ਬੱਚੀ।[14]

ਜਾਂ

'ਇਕ ਜੋਤ ਦੋਇ ਮੂਰਤੀ, ਜੱਗ ਹੋ ਕੇ, ਤੀਰ ਆਪਣਾ ਫਰਜ਼ ਸੰਭਾਲਸਾਂ ਮੈਂ।[15]

ਤੀਰ ਜੀ ਦੀ ਇਕ ਵੱਡੀ ਖੂਬੀ ਇਹ ਵੀ ਹੈ ਕਿ ਉਨ੍ਹਾਂ ਦੇ ਇਸ ਕਿੱਸੇ ਵਿਚ ਵੱਡੀ ਗਿਣਤੀ ਵਿਚ ਮੁਹਾਵਰਿਆਂ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ : ਜਿਵੇਂ :

ਸਾਨੂੰ ਕੁਖ ਤੋਂ ਹੌਲਿਆਂ ਜਿਨੇ ਕੀਤਾ, ਉਨੂੰ ਰਾਹਾਂ ਦੇ ਕੱਖ ਚੁਗਵਾਂ ਦਿਆਂਗਾ।[16]

ਜਾਂ

ਆਇਓ ਬਾਝ ਨਾਹੀਂ ਚੰਦ ਚੜ੍ਹਿਓਈ, ਵਿਚ ਦੁਧ ਦੇ ਕਾਜੀਆਂ ਬੋਲੀਆਂ ਨੀ,
ਵਾ ਵਰੋਲਿਆਂ ਜਦੋਂ ਦਾ ਨਿਸੁਧ ਪੰਜੇ, ਲੀਰਾਂ ਵਾਂਗਰ ਇਜ਼ਤਾਂ ਰੋਲੀਆਂ ਨੀ।[17]

'ਤੀਰ' ਜੀ ਨੇ ਸਮਾਸ ਦੀ ਵਰਤੋਂ ਵੀ ਬੜੇ ਸੁਚੱਜੇ ਢੰਗ ਨਾਲ ਕੀਤੀ ਹੈ। 'ਤੀਰ' ਜੀ ਦੀ ਬੋਲੀ ਦੀਆਂ ਵਿਸ਼ੇਸ਼ਤਾਵਾਂ ਨੂੰ ਦ੍ਰਿਸ਼ਟੀ ਵਿਚ ਰਖਦਿਆਂ ਹੀ ਪ੍ਰੋ. ਗੁਰਦਿਆਲ ਸਿੰਘ ਫੁੱਲ ਨੇ ਲਿਖਿਆ ਹੈ :-

'ਤੀਰ' ਨੂੰ ਬੋਲੀ ਉਤੇ ਕਾਬੂ ਹੈ, ਉਸਨੂੰ ਸ਼ੁਧ ਸ਼ਬਦਾਂ, ਅਰਥਾਂ, ਅਰਥਾਂ ਦੇ ਪਿਛੋਕੜਾਂ, ਅਰਥਾਂ ਦੀ ਆਤਮਾ ਤੇ ਉਨ੍ਹਾਂ ਦੇ ਅੰਦਰਲੇ ਤਾਲਾਂ ਦਾ ਪੂਰਨ ਗਿਆਨ ਹੈ। ਇਹੋ ਕਾਰਨ ਹੈ ਕਿ 'ਤੀਰ' ਦੀ ਬੋਲੀ ਸਰਲ, ਸੌਖੀ ਤੇ ਰਸਦਾਇਕ ਹੈ ਅਤੇ ਫੁੱਲਾਂ ਵਾਂਗ ਮਹਿਕਦੀ ਹੈ ਚਸ਼ਮੇਂ ਵਾਂਗ ਝਰਦੀ ਹੈ, ਚੰਦ ਚਾਂਦਨੀ ਵਾਂਗ ਮਿੱਠੀ ਹੈ।[18]

'ਤੀਰ' ਜੀ ਜਿਹੋ ਜਿਹੇ ਪਾਤਰ ਵੇਖਦੇ ਹਨ, ਉਹੋ ਜਿਹੀ ਹੀ ਉਨ੍ਹਾਂ ਤੋਂ ਬੋਲੀ ਬੁਲਵਾਉਂਦੇ ਹਨ। ਧਨੀ ਰਾਮ ਚਾਤ੍ਰਿਕ 'ਤੀਰ' ਜੀ ਦੇ ਕਿੱਸੇ ਦੀ ਬੋਲੀ ਬਾਬਤ ਲਿਖਦੇ ਹਨ :—

ਸੰਨ 1906 ਵਿਚ 'ਰਾਜਾ ਨਲ ਰਾਣੀ ਦਮਯੰਤੀ' ਦਾ ਕਿੱਸਾ ਮੈਂ ਪ੍ਰਕਾਸ਼ਤ ਕੀਤਾ

ਸੀ । ਉਸ ਜਮਾਨੇ ਵਿਚ ਜੋ ਕਿੱਸੇ ਬਜ਼ਾਰ ਵਿਚ ਵਿਕਦੇ ਸਨ, ਉਨ੍ਹਾਂ ਵਿਚੋਂ 75 ਫੀਸਦੀ ਪਦ ਫਾਰਸੀ ਦੇ ਹੁੰਦੇ ਸਨ ਤੇ ਬਾਕੀ ਪੰਜਾਬੀ ਦੇ । ਉਦੋਂ ਦੇ ਰਿਵਾਜ਼ ਮੁਜਬ ਮੈਂ ਭੀ ਫਾਰਸੀ ਦੇ ਪਦ ਵਰਤਦਾ ਰਿਹਾ । ਹੁਣ 45 ਵਰ੍ਹੇ ਬਾਅਦ ਮੈਨੂੰ ਵਿਧਾਤਾ ਸਿੰਘ ਤੀਰ ਦਾ ਰਚਿਆ 'ਨਲ ਦਮਯੰਤੀ' ਦਾ ਕਿੱਸਾ ਵੇਖਣ ਦਾ ਮੌਕਾ ਮਿਲ ਗਿਆ । ਮੈਨੂੰ ਬੜੀ ਪ੍ਰਸੰਨਤਾ ਹੋਈ ਕਿ ਉਸਦੇ ਵਿਚ ਤਕਰੀਬਨ ਸਾਰੇ ਹੀ ਪਦ ਪੰਜਾਬੀ ਬੋਲੀ ਦੇ ਹਨ ਵਾਕਿਆਤ ਤਾਂ ਉਹੋ ਹਨ ਪਰ ਫਾਰਸੀ ਪਦਾਂ ਦੀ ਜਗਾਹ ਪੰਜਾਬੀ ਬੋਲੀ ਨੇ ਲੈ ਲਈ ਹੋਈ ਹੈ । ਮੈਂ 'ਤੀਰ' ਜੀ ਨੂੰ ਉਨ੍ਹਾਂ ਦੀ ਕਾਮਯਾਬੀ ਲਈ ਵਧਾਈ ਦੇਂਦਾ ਹਾਂ ।[19]

'ਤੀਰ' ਜੀ ਨੇ ਕਿੱਸੇ ਵਿਚ ਸੰਕੋਚ ਤੋਂ ਕੰਮ ਨਹੀਂ ਲਿਆ ਸਗੋਂ ਹਰ ਘਟਨਾ ਮਗਰੋਂ ਉਸ ਨੂੰ ਹੋਰ ਸਪਸ਼ਟ ਕਰਨ ਲਈ ਉਨ੍ਹਾਂ ਨੇ ਆਪਣੇ ਵਲੋਂ ਵਿਚਾਰ ਦੇ ਕੇ ਹਰ ਘਟਨਾ ਦਾ ਸਿੱਟਾ ਕਢਿਆ ਹੈ ਜਿਸ ਨਾਲ ਪਾਠਕ ਦੇ ਗਿਆਨ ਭੰਡਾਰੇ ਵਿਚ ਵੀ ਵਾਧਾ ਹੁੰਦਾ ਹੈ ।

ਦਸ਼ਮੇਸ਼ ਦਰਸ਼ਨ (1941)

ਵਿਧਾਤਾ ਸਿੰਘ ਤੀਰ ਨੇ ਸਿਖ ਇਤਿਹਾਸ ਦੀਆਂ ਦਰਦਨਾਕ ਸਾਖੀਆਂ ਨੂੰ ਬੜੇ ਕਲਾਤਮਕ ਢੰਗ ਨਾਲ ਬਿਆਨ ਕੀਤਾ ਹੈ । ਉਨ੍ਹਾਂ ਦੀਆਂ ਸਾਰੀਆਂ ਬਿਰਤਾਂਤਕ ਰਚਨਾਵਾਂ ਵਿਚ 'ਦਸ਼ਮੇਸ਼ ਦਰਸ਼ਨ' ਬਹੁਤ ਉਤਮ ਰਚਨਾ ਹੈ । ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸੰਪੂਰਨ ਜੀਵਨ ਬਿਰਤਾਂਤ ਨੂੰ 602 ਪੰਨਿਆਂ ਵਿਚ ਬਿਆਨ ਕੀਤਾ ਗਿਆ ਹੈ । ਇਸ ਵਿਚ ਗੁਰੂ ਸਾਹਿਬ ਦੀ ਦੇਸ਼ ਭਗਤੀ, ਅਨਾਥ ਪਰਵਰੀ, ਦੁਸ਼ਟਾਂ ਦਾ ਨਾਸ ਕਰਣ ਅਤੇ ਸੰਤਾਂ ਦੀ ਰਖਿਆ ਨੂੰ ਬੀਰ ਰਸੀ ਪ੍ਰਭਾਵ ਵਿਚ ਬਿਆਨ ਕੀਤਾ ਹੈ । ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਦਾ ਕਵੀ ਨੇ ਬੜੇ ਪ੍ਰਭਾਵਸ਼ਾਲੀ ਰੂਪ ਵਿਚ ਵਰਣਨ ਕਰਦੇ ਹੋਏ ਦਿਲਾਂ ਨੂੰ ਹਲੂਣ ਕੇ ਰਖ ਦਿਤਾ ਹੈ । ਗੁਰੂ ਸਾਹਿਬ ਦੇ ਜੀਵਨ ਦੇ ਤਿੰਨ ਪੱਖਾਂ ਨੂੰ ਕਵੀ ਨੇ ਵਿਸ਼ੇਸ਼ ਰੂਪ ਵਿਚ ਚਿਤਰਿਆ ਹੈ ਉਹ ਹਨ : ਬੀਰਤਾ ਭਰਪੂਰ, ਭਗਤੀ ਭਰਪੂਰ ਅਤੇ ਤਿਆਗ ਭਰਪੂਰ ਜੀਵਨ । ਇਸ ਕਥਾ-ਕਾਵਿ ਵਿਚ ਵਿਧਾਤਾ ਸਿੰਘ ਤੀਰ ਨੇ ਗੁਰੂ ਸਾਹਿਬ ਨੂੰ ਇਕ ਸੱਚੇ ਦੇਸ਼ ਭਗਤ, ਧਰਮ ਰਖਿਅਕ ਅਤੇ ਪੰਥ ਦੇ ਵਾਲੀ ਰੂਪ ਵਿਚ ਬਿਆਨ ਕੀਤਾ ਹੈ ।

ਕਵੀ ਨੇ ਗੁਰੂ ਸਾਹਿਬ ਦੇ ਜੀਵਨ ਨੂੰ ਬੜਾ ਸਾਦਾ ਸਰਲ ਤੇ ਸਾਫ ਜੁਬਾਨ ਵਿਚ ਪੇਸ਼ ਕੀਤਾ ਹੈ । ਉਹ ਗੁਰੂ ਸਾਹਿਬ ਦੇ ਜੀਵਨ ਦੇ ਹਰ ਪੱਖ ਨੂੰ ਬੜੇ ਸਪਸ਼ਟ ਰੂਪ ਵਿਚ ਸਮਝਾ ਸਕਿਆ ਹੈ । ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਕੌਮ ਨੂੰ ਸੁਰਜੀਤ ਕਰਨ ਦੀ ਘਾਲਣਾ ਅਤੇ ਖਾਲਸੇ ਦੀ ਸਾਜਣਾ ਨੂੰ ਬਹੁਤ ਸਫ਼ਲ ਰੂਪ ਵਿਚ ਪੇਸ਼ ਕੀਤਾ ਗਿਆ ਹੈ । ਇਸੇ ਲਈ ਕਵੀ ਦਾ ਪੈਗਾਮ ਇਹ ਹੈ ਕਿ ਹਰ ਸ਼ਹਿਰ ਅਤੇ ਹਰ ਪਿੰਡ ਅੰਦਰ ਘਰ ਘਰ ਵਿਚ ਗੁਰੂ ਸਾਹਿਬ ਦੀ ਦੇਸ਼ ਪ੍ਰੇਮ ਵਾਲੀ ਚੇਟਕ ਲਾਈ ਜਾਵੇ ।

ਇਸ ਕਿੱਸੇ ਨੂੰ ਕਵੀ ਨੇ ਦੱਸ ਖੰਡਾਂ ਵਿਚ ਬਿਆਨ ਕੀਤਾ ਹੈ । ਪਹਿਲੇ ਖੰਡ ਵਿਚ ਸਿਰਜਣਹਾਰ ਦੇ ਚਰਣਾਂ ਵਿਚ ਛਪੈ ਛੰਦ ਦੇ ਰੂਪ ਵਿਚ ਪ੍ਰਾਰਥਨਾ ਅਤੇ ਬੇਨਤੀ ਹੈ । ਫਿਰ ਦਸਾਂ ਸਤਿਗੁਰਾਂ ਦੇ ਚਰਣਾਂ ਵਿਚ ਬੇਨਤੀ ਹੈ । ਪਿਆਰੇ ਪੰਥ ਨੂੰ ਨਮਸਕਾਰ ਅਤੇ ਫਿਰ ਪਿਆਰੇ ਪੰਥ ਅਤੇ ਭਾਰਤ ਮਾਤਾ ਦੇ ਚਰਣਾਂ ਵਿਚ ਨਮਸ਼ਕਾਰ ਹੈ । ਕਵੀ ਦਾ ਪ੍ਰਣ ਹੈ ਕਿ ਉਹ ਗੁਰੂ ਸਾਹਿਬ ਦੇ ਦੇਸ਼ ਪ੍ਰੇਮ ਦੀ ਅੱਗ ਇਤਨੀ ਮਘਾ ਦੇਵੇਗਾ ਕਿ ਕੋਈ ਵੀ ਹਿੰਦ ਵਾਸੀ

ਮੌਤ ਕੋਲੋਂ ਨਹੀਂ ਡਰੇਗਾ। ਕਵੀ ਨੇ ਪੂਰੀ ਵਿਆਖਿਆ ਵਿਚ ਗੁਰੂ ਸਾਹਿਬ ਦਾ ਜੀਵਨ ਪੇਸ਼ ਕੀਤਾ ਹੈ। ਉਨ੍ਹਾਂ ਦੇ ਜਨਮ ਤੋਂ ਪਹਿਲਾਂ ਦੇ ਇਤਿਹਾਸ ਨੂੰ ਪੇਸ਼ ਕਰਦੇ ਹੋਏ ਮੁਗਲ ਇਤਿਹਾਸ ਉਪਰ ਝਾਤੀ ਪੁਆਈ ਹੈ ਕਿ ਕਿਵੇਂ ਸ਼ਾਹ ਜਹਾਨ ਨੂੰ ਕੈਦ ਕੀਤਾ ਗਿਆ ਅਤੇ ਕਿਵੇਂ ਔਰੰਗਜ਼ੇਬ ਨੇ ਭਰਾ ਨੂੰ ਕਤਲ ਕਰਕੇ ਤਖਤ ਸੰਭਾਲਿਆ। ਗੁਰੂ ਤੇਗ ਬਹਾਦਰ ਜੀ ਜਦੋਂ ਤੀਰਥਾਂ ਦੀ ਯਾਤਰਾ ਕਰਦੇ ਹੋਏ ਪਟਨਾ ਵਿਖੇ ਪਰਿਵਾਰ ਨੂੰ ਛਡ ਕੇ ਬੰਗਾਲ ਵਲ ਚਲੇ ਗਏ ਸਨ ਤਾਂ ਪਟਨੇ ਵਿਚ ਪੋਹ ਸੁਦੀ ਸਤਮੀ ਵਾਲੇ ਦਿਨ ਦਸ਼ਮੇਸ਼ ਜੀ ਦਾ ਜਨਮ ਹੋਇਆ। ਗੁਰੂ ਸਾਹਿਬ ਦੇ ਜਨਮ ਸਮੇਂ ਕਵੀ ਉਸ ਸਮੇਂ ਦੀ ਹਵਾ ਦੀ ਗੂੰਜ ਨੂੰ ਇੰਝ ਬਿਆਨ ਕਰਦਾ ਹੈ।

> ਹਵਾ ਗੂੰਜਦੀ ਆਖਦੀ ਜਾਂਵਦੀ ਸੀ, ਸਾਰੇ ਜਗ ਚੋਂ ਪਾਪ ਮਿਟਾਇਗਾ ਇਹ
> ਲੋਕੋ ਅੱਜ ਜੋ ਪੱਟਨੇ ਵਿਚ ਆਇਆ, ਰੰਗ ਆਪਣੇ ਖੂਬ ਵਿਖਾਇਗਾ ਇਹ
> ਲੋਕੀਂ ਜਿਨ੍ਹਾਂ ਨੂੰ ਛੋਹਣ ਵੀ ਨਹੀਂ ਦੇਂਦੇ, ਗੱਲ ਚੁੱਕ ਕੇ ਉਨ੍ਹਾਂ ਨੂੰ ਲਾਇਗਾ ਇਹ,
> ਜੇੜ੍ਹੀ ਏਕਤਾ ਮੂਲ ਨਾ ਹੋਣ ਦੇਂਦੀ, ਜਾਤ ਪਾਤ ਦੀ ਹੱਦ ਮਿਟਾਇਗਾ ਇਹ।[29]

ਕਵੀ ਨੇ ਬਾਲ ਦਸ਼ਮੇਸ਼ ਜੀ ਦੀਆਂ ਕਈ ਦਲੇਰੀਆਂ ਨੂੰ ਬਿਆਨ ਕੀਤਾ ਹੈ। ਇਨ੍ਹਾਂ ਵਿਚ ਸ਼ਿਵਦਤ ਪੰਡਿਤ ਦਾ ਵਰਣਨ ਖਾਸ ਤੌਰ ਤੇ ਬਹੁਤ ਪ੍ਰਭਾਵਸ਼ਾਲੀ ਹੈ ਜੋ ਗੁਰੂ ਸਾਹਿਬ ਵਿਚ ਰਾਮ ਕਿਸ਼ਨ ਅਤੇ ਗੋਪਾਲ ਦਾ ਰੂਪ ਦੇਖ ਕੇ ਨਮਸ਼ਕਾਰ ਕਰਦਾ ਹੈ। ਉਹ ਹੋਰਨਾਂ ਪੰਡਤਾਂ ਦਾ ਮਖੌਲ ਸਹਿੰਦਾ ਹੈ ਪਰ ਉਸਨੂੰ ਆਪਣੇ ਆਲੋਕਿਕ ਅਨੰਦ ਦੇ ਸਾਹਮਣੇ ਕਿਸੇ ਦੀ ਪਰਵਾਹ ਨਹੀਂ ਹੁੰਦੀ।

ਅਨੰਦਪੁਰ ਸਾਹਿਬ ਤੋਂ ਸੰਦੇਸ਼ ਆਉਣ ਨਾਲ ਜਦੋਂ ਗੁਰੂ ਸਾਹਿਬ ਪਟਨੇ ਤੋਂ ਵਿਦਾ ਹੁੰਦੇ ਹਨ ਤਾਂ ਕਵੀ ਨੇ ਪਟਨੇ ਵਾਸੀਆਂ ਦੇ ਵਲਵਲੇ ਅਤੇ ਡਾਵਾਂ ਡੋਲ ਸ਼ਕਲਾਂ ਨੂੰ ਬੜੇ ਭਾਵੁਕ ਢੰਗ ਨਾਲ ਬਿਆਨ ਕੀਤਾ ਹੈ। ਖਾਸ ਤੌਰ ਤੇ ਨਿੱਕੇ ਨਿੱਕੇ ਬਾਲਾਂ ਦੀ ਦਸ਼ਮੇਸ਼ ਜੀ ਅਗੇ ਬੇਨਤੀ ਨੂੰ ਤੋਤਲੀ ਜਬਾਨ ਵਿਚ ਪੇਸ਼ ਕਰਕੇ ਬੜਾ ਪ੍ਰਭਾਵ ਸਿਰਜਿਆ ਹੈ। ਗੁਰੂ ਸਾਹਿਬ ਸਾਰਿਆਂ ਨੂੰ ਧੀਰਜ ਦੇਂਦੇ ਹਨ। ਰਸਤੇ ਵਿਚ ਗੁਰੂ ਸਾਹਿਬ ਕਈ ਥਾਵਾਂ ਦੇ ਦਰਸ਼ਨ ਕਰਦੇ ਹੋਏ ਲਖਨੌਰ ਰੁਕ ਗਏ। ਜਿਥੋ ਦਾ ਕਵੀ ਨੇ ਬੜਾ ਖੂਬਸੂਰਤ ਵਰਣਨ ਕੀਤਾ ਹੈ ਅਤੇ ਸਯਦ ਭੀਖਮਸ਼ਾਹ ਦੇ ਸਿੱਦਕ ਨੂੰ ਬਿਆਨ ਕੀਤਾ ਹੈ।

ਦੂਜੇ ਖੰਡ ਵਿਚ ਗੁਰੂ ਸਾਹਿਬ ਦੇ ਅਨੰਦਪੁਰ ਪੁਜਣ ਅਤੇ ਉਥੋਂ ਦੀਆਂ ਰੌਣਕਾਂ, ਮਿਲਾਪ, ਪ੍ਰਸੰਨਤਾ ਨੂੰ ਬਿਆਨ ਕਰਨ ਤੋਂ ਮਗਰੋਂ ਗੁਰੂ ਸਾਹਿਬ ਦੀ ਪੜ੍ਹਾਈ ਸਿਖਲਾਈ ਵਿਆਹ ਆਦਿ ਦੇ ਪ੍ਰਸੰਗ ਦਰਜ ਹਨ। ਇਸ ਸਮੇਂ ਹਿੰਦੂਆਂ ਉਪਰ ਬਹੁਤ ਜ਼ੁਲਮ ਹੋ ਰਿਹਾ ਸੀ ਅਤੇ ਔਰੰਗਜ਼ੇਬ ਦਾ ਜ਼ੁਲਮ ਵਧਦਾ ਜਾ ਰਿਹਾ ਸੀ। ਕਵੀ ਨੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਅਤੇ ਨੌਵੇਂ ਸਤਿਗੁਰਾਂ ਦਾ ਸੰਜੀਦਗੀ ਨਾਲ ਸਾਰੇ ਮਾਮਲੇ ਨੂੰ ਸੋਚਣਾ ਤੇ ਦਸ਼ਮੇਸ਼ ਜੀ ਨੂੰ ਸਾਰੀ ਹਕੀਕਤ ਦਸਣੀ ਤੇ ਫਿਰ ਦਸ਼ਮੇਸ਼ ਜੀ ਦਾ ਆਪਣੇ ਪਿਤਾ ਜੀ ਨੂੰ ਇਹ ਉਪਕਾਰ ਕਮਾਉਣ ਲਈ ਆਖਣਾ।

ਇਸ ਸਮੇਂ ਨੌਵੇਂ ਗੁਰੂ ਜੀ ਦਾ ਦਿਲੀ ਸ਼ਹਾਦਤ ਦੇਣ ਲਈ ਜਾਣ ਦਾ ਸਾਰਾ ਪ੍ਰਸੰਗ ਅਤੇ ਔਰੰਗਜ਼ੇਬ ਨਾਲ ਵਾਰਤਾਲਾਪ ਬਹੁਤ ਪ੍ਰਭਾਵਸ਼ਾਲੀ ਹੈ। ਗੁਰੂ ਸਾਹਿਬ ਦੀ ਸ਼ਹਾਦਤ

ਨੂੰ ਕਵੀ ਨੇ ਇਉਂ ਪੇਸ਼ ਕੀਤਾ ਹੈ :

ਸੁੱਚੇ ਲਹੂ ਨੇ ਚਾਂਦਨੀ-ਚੌਂਕ ਧੋਤਾ, ਦਿੱਲੀ ਰੱਤ-ਪੀਣੀ ਠੰਢੀਠਾਰ ਹੋਈ
ਮਾਤ-ਲੋਕ ਅੰਦਰ 'ਹਾਹਾਕਾਰ' ਹੋਈ, ਦੇਵ-ਲੋਕ ਅੰਦਰ 'ਜੈ ਜੈ ਕਾਰ' ਹੋਈ
ਨੌਵੇਂ ਗੁਰਾਂ ਨੇ ਸੀਸ ਕੁਰਬਾਨ ਕੀਤਾ, 'ਹਿੰਦ' ਸੁਣਦਿਆਂ ਗੱਡਿਆਂ ਭਾਰ ਹੋਈ
ਉਨ੍ਹੇ ਲਖ ਵਾਰੀ ਨਿਮਸ਼ਕਾਰ ਕੀਤੀ, ਆਖੇ ਮੈਂ ਬਲਿਹਾਰ ਬਲਿਹਾਰ ਹੋਈ
ਆਇਆ ਵਿਚ ਦਿੱਲੀ ਹੜ ਹੰਝੂਆਂ ਦਾ, ਜਦੋਂ ਕਾਰ ਇਹ ਸਾਰੇ ਬਾਜ਼ਾਰ ਹੋਈ
ਦਿਲੋਂ ਹਿੰਦੂਆਂ ਆਖਿਆ, ਅੱਜ ਤੋਂ ਹੀ, ਸਾਡੇ ਲਈ ਦਿੱਲੀ ਹਰਦਵਾਰ ਹੋਈ
ਸਿਰ ਧੜੋਂ ਲੱਥਾ, ਗੁਰ ਨੂੰ ਟੇਕ ਮੱਥਾ, ਸੁੱਚੀ ਆਤਮਾ ਝੱਟ ਉਡਾਰ ਹੋਈ
ਲੋਕਾਂ ਵੇਖਿਆ ਜਿੰਦੜੀ ਧਰਮਵਾਲੀ, ਧਰਮ ਵਾਸਤੇ ਕਿਵੇਂ ਨਸਾਰ ਹੋਈ
'ਤੀਰ' ਦਿੱਲੀਓਂ ਅੱਜ ਕੁਰਬਾਨੀਆਂ ਦੀ, ਲੋਕੀ ਆਖਦੇ ਨੇ ਸ਼ੁਰੂ ਵਾਰ ਹੋਈ ।[21]

ਇਸ ਤੋਂ ਮਗਰੋਂ ਬਾਲ ਦਸ਼ਮੇਸ਼ ਵਲੋਂ ਗੱਦੀ ਸੰਭਾਲਣ ਅਤੇ ਕੰਮ ਚਲਾਉਣ ਵਿਚ ਆਈਆਂ ਔਖਿਆਈਆਂ ਅਤੇ ਮਾਤਾ ਗੁਜਰੀ ਜੀ ਦੀ ਸਿਆਣਪ ਤੇ ਉਦਮ ਦਾ ਵਰਣਨ ਮਿਲਦਾ ਹੈ ।

ਗੁਰੂ ਗੋਬਿੰਦ ਸਿੰਘ ਜੀ ਦੀ ਸਮੇਂ ਦੇ ਫਰੇਬੀਆਂ ਨਾਲ ਟੱਕਰ ਹੋਣੀ ਲਾਜ਼ਮੀ ਸੀ ਅਜੇਹੇ ਸਮੇਂ ਉਹ ਸੋਚਵਾਨ ਰਹਿੰਦੇ ਹੋਏ ਟਕਰਾਓ ਦਾ ਰਾਹ ਅਪਣਾਉਣ ਦਾ ਫੈਸਲਾ ਕਰਦੇ ਹਨ ਕਵੀ ਨੇ ਇਸ ਸਮੇਂ ਦੀ ਉਨ੍ਹਾਂ ਦੀ ਮਾਨਸਿਕ ਸਥਿਤੀ ਨੂੰ ਅਤੇ ਪ੍ਰਣ ਕਰਨ ਦੇ ਸੰਕਲਪ ਨੂੰ ਬੜੇ ਚੰਗੇ ਢੰਗ ਨਾਲ ਬਿਆਨ ਕੀਤਾ ਹੈ । 'ਤੀਰ' ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਉਹ ਸਮਕਾਲੀਨ ਪ੍ਰਸ਼ਨਾਂ ਨੂੰ ਵੀ ਗੁਰੂ ਸਾਹਿਬ ਦੇ ਸਮੇਂ ਨਾਲ ਜੋੜ ਕੇ ਉਤਰ ਦੇਣ ਦਾ ਉਪਰਾਲਾ ਕਰਦਾ ਹੈ ਤੇ ਗੁਰੂ ਸਾਹਿਬ ਦੇ ਪੈਗਾਮ ਦੀ ਅਜੋਕੀ ਸਾਰਥਕਤਾ ਨੂੰ ਵੀ ਪੇਸ਼ ਕਰਦਾ ਹੈ । ਜਿਵੇਂ ਇਸ ਪ੍ਰਸੰਗ ਉਪਰ ਉਹ ਮਹਾਤਮਾ ਗਾਂਧੀ ਦੀ ਇਕ ਗਲ ਦਾ ਜੁਆਬ ਦੇਂਦਾ ਹੋਇਆ ਲਿਖਦਾ ਹੈ ਕਿ ਤੇਗ ਉਠਾਉਣ ਦਾ ਫੈਸਲਾ ਬਹੁਤ ਜ਼ਰੂਰੀ ਸੀ ।

ਇਸ ਤੋਂ ਅਗਾਂਹ 'ਤੀਰ' ਨੇ ਗੁਰੂ ਸਾਹਿਬ ਦੇ ਰੋਜ਼ਾਨਾ ਪ੍ਰੋਗਰਾਮ, ਦੀਵਾਨ ਦੀ ਰੌਣਕ, ਲੰਗਰ, ਰਣਜੀਤ ਨਗਾਰੇ ਦੀਆਂ ਧੁੰਮਾਂ, ਪਹਾੜੀ ਰਾਜਿਆਂ ਦਾ ਵਰਣਨ ਤੇ ਹੋਰ ਕੌਤਕਾਂ ਦਾ ਵਰਣਨ ਕੀਤਾ ਹੈ ।

ਕਵੀ ਨੇ ਪਹਾੜੀ ਰਾਜਿਆਂ ਅਤੇ ਖਾਸ ਤੌਰ ਤੇ ਰਾਜਾ ਭੀਮ ਚੰਦ ਨਾਲ ਹੋਈ ਲੜਾਈ ਤੇ ਇਸਦੇ ਕਾਰਣਾਂ ਦਾ ਵਿਸਤ੍ਰਿਤ ਵਰਣਨ ਕੀਤਾ ਹੈ । ਇਸ ਕਿੱਸੇ ਵਿਚ ਯੁਧ ਭੰਗਾਣੀ ਦੀ ਵਾਰ ਕਵੀ ਦੀ ਵਿਸ਼ੇਸ਼ ਬੀਰ ਰਸੀ ਰਚਨਾ ਹੈ ਜਿਸ ਵਿਚ ਉਸਨੇ ਲੜਾਈ ਦੇ ਇਕ ਇਕ ਪੱਖ ਦਾ ਵਰਣਨ ਕੀਤਾ ਹੈ । ਇਸ ਤੋਂ ਮਗਰੋਂ ਗੁਰੂ ਸਾਹਿਬ ਦੇ ਅਨੰਦਪੁਰ ਚਲੇ ਜਾਣ ਅਤੇ ਉਥੇ ਸਿੱਖਾਂ ਨੂੰ ਬੀਰ ਰਸ ਦੀ ਸਿਖਿਆ ਦੇਣ ਦਾ ਵਰਣਨ ਆਉਂਦਾ ਹੈ । ਹਥਿਆਰ ਤਿਆਰ ਕਰਾਏ ਜਾਂਦੇ ਹਨ । ਇਸ ਸਮੇਂ ਦੇ ਦੌਰਾਨ ਗੁਰੂ ਜੀ ਨੂੰ ਅਮਨ ਦੇ ਦੋ ਸਾਲ ਮਿਲੇ ਜਿਸ ਵਿਚ ਸਿੱਖ ਫੌਜ ਨੂੰ ਬਹੁਤ ਸਿਖਲਾਈ ਦਿੱਤੀ ।

ਕਵੀ ਨੇ ਪੰਜਵੇਂ ਖੰਡ ਵਿਚ ਅਨੰਦਪੁਰ ਦੀ ਗਹਿਮਾ ਗਹਿਮੀ ਅਤੇ ਪੰਜ ਪਿਆਰਿਆਂ ਦੀ ਸਥਾਪਨਾ ਨੂੰ ਬੜੀ ਸੁਚੱਜਤਾ ਨਾਲ ਬਿਆਨ ਕੀਤਾ । ਇਸ ਤੋਂ ਇਲਾਵਾ ਉਸਨੇ

ਅਮ੍ਰਿਤ ਛਕਣ ਅਤੇ ਪੰਜ ਕਕਿਆਂ ਦਾ ਮਹੱਤਵ ਵੀ ਦਰਸਾਇਆ ਹੈ। ਹੌਲੀ ਹੌਲੀ ਗੁਰੂ ਸਾਹਿਬ ਦੀ ਲੜਾਈ ਵੱਧਦੀ ਚਲੀ ਜਾਂਦੀ ਹੈ ਅਤੇ ਸ਼ਾਹੀ ਫੌਜਾਂ ਨਾਲ ਲੜਾਈ ਵਿਚ ਤਬਦੀਲ ਹੋ ਜਾਂਦੀ ਹੈ। ਗੁਰੂ ਸਾਹਿਬ ਦੀ ਫੌਜ ਹੱਥੋਂ ਸ਼ਾਹੀ ਫੌਜ ਨੂੰ ਹਾਰ ਵੀ ਹੁੰਦੀ ਹੈ। ਔਰੰਗਜ਼ੇਬ ਉਪਰ ਇਸ ਹਾਰ ਦਾ ਅਸਰ ਹੁੰਦਾ ਹੈ ਤੇ ਉਹ ਦਸ਼ਮੇਸ਼ ਜੀ ਨੂੰ ਸੱਦਾ ਭੇਜਦਾ ਹੈ। ਗੁਰੂ ਸਾਹਿਬ ਔਰੰਗਜ਼ੇਬ ਨੂੰ ਜੋ ਜੁਆਬ ਭੇਜਦੇ ਹਨ ਉਸ ਨਾਲ ਉਹ ਸੜ ਬਲ ਉਠਦਾ ਹੈ ਅਤੇ ਉਹ ਸਾਰਿਆਂ ਸੂਬਿਆਂ ਨੂੰ ਸਖਤ ਹੁਕਮ ਭੇਜ ਕੇ ਫੌਜ ਦੀ ਚੜ੍ਹਾਈ ਕਰਾਉਂਦਾ ਹੈ। ਇਧਰ ਗੁਰੂ ਸਾਹਿਬ ਸਿੱਖਾਂ ਨੂੰ ਇਕੱਠਿਆਂ ਕਰਦੇ ਹਨ, ਕਈ ਲੜਾਈਆਂ ਹੁੰਦੀਆਂ ਹਨ। ਭਾਈ ਘਨਈਆ ਫਟੱੜਾਂ ਨੂੰ ਪਾਣੀ ਪਿਲਾਉਂਦਾ ਨਜ਼ਰ ਆਉਂਦਾ ਹੈ। ਅਨੰਦਪੁਰ ਦੇ ਦੁਆਲੇ ਸ਼ਾਹੀ ਫੌਜਾਂ ਆਪਣਾ ਘੇਰਾ ਮਜਬੂਤ ਕਰ ਲੈਂਦੀਆਂ ਹਨ। ਸਿੱਖ ਫੌਜਾਂ ਨੂੰ ਕਈ ਮੁਸੀਬਤਾਂ ਝਲਣੀਆਂ ਪੈਂਦੀਆਂ ਹਨ। ਅਜੇਹੇ ਸਮੇਂ ਭੁੱਖ ਨਾਲ ਪ੍ਰੇਸ਼ਾਨ ਕਈ ਸਿੱਖ ਬੇਦਾਵਾ ਲਿਖ ਕੇ ਚਲੇ ਜਾਂਦੇ ਹਨ। ਅਖੀਰ ਗੁਰੂ ਸਾਹਿਬ ਨੂੰ ਇਕ ਰਾਤ ਅਨੰਦਪੁਰ ਛਡਣ ਦਾ ਫੈਸਲਾ ਕਰਨਾ ਪੈਂਦਾ ਹੈ। ਇਸ ਸਮੇਂ ਸਰਸਾ ਦੇ ਕੰਢੇ ਉਤੇ ਯੁੱਧ ਅਤੇ ਚਮਕੌਰ ਦੇ ਯੁੱਧ ਦਾ ਦਿਲ ਹਲੂਣ ਵਾਲਾ ਵਰਣਨ ਕੀਤਾ ਹੈ।

ਗੜ੍ਹੀ ਚਮਕੌਰ ਦੀ ਸ਼ਹੀਦੀ ਵਾਰ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਦੇ ਲੜਦੇ ਹੋਏ ਸ਼ਹੀਦੀ ਪਾਣ ਦਾ ਬੜਾ ਪ੍ਰਭਾਵਸ਼ਾਲੀ ਵਰਣਨ ਹੈ।

ਏਦਾ ਦੇਸ਼ ਦੇ ਵਾਸਤੇ ਜੰਗ ਅੰਦਰ ਵਾਰੇ ਪੁੱਤ ਨਿਦਾਨ ਦਸ਼ਮੇਸ਼ ਜੀ ਨੇ,
ਸਦਾ ਲਈ 'ਕੁਰਬਾਨੀਆਂ ਸੁੱਚੀਆਂ ਦੇ, ਦਿੱਤੇ ਗੱਡ ਨਿਸ਼ਾਨ ਦਸ਼ਮੇਸ਼ ਜੀ ਨੇ'
ਸਮੇ ਆਖਿਆ ਜ਼ੁਲਮ ਮਿਟਾਣ ਖਾਤਰ, 'ਵਾਰੇ ਚੰਦ ਤੇ ਭਾਨ' ਦਸ਼ਮੇਸ਼ ਜੀ ਨੇ'
ਲਾਲ ਹੋ ਚਮਕੌਰ ਦੀ ਧਰਤ ਬੋਲੀ, 'ਮੇਰਾ ਰੱਖਿਆ ਮਾਨ' ਦਸ਼ਮੇਸ਼ ਜੀ ਨੇ,
ਭਾਰਤ ਮਾਂ ਭਰਕੇ ਦੋਵੇਂ ਨੈਣ ਆਖੇ, 'ਮੈਨੂੰ ਬਖਸ਼ਿਆ ਦਾਨ' ਦਸ਼ਮੇਸ਼ ਜੀ ਨੇ।[22]

ਖਾਲਸੇ ਦੇ ਗੁਰਮਤੇ ਦੇ ਕਾਰਣ ਗੁਰੂ ਸਾਹਿਬ ਚਮਕੌਰ ਤੋਂ ਰਵਾਨਾ ਹੁੰਦੇ ਹਨ ਅਤੇ ਮਾਛੀਵਾੜੇ ਦੇ ਜੰਗਲ ਵਲ ਨਿਕਲ ਜਾਂਦੇ ਹਨ। ਉਥੋਂ ਕੁਝ ਸਿੱਖਾਂ ਦੀ ਮਦਦ ਨਾਲ ਉੱਚ ਦੇ ਪੀਰ ਬਣ ਕੇ ਨਿਕਲ ਜਾਂਦੇ ਹਨ। ਉਧਰ ਮਾਤਾ ਗੁਜਰੀ ਜੀ ਦਾ ਬਿਪਤਾਵਾਂ ਨੂੰ ਝਲਣਾ ਅਤੇ ਉਧਰੋਂ ਗੰਗੂ ਬ੍ਰਾਹਮਣ ਦਾ ਨੀਚਤਾ ਨੂੰ ਦਿਖਾਉਣ ਕਰਕੇ ਕੈਦ ਹੋ ਜਾਂਦੇ ਹਨ ਅਤੇ ਸਾਹਿਬਜਾਦਾ ਜ਼ੋਰਾਵਰ ਤੇ ਫਤਿਹ ਸਿੰਘ ਨੀਹਾਂ ਵਿਚ ਚੁਣੇ ਜਾਂਦੇ ਹਨ। ਇਸ ਤੋਂ ਉਪਰੰਤ ਦਸ਼ਮੇਸ਼ ਜੀ ਵਲੋਂ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਣ ਦਾ ਵਰਣਨ ਆਉਂਦਾ ਹੈ। ਔਰੰਗਜ਼ੇਬ ਉਪਰ ਇਸ ਫਤਿਹ ਦੀ ਚਿੱਠੀ ਦਾ ਬੜਾ ਅਸਰ ਹੁੰਦਾ ਹੈ।

ਦਸਵੇਂ ਕਾਂਡ ਵਿਚ ਕਵੀ ਨੇ ਬੇਦਾਵਿਆਂ ਦੀ ਟੁਟੀ ਗੰਢਣ ਤੇ ਮਾਈ ਭਾਗੋ ਦੇ ਪ੍ਰਸੰਗਾਂ ਦਾ ਵਰਣਨ ਕੀਤਾ ਹੈ। ਔਰੰਗਜ਼ੇਬ ਦੀ ਮੌਤ ਤੋਂ ਮਗਰੋਂ ਮੁਗਲ ਰਾਜ ਦੀ ਆਪੋ ਧਾਪੀ ਦਾ ਵਰਣਨ ਕੀਤਾ ਗਿਆ ਹੈ ਗੁਰੂ ਸਾਹਿਬ ਮਾਧੋ ਦਾਸ ਬੈਰਾਗੀ ਨੂੰ ਮਿਲਦੇ ਹਨ ਅਤੇ ਉਸਨੂੰ ਬੈਰਾਗੀ ਤੋਂ ਬੀਰ ਤੇ ਬੰਦੇ ਤੋਂ ਬੰਦਾ ਸਿੰਘ ਬਣਾਉਂਦੇ ਹਨ ਤੇ ਉਹ ਅਮ੍ਰਿਤ ਛਕ ਕੇ ਪਰਤਿਗਿਆ ਕਰਦਾ ਹੈ ਅਤੇ ਗੁਰੂ ਸਾਹਿਬ ਤੋਂ ਅਸੀਸ ਲੈ ਕੇ ਪੰਜਾਬ ਵਲ ਤੁਰਦਾ ਹੈ। ਇਸ ਸਮੇਂ ਗੁਰੂ ਸਾਹਿਬ ਨੰਦੇੜ ਹੀ ਰਹਿੰਦੇ ਹਨ ਅਤੇ ਇਸ ਸਮੇਂ ਨੂੰ ਗੁਰੂ ਸਾਹਿਬ ਦਾ

ਸਚ-ਖੰਡ ਦੀ ਤਿਆਰੀ ਦਾ ਸਮਾਂ ਦਸਿਆ ਹੈ । ਤੀਰ ਜੀ ਨੇ ਚਤਰਯੁਗੀ ਪੁਸਤਕ ਅਤੇ ਪ੍ਰੋ. ਕਰਤਾਰ ਸਿੰਘ ਰਚਿਤ ਜੀਵਨ ਕਥਾ ਗੁਰੂ ਗੋਬਿੰਦ ਸਿੰਘ ਜੀ ਦੇ ਅਧਾਰ ਤੇ ਦਸਿਆ ਹੈ ਕਿ ਨਵਾਬ ਸਰਹੰਦ ਨੇ ਇਕ ਪਠਾਨ ਨੂੰ ਤਿਆਰ ਕੀਤਾ ਜੋ ਦਿਲੀਓਂ ਚਲ ਕੇ ਗੁਰੂ ਸਾਹਿਬ ਪਾਸ ਨੰਦੇੜ ਪੁਜਾ । ਉਸਨੇ ਗੁਰੂ ਸਾਹਿਬ ਉਤੇ ਵਾਰ ਕੀਤਾ ਜਿਸਦਾ ਜਖਮ ਮਲਮ ਪੱਟੀ ਨਾਲ ਠੀਕ ਹੋ ਗਿਆ ਪਰ ਇਕ ਦਿਨ ਕਮਾਨ ਉਪਰ ਚਿਲ੍ਹਾ ਚੜ੍ਹਾਉਣ ਨਾਲ ਤੋਪੇ ਟੁਟ ਗਏ ਅਤੇ ਜ਼ਖਮ ਖੁਲ੍ਹ ਗਿਆ । ਗੁਰੂ ਸਾਹਿਬ ਗਿਆਨਵਾਨ ਸਨ ਇਸ ਲਈ ਉਨ੍ਹਾਂ ਸਿੱਖ ਸੰਗਤ ਨੂੰ ਉਪਦੇਸ਼ ਦਿਤਾ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦਿਤੀ ।

ਮਹਾਰਾਜ ਨੇ ਆਖਿਆ ਸਿਦਕਵਾਨਾ, ਮਲ੍ਹਮ ਪੱਟੀਆਂ ਦੀ ਕੋਈ ਲੋੜ ਨਾਹੀ
ਭਾਣੇ ਵਿਚ ਹੈ ਅੱਜ ਇਹ ਕਾਰ ਹੋਈ, ਭਾਣਾ ਕੋਈ ਵੀ ਸਕਦਾ ਹੋੜ ਨਾਹੀ
ਜੋੜੇ ਉਹ ਤਾਂ ਜੀਵ ਦਾ ਕੀ ਚਾਰਾ, ਜੋੜੀ ਉਸ ਦੀ ਸਕਦਾ ਤੋੜ ਨਾਹੀ
ਤੋੜੇ ਉਹ ਤਾਂ ਕੋਈ ਵੀ ਹੋਇ ਭਾਵੇਂ, ਟੁੱਟੀ ਹੋਈ ਨੂੰ ਸਕਦਾ ਜੋੜ ਨਾਹੀ
ਚਾਹੇ ਉਹ ਤਾਂ ਰੱਖ ਲਏ ਮਰਦਿਆਂ ਨੂੰ, ਉਦੇ ਘਰ ਅੰਦਰ ਕੋਈ ਥੋੜ ਨਾਹੀ
'ਤੀਰ' ਉਸਦਾ ਆ ਗਿਆ ਹੁਕਮ ਸਾਨੂੰ, ਉਦੀ ਆਗਿਆ ਸਕਦੇ ਮੋੜ ਨਾਹੀ ।[23]

ਅਖੀਰ ਉਪਰ ਕਵੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਨਜ਼ਰ ਮਾਰਦੇ ਹੋਏ ਦਸ਼ਮੇਸ਼ ਜੀ ਦੇ ਪਰਉਪਕਾਰਾਂ ਦਾ ਅਤੇ ਸੁੱਚੇ ਆਚਰਣ ਨੂੰ ਪੇਸ਼ ਕੀਤਾ ਹੈ। ਉਨ੍ਹਾਂ ਦੇ ਨਿਰਭੈ ਅਤੇ ਸੂਰਬੀਰ ਸੁਭਾਅ ਨੂੰ ਮਹਾਬਲੀ ਅਤੇ ਮਹਾਕਵੀ ਤੇ ਵਿਦਵਾਨ ਰੂਪ ਦਸਦੇ ਹੋਏ ਉਨ੍ਹਾਂ ਦੀਆਂ ਰਚਨਾਵਾਂ ਦਾ ਵ਼ਰਣਨ ਕੀਤਾ ਹੈ । ਉਨ੍ਹਾਂ ਦੇ ਨਿਰਮਾਣਤਾ ਦੇ ਨਮੂਨੇ ਅਤੇ ਸੁਚੱਜੇ ਗ੍ਰਿਹਸਤੀ ਹੋਣ ਦੇ ਪੱਖ ਪੇਸ਼ ਕਰਨ ਤੋਂ ਮਗਰੋਂ ਉਨ੍ਹਾਂ ਨੂੰ ਇਕ ਬੇਮਿਸਾਲ ਦੇਸ਼ ਭਗਤ ਦੇ ਰੂਪ ਵਿਚ ਦਰਸਾਇਆ ਹੈ । ਉਸਨੇ ਇਹ ਵੀ ਦਸਿਆ ਹੈ ਕਿ ਦਸ਼ਮੇਸ਼ ਜੀ ਦੀ ਜ਼ਿੰਦਗੀ ਤੋਂ ਅਸੀਂ ਕੀ ਸਿਖਿਆ ਹਾਸਲ ਕਰ ਸਕਦੇ ਹਾਂ ਇਸਤੋਂ ਮਗਰੋਂ ਕਵੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦਗਾਰ ਸੰਬੰਧੀ ਵਰਣਨ ਕਰਦੇ ਹੋਏ ਦਸਿਆ ਹੈ ਕਿ ਕਿਵੇਂ ਸਿਦਕੀ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਸਾਹਿਬ ਦੀ ਯਾਦਗਾਰ ਬਣਾਉਣ ਦਾ ਫੈਸਲਾ ਕਰ ਲਿਆ ਕਿ ਅਜੇਹਾ ਕਰਨ ਨਾਲ ਭਾਵੇਂ ਉਸਦਾ ਖਾਨਦਾਨ ਮਿਟ ਜਾਵੇ । ਮਹਾਰਾਜਾ ਰਣਜੀਤ ਸਿੰਘ ਨੇ ਅਬਚਲ ਨਗਰ ਵਿਚ ਗੁਰੂ ਸਾਹਿਬ ਦੀ ਯਾਦਗਾਰ ਬਣਾ ਕੇ ਆਪਣੇ ਕੁਨਬੇ ਨੂੰ ਇਕ ਤਰ੍ਹਾਂ ਨਾਲ ਵਾਰ ਦਿਤਾ ।

ਇਸ ਕਿੱਸੇ ਵਿਚ ਵਿਧਾਤਾ ਸਿੰਘ ਤੀਰ ਨੇ ਬੜੀ ਸਾਫ ਜ਼ੁਬਾਨ ਵਿਚ ਅਤੇ ਬੜੀ ਠੇਠ ਪੰਜਾਬੀ ਵਿਚ ਸਾਰਾ ਵਰਣਨ ਕੀਤਾ ਹੈ ਤੇ ਸਾਰੀ ਰਚਨਾ ਅਲੰਕਰਿਤ ਹੈ ਅਤੇ ਛੰਦਾ-ਬੰਦੀ ਵਿਚ ਹੈ । 'ਤੀਰ' ਦੀ ਸ਼ੈਲੀ ਦੀ ਵਿਸ਼ੇਸ਼ਤਾ ਹੈ ਕਿ ਉਸਦੇ ਸਾਰੇ ਕਿੱਸੇ ਵਿਚ ਕਹਾਣੀ ਰਸ ਨੂੰ ਕਾਇਮ ਰਖਿਆ ਹੈ । ਥਾਂ ਪੁਰ ਥਾਂ ਸੁੰਦਰ ਅਲੰਕਾਰਾਂ ਦੀ ਜੜਤ ਕੀਤੀ ਗਈ ਹੈ ਅਤੇ ਕਈ ਥਾਈਂ ਉਸਨੇ ਪੰਕਤੀਆਂ ਨੂੰ ਲੋਕੋਕਤੀਆਂ ਦੀ ਸ਼ੈਲੀ ਵਿਚ ਢਾਲਿਆ ਹੈ : ਜਿਵੇਂ :

1. ਐਪਰ ਉਸ ਦਾ ਹੋਇ ਨਾ ਵਾਲ ਵਿੰਗਾ
   ਰਾਖਾ ਜਿਸਦਾ ਤੀਰ ਅਕਾਲ ਹੋਏ

2. ਤੀਰ ਕੜ੍ਹੀ ਘੱਲੀ ਤੇਰੇ ਸਾਥੀਆਂ ਨੇ,
ਤੇਰਾ ਕੀ ਏਹ ਫੇਰ ਵਸਾਹ ਖਾਨਾ

ਰੂਪ-ਰਾਣੀ ਸ਼ਕੁੰਤਲਾ

'ਤੀਰ ਜੀ' ਨੇ ਰੂਪ-ਰਾਣੀ ਸ਼ਕੁੰਤਲਾ ਦਾ ਕਿੱਸਾ ਲਿਖਿਆ ਹੈ, ਜਿਸਦੀ ਦੂਜੀ ਐਡੀਸ਼ਨ ਨਵੰਬਰ 1957 ਵਿਚ ਪ੍ਰਕਾਸ਼ਿਤ ਹੋਈ। ਤੀਰ ਦੇ ਕਿੱਸਿਆਂ ਨੇ ਪੰਜਾਬੀ ਕਿੱਸਾ ਸਾਹਿਤ ਵਿਚ ਚੋਖਾ ਵਾਧਾ ਕੀਤਾ ਹੈ। ਜਿਸ ਵਿਚ 'ਰੂਪ-ਰਾਣੀ ਸ਼ਕੁੰਤਲਾ' ਦੇ ਕਿੱਸੇ ਦਾ ਖਾਸ ਸਥਾਨ ਹੈ। ਪ੍ਰਸਿਧ ਸੰਸਕ੍ਰਿਤ ਕਵੀ ਕਾਲੀਦਾਸ ਨੇ ਸ਼ਕੁੰਤਲਾ ਦੀ ਪ੍ਰੇਮ ਕਹਾਣੀ ਨੂੰ ਨਾਟਕ ਦੇ ਰੂਪ ਵਿਚ ਪੇਸ਼ ਕੀਤਾ ਸੀ। ਤੀਰ ਨੇ ਇਸਨੂੰ ਠੇਠ ਪੰਜਾਬੀ ਵਿਚ ਕਾਵਿ-ਬਧ ਕੀਤਾ ਅਤੇ ਇਕ ਵਡਮੁਲੀ ਰਚਨਾ ਤਿਆਰ ਕੀਤੀ।

ਡਾ. ਮੋਹਨ ਸਿੰਘ ਦੀਵਾਨਾ ਨੇ ਇਹ ਕਿੱਸਾ ਪੜ੍ਹਿਆ ਤੇ ਸੱਚ ਮੁਚ ਰੂਪ-ਰਾਣੀ ਨੇ ਉਸਦੇ ਕਲੇਜੇ ਵਿਚ ਤੀਰ ਮਾਰਿਆ। ਉਸਦਾ ਰੋਮ ਰੋਮ ਪਵਿਤਰ ਪਿਆਰ ਨਾਲ ਨਸ਼ਿਆ ਗਿਆ ਤੇ ਕਵੀ ਦੀ ਪ੍ਰਸੰਸਾ ਕੀਤੇ ਬਿਨਾ ਨਾ ਰਹਿ ਸਕਿਆ। ਉਹ ਇਸ ਕਿੱਸੇ ਉਤੋਂ ਨਿਕੀਆਂ ਕਵਿਤਾਵਾਂ ਵਾਲੀਆਂ ਉਹ ਸਾਰੀਆਂ ਪੁਸਤਕਾਂ ਵਾਰਨ ਨੂੰ ਤਿਆਰ ਹੈ, ਜਿਨ੍ਹਾਂ ਦੇ ਲੇਖਕ ਆਪਣੇ ਆਪ ਨੂੰ ਉਚ ਕੋਟੀ ਦੇ ਕਵੀ ਮੰਨਦੇ ਹਨ। ਡਾ. ਮੋਹਨ ਸਿੰਘ ਦੀਵਾਨਾ ਨੂੰ ਮੋਹਣ ਲਈ ਤਾਂ ਇਕ ਤੁਕ ਹੀ ਕਾਫੀ ਹੈ :-

ਕਿਵੇਂ ਕੁੜੀ ਤੱਪਸਣੀ ਗਈ ਮੋਹੀ,
ਰਾਜਾ ਕਿਵੇਂ ਫਾਥਾ ਪ੍ਰੇਮ ਫਾਸ ਅੰਦਰ

ਉਸਨੂੰ ਕਿੱਸੇ ਵਿਚ ਮਾਨਸਿਕ ਤੇ ਸਰੀਰਕ ਚਿਤਰਕਾਰੀ ਤੇ ਮੂਰਤੀਕਾਰੀ ਵਿਖਾਈ ਦਿੰਦੀ ਹੈ। ਤਦੇ ਤਾਂ ਉਹ (ਡਾ. ਦੀਵਾਨਾ) ਠਾਕਰ ਸਿੰਘ ਤੇ ਸੋਭਾ ਸਿੰਘ ਵਰਗੇ ਮਹਾਨ ਕਲਾਕਾਰਾਂ ਨੂੰ ਇਸਦੀ ਸੋਭਾ ਕਰਨ ਵਾਸਤੇ ਆਖਦਾ ਹੈ :

> ਕਾਲੀਦਾਸ ਨੇ ਸਭ ਕੁਝ ਨਹੀਂ ਨਿਚੋੜ ਲਇਆ। ਸਾਡੇ ਤੀਰ ਨੇ ਪਹਿਲਾ ਕਾਰੀ ਤੀਰ ਤਾਂ ਮਾਰਿਆ ਹੈ ਰੂਪ ਰਾਣੀ ਨਾਂ ਧਰ ਕੇ ਜਾਂ ਵਿਸ਼ੇਸ਼ਣ ਘਟ ਕੇ ਤੇ ਫਿਰ ਇਸ ਪ੍ਰੇਮ-ਕਹਾਣੀ ਹੇਠਾਂ ਪ੍ਰੇਮ ਦੇ ਸਨਾਤਨ ਧਰਮ ਦੀਆਂ ਕਿੰਨੀਆਂ ਅਹਲ ਸਮਸਿਆਵਾਂ ਖਾਲੀ ਗਿਣਾ ਕੇ ਗਿਣਾਉਣਾ ਹੀ ਸੁੰਦਰਤਮ ਗੁਝਤਮ ਗੱਲ ਹੈ, ਆਪਣੀ ਡੂੰਘੀ ਸੂਝ ਦਾ ਪੂਰਨ ਸੰਕੇਤ ਦੇ ਦਿਤਾ ਹੈ।[24]

ਰੂਪ-ਰਾਣੀ ਸ਼ਕੁੰਤਲਾ ਦਾ ਅਰੰਭ ਕਵੀ ਨੇ ਪਰੰਪਰਾ ਅਨੁਸਾਰ ਮੰਗਲਾਚਰਣ ਨਾਲ ਕੀਤਾ ਹੈ ਅਤੇ ਫਿਰ ਤ੍ਰੈ-ਭੰਗੀ ਛੰਦ ਵਿਚ ਰਬ ਦੀ ਉਸਤਤ ਪੇਸ਼ ਕੀਤੀ ਹੈ :

ਹੇ ਸਾਜਣ ਹਾਰੇ ! ਜਗਤ ਸਹਾਰੇ ! ਪ੍ਰੀਤਮ ਪਿਆਰ ! ਹਰਿ ਤੂੰ ਹੀ।
ਹੇ ਜੋਤ-ਅਕਾਲੀ ! ਜਗ ਦੇ ਵਾਲੀ ! ਝੋਲੀ ਖਾਲੀ ਭਰ ਤੂੰ ਹੀ।
ਕਵਿ ਮੂੜ ਅੰਜਾਣਾ, ਦਾਸ ਨਿਮਾਣਾ, ਝੋਲੀ ਪਾਣਾ ! ਵਰ ਤੂੰ ਹੀ।
ਰਖ ਅਪਣੀ ਸ਼ਰਨੀ, ਲਾਲੇ ਚਰਨੀ, ਕਿਰਪਾ ਕਰਨੀ, ਕਰ ਤੂੰ ਹੀ।[25]

ਰਬ ਦੀ ਉਸਤਤ ਤੋਂ ਮਗਰੋਂ ਉਸਨੇ ਬੈਂਤਾਂ ਦੀ ਰਚਨਾ ਰਾਹੀਂ ਗਿਆਨ ਦੀ ਦਾਤ ਮੰਗੀ ਹੈ ਅਤੇ ਪਰਮਾਤਮਾ ਦੀ ਵਡਿਆਈ ਕੀਤੀ ਹੈ। ਰਾਜਾ ਦੁਸ਼ਯੰਤ ਅਤੇ ਰੂਪ-ਰਾਣੀ

ਸ਼ਕੁੰਤਲਾ ਦੀ ਪ੍ਰੇਮ ਕਹਾਣੀ ਬੜੀ ਪ੍ਰਸਿਧ ਹੈ। ਮਹਾਭਾਰਤ ਅਨੁਸਾਰ ਦੁਸ਼ਯੰਤ ਇਕ ਪੁਰਵੰਸ਼ੀ ਰਾਜਾ ਸੀ ਜੋ ਸ਼ਕੁੰਤਲਾ ਦਾ ਪਤੀ ਸੀ ਜਿਸਦੇ ਮਹਾ ਪ੍ਰਤਾਪੀ ਭਰਤ ਪੁਤਰ ਜੰਮਿਆ ਜਿਸ ਤੋਂ ਦੇਸ਼ ਦਾ ਨਾਂ ਭਾਰਤ ਹੋਇਆ।[26]

ਸ਼ਕੁੰਤਲਾ ਮੇਨਕਾ ਅਪਸਰਾ ਦੇ ਗਰਭ ਤੋਂ ਵਿਸ਼ਵਾਮਿਤ੍ਰ ਰੀਖੀ ਦੀ ਪੁਤਰੀ ਸੀ ਜਿਸਨੂੰ ਮੇਨਕਾ ਨੇ ਜੰਗਲ ਵਿਚ ਸੁਟ ਦਿਤਾ ਤੇ ਪੰਛੀਆਂ ਨੇ ਉਸਦਾ ਪਾਲਣ ਪੋਸ਼ਣ ਕੀਤਾ ਫਿਰ ਕੰਨਵ ਮੁੰਨੀ ਦਯਾ ਕਰਕੇ ਉਸਨੂੰ ਆਪਣੇ ਆਸ਼ਰਮ ਵਿਚ ਲੈ ਗਿਆ। ਰਾਜਾ ਦੁਸ਼ਯੰਤ ਇਕ ਵਾਰ ਜੰਗਲ ਵਿਚ ਸ਼ਕੁੰਤਲਾ ਨੂੰ ਦੇਖ ਕੇ ਮੋਹਿਤ ਹੋ ਗਿਆ ਅਤੇ ਗੰਧਰਵ ਵਿਆਹ ਕਰਕੇ ਉਸਤੋਂ ਭਰਤ ਪੁਤਰ ਪੈਦਾ ਕੀਤਾ। ਕਵੀ ਕਾਲੀਦਾਸ ਨੇ 'ਅਭਿਗਯਾਨ ਸ਼ਕੁੰਤਲਾ' ਵਿਚ ਇਸ ਮਨੋਹਰ ਕਥਾ ਨੂੰ ਲਿਖਿਆ ਹੈ। ਦਸਮ ਗ੍ਰੰਥ ਵਿਚ ਸ਼ਕੁੰਤਲਾ ਨੂੰ ਪ੍ਰਿਥੂ ਰਾਜਾ ਦੀ ਇਸਤਰੀ ਦਸਿਆ ਗਿਆ ਹੈ।[27]

ਵਿਧਾਤਾ ਸਿੰਘ ਤੀਰ ਨੇ ਮਹਾ ਭਾਰਤ ਦੇ ਇਸੇ ਪ੍ਰਸੰਗ ਵਿਚ ਸ਼ਕੁੰਤਲਾ ਦੀ ਕਥਾ ਨੂੰ ਬਿਆਨ ਕਰਦੇ ਹੋਏ ਉਸਦੀ ਠਾਠਾਂ ਮਾਰਦੀ ਜਵਾਨੀ ਦਾ ਵਰਣਨ ਇੰਞ ਕੀਤਾ ਹੈ :-

> ਜੁੱਸੇ ਵਿਚ ਆ ਜੋਬਨੇ ਜੋਸ਼ ਖਾਧਾ, ਜਦੋਂ ਰੂਪ ਦੀ ਖਾਣ ਮੁਟਿਆਰ ਹੋਈ
> ਜਿਵੇਂ ਮਹਿਕ ਉਠੀ ਗੇਲੀ ਚੰਨਣੇ ਦੀ, ਤਿਵੇਂ ਮਹਿਕ ਦੀ ਰੂਹ ਸਾਕਾਰ ਹੋਈ
> ਜਾਪੇ ਇਉਂ ਬਸੰਤ ਦੀ ਰੁੱਤ ਵਿਚੋਂ, ਠੰਗੀ ਜਿਵੇਂ ਬਸੰਤ ਨੁਹਾਰ ਹੋਈ
> ਉਦੀ ਦੇਹ ਵਿਚ ਵੱਸਿਆ ਰੂਪ ਆ ਕੇ, ਫੁੱਲ ਮਹਿਕ ਉੱਠੇ ਉਹ ਬਹਾਰ ਹੋਈ।[28]

ਦੂਜੇ ਖੰਡ ਵਿਚ ਰਾਜਾ ਦੁਸ਼ਯੰਤ ਦੇ ਸ਼ਿਕਾਰ ਵਿਚ ਆਉਣ ਦਾ ਵਰਣਨ ਅਤੇ ਸ਼ਕੁੰਤਲਾ ਨਾਲ ਮਿਲਾਪ ਨੂੰ ਬਿਆਨ ਕੀਤਾ ਗਿਆ ਹੈ। ਇਸ ਸਾਰੇ ਪ੍ਰਸੰਗ ਵਿਚ ਸ਼ਕੁੰਤਲਾ ਦੇ ਹਾਵਾਂ ਭਾਵਾਂ ਤੇ ਉਸਦੀ ਖੂਬਸੂਰਤੀ, ਸਹੇਲੀਆਂ ਨਾਲ ਉਸਦੇ ਕਲੋਲ ਅਤੇ ਉਸਦੇ ਹੁਸਨ ਦੇ ਸਭ ਪਾਸੇ ਪੈ ਰਹੇ ਪ੍ਰਭਾਵ ਨੂੰ ਬੜੀ ਖੂਬਸੂਰਤੀ ਨਾਲ ਬਿਆਨ ਕੀਤਾ ਹੈ। ਸ਼ਕੁੰਤਲਾ ਪ੍ਰੇਮ ਜਾਲ ਵਿਚ ਫਸ ਜਾਂਦੀ ਹੈ। ਰਾਜਾ ਦੁਸ਼ਯੰਤ ਉਸਨੂੰ ਆਪਣੀ ਮੁੰਦਰੀ ਭੇਂਟ ਕਰਕੇ ਪਿਆਰ ਦਾ ਸੰਬੰਧ ਜੋੜਦਾ ਹੈ।

ਤੀਜੇ ਖੰਡ ਵਿਚ ਰਾਜਾ ਦੁਸ਼ਯੰਤ ਆਪਣੇ ਸੈਨਾਪਤੀ ਨੂੰ ਸਭ ਕੁਝ ਛੱਡ ਕੇ ਬਨ ਵਿਚ ਟਿਕ ਜਾਣ ਲਈ ਆਖਦਾ ਹੈ। ਫਿਰ ਹਸਤਨਾਪੁਰੋਂ ਇਕ ਦੂਤ ਆਉਂਦਾ ਹੈ ਜੋ ਆ ਕੇ ਉਸ ਨੂੰ ਉਸਦੀ ਮਾਤਾ ਦੁਆਰਾ ਅਜੇਹਾ ਵਰਤ ਰਖਣ ਲਈ ਦਸਦਾ ਹੈ ਜ਼ਿਸ ਨੂੰ ਰਖਣ ਖੋਲ੍ਹਣ ਸਮੇਂ ਮਾਂ ਕੋਲ ਪੁਤਰ ਦਾ ਹੋਣਾ ਜ਼ਰੂਰੀ ਹੁੰਦਾ ਹੈ। ਦੁਸ਼ਯੰਤ ਬੜੀ ਦੁਚਿਤੀ ਦੀ ਹਾਲਤ ਵਿਚ ਪੈ ਜਾਂਦਾ ਹੈ। ਦੁਸ਼ਯੰਤ ਦੀਵਾਨੇ ਵਾਂਗ ਇਧਰ ਉਧਰ ਭਟਕਦਾ ਹੈ।

ਚੌਥੇ ਖੰਡ ਵਿਚ ਕਵੀ ਨੇ ਸ਼ਕੁੰਤਲਾ ਦੇ ਦਿਲ ਦੀ ਵੇਦਨਾ ਦਾ ਬੜਾ ਤਰਸਯੋਗ ਵਰਣਨ ਕੀਤਾ ਹੈ। ਰਾਜਾ ਦੁਸ਼ਯੰਤ ਤੇ ਸ਼ਕੁੰਤਲਾ ਦਾ ਮਿਲਾਪ ਹੁੰਦਾ ਹੈ। ਮਿਲਾਪ ਤੇ ਵਿਯੋਗ ਦੇ ਪਲਾਂ ਦਾ ਵਰਣਨ ਕਵੀ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਹੈ ਅਤੇ ਰਾਜਾ ਦੁਸ਼ਯੰਤ ਹਸਤਨਾਪੁਰ ਪਰਤਣ ਦੀ ਤਿਆਰੀ ਕਰਦਾ ਹੈ।

ਪੰਜਵੇ ਕਾਂਡ ਵਿਚ ਸ਼ਕੁੰਤਲਾ ਦੀ ਦਿਲਗੀਰੀ ਤੇ ਦੁਰਬਾਸ਼ਾ ਰਿਸ਼ੀ ਦੇ ਸਰਾਪ ਦਾ ਵਰਣਨ ਹੈ। ਸ਼ਕੁੰਤਲਾ ਦੀ ਹਾਲਤ ਬਹੁਤ ਮਾੜੀ ਹੋ ਜਾਂਦੀ ਹੈ ਤੇ ਸਾਰੀਆਂ ਸਹੇਲੀਆਂ

ਬਹੁਤ ਚਿੰਤਾ ਕਰਦੀਆਂ ਹਨ। ਸ਼ਕੁੰਤਲਾ ਨੂੰ ਤੋਰਨ ਦੀ ਤਿਆਰੀ ਕੀਤੀ ਜਾਂਦੀ ਹੈ। ਉਸਦਾ ਹਾਰ ਸ਼ਿੰਗਾਰ ਕੀਤਾ ਜਾਂਦਾ ਹੈ। ਪਿਤਾ ਕੰਨਵ ਧੀ ਸ਼ਕੁੰਤਲਾ ਨੂੰ ਸਿਖਿਆ ਦੇ ਕੇ ਤੋਰਦਾ ਹੈ। ਕਵੀ ਸ਼ਕੁੰਤਲਾ ਦੀਆਂ ਸਹੇਲੀਆਂ ਦੇ ਡਾਢੇ ਮਲ੍ਹਾਰ ਨੂੰ ਪੇਸ਼ ਕਰਦਾ ਹੈ, ਜੋ ਸ਼ਕੁੰਤਲਾ ਨੂੰ ਧੀਰਜ ਦੇਂਦੀਆਂ ਹਨ। ਸ਼ਕੁੰਤਲਾ ਦੀ ਵਿਦਾਇਗੀ ਦਾ ਨਜ਼ਾਰਾ ਬੜਾ ਦਰਦ ਭਰਪੂਰ ਹੈ :

ਰੋ ਰੋ ਫੇਰ ਸ਼ਕੁੰਤਲਾ ਬੋਲ ਉਠੀ, ਵਿਦਾ ਅੱਜ ਮੈਨੂੰ ਕਰਨ ਵਾਲਿਓ ਵੇ
ਆਲੇ ਭੋਲਿਓ ਵੀਰ ਹਰਨੋਟਿਓ ਵੇ, ਮੇਰੀ ਅੱਖ ਅੰਦਰ ਚਰਨ ਵਾਲਿਓ ਵੇ
ਵੇਲਾਂ ਬੂਟਿਓ ਪ੍ਰੇਮ ਦੇ ਹੂਟਿਓ ਵੇ, ਠਾਰ ਠਾਰ ਮੈਨੂੰ ਠਰਨ ਵਾਲਿਓ ਵੇ
ਮੇਰੇ ਲਾਡਲੇ ਲਾਡਲੇ ਫੁੱਲ ਕਲੀਓ ਦਿਲੀਂ ਮਹਿਕ ਮੇਰੀ ਧਰਨ ਵਾਲਿਓ ਵੇ
ਤਪੋ ਬੰਨ ਦੇ ਸੋਹਜ-ਨਜਾਰਿਓ ਵੇ, ਮੇਰੀ ਆਤਮਾ ਨੂੰ ਭਰਨ ਵਾਲਿਓ ਵੇ

ਛੇਵੇਂ ਖੰਡ ਵਿਚ ਪਾਂਧੀਆਂ ਵਲੋਂ ਸ਼ਕੁੰਤਲਾ ਦਾ ਸਮਾਨ ਲੁਟੇ ਜਾਣ ਦਾ ਵਰਣਨ ਹੈ ਤੇ ਉਹ ਰਾਜੇ ਦੁਸ਼ਯੰਤ ਦੀ ਨਿਸ਼ਾਨੀ ਗੁਆ ਬੈਠਦੀ ਹੈ। ਰਾਜ ਦਰਬਾਰ ਦੇ ਦਰਬਾਨ ਉਸਨੂੰ ਰਾਜੇ ਨੂੰ ਮਿਲਣ ਦੀ ਆਗਿਆ ਨਹੀਂ ਦੇਂਦੇ · ਦੁਸ਼ਯੰਤ ਵੀ ਸਰਾਪ ਦੇ ਅਸਰ ਹੇਠ ਸ਼ਕੁੰਤਲਾ ਨੂੰ ਭੁਲ ਚੁਕਾ ਹੁੰਦਾ ਹੈ ਅਤੇ ਸਾਧੂਆਂ ਦੇ ਕਹਿਣ ਤੇ ਵੀ ਯਕੀਨ ਨਹੀਂ ਕਰਦਾ ਕਿ ਉਹ ਕਿਸੇ ਸ਼ਕੁੰਤਲਾ ਨੂੰ ਜਾਣਦਾ ਹੈ। ਦੁਸ਼ਯੰਤ ਸ਼ਕੁੰਤਲਾ ਨੂੰ ਪਛਾਨਣ ਤੋਂ ਵੀ ਇਨਕਾਰ ਕਰ ਦੇਂਦਾ ਹੈ। ਇਸ ਸਮੇਂ ਸ਼ਕੁੰਤਲਾ ਦੇ ਕੀਰਨੇ ਬਹੁਤ ਦੁਖਦਾਈ ਪ੍ਰਭਾਵ ਪੈਦਾ ਕਰਦੇ ਹਨ। ਉਹ ਹੋਣੀ ਨੂੰ, ਮਾਂ ਮੇਨਕਾ ਨੂੰ, ਅਤੇ ਤੱਪਸਵੀ ਪਿਤਾ ਕੰਨਵ ਨੂੰ, ਸਹੇਲੀਆਂ ਨੂੰ, ਤਪੋਬੱਨ ਦੀ ਬਸਤੀ ਨੂੰ, ਆਪਣੇ ਰੂਪ ਜੋਬਨ ਨੂੰ, ਧਰਤੀ ਮਾਤਾ ਨੂੰ, ਅਤੇ ਰਬ ਨੂੰ ਕੀਰਨੇ ਪਾਉਂਦੀ ਹੈ। ਇਸ ਸਮੇਂ ਇਕ ਅਲੌਕਿਕ ਘਟਨਾ ਵਾਪਰਦੀ ਹੈ ਤੇ ਕੋਈ ਸ਼ਕਤੀ ਸ਼ਕੁੰਤਲਾ ਨੂੰ ਉਡਾ ਕੇ ਲੈ ਜਾਂਦੀ ਹੈ। ਪ੍ਰੋਹਿਤ ਆ ਕੇ ਸਾਰੀ ਗਲ ਰਾਜੇ ਦੁਸ਼ਯੰਤ ਨੂੰ ਸੁਣਾਉਂਦੇ ਹਨ।

ਸਤਵੇਂ ਖੰਡ ਵਿਚ ਰਾਜ ਦਰਬਾਰ ਦਾ ਕੋਤਵਾਲ ਇਕ ਚੋਰ ਹਾਜ਼ਰ ਕਰਦਾ ਹੈ ਤੇ ਮੁੰਦਰੀ ਕਢ ਕੇ ਰਾਜੇ ਅਗੇ ਪੇਸ਼ ਕੀਤੀ ਜਾਂਦੀ ਹੈ। ਰਾਜਾ ਦੁਸ਼ਯੰਤ ਮੁੰਦਰੀ ਲੈਂਦਿਆਂ ਹੀ ਸ਼ਕੁੰਤਲਾ ਨੂੰ ਯਾਦ ਕਰਦਾ ਹੈ ਉਸਨੂੰ ਮੁੰਦਰੀ ਵਿਚ ਦਿਲਗੀਰ ਸ਼ਕੁੰਤਲਾ ਦੀ ਯਾਦ ਆਉਂਦੀ ਹੈ। ਉਹ ਪਛਤਾਵੇ ਦੇ ਅਠੇ ਪਹਿਰ ਬਿਤਾਉਂਦਾ ਫਿਰਦਾ ਹੈ। ਉਸਦੀ ਹਾਲਤ ਦਾ ਬੜਾ ਦਰਦਨਾਕ ਵਰਣਨ ਕੀਤਾ ਗਿਆ ਹੈ। ਦੁਸ਼ਯੰਤ ਇੰਦਰਲੋਕ ਨੂੰ ਚਾਲੇ ਪਾਉਂਦਾ ਹੈ।

ਅਠਵੇਂ ਖੰਡ ਵਿਚ ਸ਼ਕੁੰਤਲਾ ਨੂੰ ਕਸ਼ੱਪ ਰਿਸ਼ੀ ਦੇ ਆਸ਼ਰਮ ਵਿਚ ਸਤੀ ਦੇ ਰੂਪ ਵਿਚ ਸਮਾਂ ਲੰਘਾਉਣ ਦਾ ਪ੍ਰਸੰਗ ਆਉਂਦਾ ਹੈ। ਉਥੇ ਸ਼ਕੁੰਤਲਾ ਦਾ ਪੁਤਰ ਸਰਬਦਮਨ ਹੁੰਦਾ ਹੈ। ਪੁਤਰ ਪਿਤਾ ਨੂੰ ਬੁਲਾਉਣ ਦੀ ਜਿਦ ਕਰਦਾ ਹੈ। ਸ਼ਕੁੰਤਲਾ ਰਬ ਦੇ ਦਰਬਾਰ ਤੇ ਕੂਕ ਕਰਦੀ ਅਤੇ ਸੂਰਤ ਜੋੜ ਕੇ ਆਪਣੇ ਪੀਆ ਨੂੰ ਬੁਲਾਉਂਦੀ ਹੈ ਤੇ ਸ਼ਕੁੰਤਲਾ ਦੇ ਧਿਆਨ ਮਗਨ ਦਾ ਕਵੀ ਨੇ ਬੜਾ ਪ੍ਰਭਾਵਸ਼ਾਲੀ ਵਰਣਨ ਕੀਤਾ ਹੈ।

ਨੌਵੇਂ ਖੰਡ ਵਿਚ ਰਾਜੇ ਦੁਸ਼ਯੰਤ ਦਾ ਵਰਣਨ ਹੈ, ਉਹ ਸਰਬਦਮਨ ਨੂੰ ਮਿਲਦਾ ਹੈ। ਸਾਧਣੀ ਤੇ ਤਪਸਣੀਆਂ ਨੂੰ ਪੁਛਦਾ ਹੈ, ਸ਼ਕੁੰਤਲਾ ਨੂੰ ਵੀ ਖਬਰ ਪੁਜਦੀ ਹੈ। ਦੁਸ਼ਯੰਤ ਤੇ

ਸ਼ਕੁੰਤਲਾ ਦਾ ਮਿਲਾਪ ਬਹੁਤ ਪ੍ਰਭਾਵਸ਼ਾਲੀ ਹੈ। ਸ਼ਕੁੰਤਲਾ ਦੁਸ਼ਯੰਤ ਨੂੰ ਤਰਲੇ ਭਰੀ ਆਵਾਜ਼ ਵਿਚ ਮਿਲਦੀ ਹੈ। ਪਿਤਾ ਤੇ ਪੁਤਰ ਦਾ ਵੀ ਮੇਲ ਹੁੰਦਾ ਹੈ। ਸ਼ਕੁੰਤਲਾ ਨੂੰ ਪਤੀ ਦੇ ਚਰਨਾਂ ਉਪਰ ਪੁਜਣ ਦਾ ਵਰਣਨ ਕਵੀ ਨੇ ਇੰਜ ਕੀਤਾ ਹੈ :

ਨਿਮਸ਼ਕਾਰ ਕੀਤੀ ਪਤੀ ਦੇਵਤਾ ਨੂੰ, ਚਰਨਾਂ ਵਿਚ ਖਲੋ ਸ਼ਕੁੰਤਲਾ ਨੇ
ਚੁੰਮੀ ਚਰਨ-ਧੂੜੀ ਬੜੇ ਚਾ ਅੰਦਰ ਖੀਵੀ ਪ੍ਰੇਮ ਵਿਚ ਹੋ ਸ਼ਕੁੰਤਲਾ ਨੇ
ਕਲਮ ਦਸ ਨਹੀਂ ਸਕਦੀ ਕਿਸੇ ਹੀਲੇ, ਮੂੰਹੋ ਆਖਿਆ ਜੋ ਸ਼ਕੁੰਤਲਾ ਨੇ
ਕੱਢੀ ਦਿਲ ਦੀ ਭੜਾਸ ਸਾਰੀ, ਏਸ ਸਮੇਂ ਰੋ ਰੋ ਸ਼ਕੁੰਤਲਾ ਨੇ
ਮੋਤੀ ਓਹ ਭੇਟਾ ਕੀਤੇ ਕੱਢ ਸਾਰੇ ਜੋ ਸੀ ਰੱਖੇ ਲਕੋ ਸ਼ਕੁੰਤਲਾ ਨੇ,
'ਤੀਰ' ਪਤੀ-ਪੂਜਾ ਨਵੀਂ ਤਰ੍ਹਾਂ ਕੀਤੀ, ਚਰਨ ਪੀਆ ਦੇ ਧੋ ਸ਼ਕੁੰਤਲਾ ਨੇ

ਦੋਵੇਂ ਰਾਜੀ ਖੁਸ਼ੀ ਹਸਤਨਾਪੁਰ ਨੂੰ ਵਾਪਸ ਆ ਜਾਂਦੇ ਹਨ।

ਇਸ ਕਿੱਸੇ ਦੀ ਸਭ ਤੋਂ ਵਡੀ ਖੂਬਸੂਰਤੀ ਵੱਖ ਵੱਖ ਕਹਾਣੀ ਦੇ ਪੜਾਵਾਂ ਸਮੇਂ ਅਤੇ ਇਸਦੇ ਪਾਤਰਾਂ ਦੀਆਂ ਵੱਖ ਵੱਖ ਮਾਨਸਿਕ ਹਾਲਤਾਂ ਸਮੇਂ ਕਵੀ ਨੇ ਵਿਭਿੰਨ ਪ੍ਰਕਾਰ ਦੇ ਛੰਦਾ ਦੀ ਵਰਤੋਂ ਕੀਤੀ ਹੈ। ਖਾਸ ਤੌਰ ਤੇ ਅਜੇਹੇ ਪ੍ਰਸੰਗਾਂ ਦੇ ਆਰੰਭ ਵਿਚ ਦੋਹਰੇ ਦੀ ਵਰਤੋਂ ਬਹੁਤ ਫ਼ਬੀ ਹੈ ਜਿਵੇਂ :

ਜਾਣੀ ਅੱਜ ਸ਼ਕੁੰਤਲਾ, ਕੂੰਜ-ਉਡਾਰੀ ਮਾਰ
ਫਿਰਦੇ-ਨੈਣ ਉਛਾਲਦੇ, ਆਸ਼ਰਮ ਦੇ ਨਰ ਨਾਰ

ਦੋਹਰੇ ਤੋਂ ਇਲਾਵਾ ਕਬਿਤ ਅਤੇ ਦਵੱਯੇ ਦੀ ਵੀ ਬੜੀ ਪ੍ਰਭਾਵਸ਼ਾਲੀ ਵਰਤੋਂ ਹੋਈ ਹੈ।

ਬੰਦਾ ਬਹਾਦਰ

ਬਾਬਾ ਬੰਦਾ ਬਹਾਦਰ ਦੀ ਜੀਵਨ ਕਥਾ ਨੂੰ ਲੇਖਕ ਨੇ ਜੂਨ 1946 ਵਿਚ ਪ੍ਰਕਾਸ਼ਿਤ ਕੀਤਾ ਜ਼ਿਸ ਵਿਚ ਪਹਿਲਾਂ ਬੰਦਾ ਬੈਰਾਗੀ ਰਾਜਪੂਤ ਦੀ ਮੁੱਢਲੀ ਜ਼ਿੰਦਗੀ ਦਾ ਵਰਣਨ ਹੈ ਕਿ ਕਿਵੇਂ ਉਹ ਲਛਮਣ ਦੇਵ ਤੋਂ ਮਾਧੋਦਾਸ ਬਣਿਆ ਅਤੇ ਉਸਨੇ ਤਿਆਗ ਦਾ ਜੀਵਨ ਗ੍ਰਹਿਣ ਕੀਤਾ ਫਿਰ ਉਸਨੇ ਥਾਂ ਥਾਂ ਮਨ ਦੀ ਸ਼ਾਂਤੀ ਲਈ ਭਟਕਣਾ ਫਿਰਨਾ ਸ਼ੁਰੂ ਕੀਤਾ। ਉਸਨੇ ਸਾਧੂਆਂ ਜੋਗੀਆਂ ਨਾਲ ਮੇਲ ਕੀਤਾ ਅਤੇ ਕਈ ਕਰਾਮਾਤਾਂ ਹਾਸਲ ਕਰ ਲਈਆਂ। ਇਸ ਨਾਲ ਉਹ ਬੜੇ ਭਾਰੀ ਕਰਾਮਾਤੀ ਸਾਧੂ ਦੇ ਰੂਪ ਵਿਚ ਪ੍ਰਸਿਧ ਹੋ ਗਿਆ।

ਇਸ ਤੋਂ ਮਗਰੋਂ ਨੰਦੇੜ ਵਿਚ ਦਸਵੇਂ ਪਾਤਸ਼ਾਹ ਸ੍ਰੀ ਕਲਗੀਧਰ ਜੀ ਦਾ ਮਾਧੋਦਾਸ ਨਾਲ ਮੇਲ ਹੁੰਦਾ ਹੈ। ਮਾਧੋਦਾਸ ਆਪਣੀਆਂ ਕਰਾਮਾਤਾਂ ਰਾਹੀਂ ਦਸ਼ਮੇਸ਼ ਜੀ ਨੂੰ ਜਿਤਣ ਲਈ ਕਈ ਹੀਲੇ ਕਰਦਾ ਹੈ ਅਤੇ ਜਦੋਂ ਉਸਦੀ ਕੋਈ ਪੇਸ਼ ਨਹੀਂ ਚਲਦੀ ਤਾਂ ਹਾਰ ਮੰਨ ਕੇ ਉਨ੍ਹਾਂ ਦੀ ਚਰਨੀ ਢਹਿ ਪੈਂਦਾ ਹੈ। ਗੁਰੂ ਸਾਹਿਬ ਉਸਨੂੰ ਅੰਮ੍ਰਿਤਧਾਰੀ ਸਿੱਖ ਤੋਂ ਬੰਦਾ ਸਿੰਘ ਬਣਾਉਂਦੇ ਹਨ ਅਤੇ ਦੇਸ਼ ਦੇ ਗਦਾਰਾਂ ਤੇ ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਭੇਜਦੇ ਹਨ। ਉਹ ਪੰਜਾਬ ਆ ਕੇ ਫ਼ੌਜ ਇਕੱਠੀ ਕਰਦਾ ਹੈ ਜ਼ਾਲਮਾਂ ਨੂੰ ਸੋਧਦਾ ਹੈ, ਸਰਹੰਦ ਦੀ ਇੱਟ ਨਾਲ ਇੱਟ ਖੜਕਾਉਂਦਾ ਤੇ ਤੇ ਫਿਰ ਸ਼ਹੀਦੀ ਪਾ ਜਾਂਦਾ ਹੈ।

'ਤੀਰ ਜੀ' ਨੇ ਬੰਦਾ ਸਿੰਘ ਬਹਾਦਰ ਦੀ ਇਤਿਹਾਸਕ ਕਹਾਣੀ ਨੂੰ ਬੜੀ ਦਰਦ ਭਰਪੂਰ ਅਤੇ ਠੇਠ ਪੰਜਾਬੀ ਕਵਿਤਾ ਵਿਚ ਲਿਖਿਆ ਹੈ। ਇਸ ਕਿੱਸੇ ਵਿਚ ਦੇਸ਼ ਭਗਤੀ

ਅਤੇ ਜਜ਼ਬੇ ਕੂਟ ਕੂਟ ਕੇ ਭਰੇ ਹੋਏ ਹਨ। ਇਸ ਕਿੱਸੇ ਨੂੰ ਪੜ੍ਹ ਕੇ ਜਿਥੇ ਪਾਠਕ ਜਾਂ ਸਰੋਤਾ ਉੱਚੀ ਕਵਿਤਾ ਦਾ ਰਸ ਮਾਣਦਾ ਹੈ ਉਥੇ ਦੇਸ਼ ਭਗਤੀ, ਕੁਰਬਾਨੀ ਅਤੇ ਕੌਮੀ ਪਿਆਰ ਦੇ ਜਜ਼ਬੇ ਵੀ ਉਸ ਵਿਚ ਠਾਠਾਂ ਮਾਰਨ ਲੱਗ ਪੈਂਦੇ ਹਨ। ਬੰਦਾ ਸਿੰਘ ਬਹਾਦਰ ਦਾ ਜੀਵਨ ਇਕ ਪੂਰਨ ਸਿੱਖ ਅਤੇ ਸੱਚੇ ਸੁੱਚੇ ਦੇਸ਼ ਭਗਤ ਦੇ ਰੂਪ ਵਿਚ ਉਸਾਰਿਆ ਗਿਆ ਹੈ।

ਇਸ ਕਿੱਸੇ ਦਾ ਆਰੰਭ ਕਵੀ ਨੇ ਸ਼ਾਸਤਰੀ ਢੰਗ ਨਾਲ ਮੰਗਲਾਚਰਣ ਦੀ ਥਾ ਅਰਦਾਸ ਨਾਲ ਕੀਤਾ ਹੈ ਅਤੇ ਦੋਹਰੇ ਦੀ ਵਰਤੋਂ ਕੀਤੀ ਹੈ

ਵਾਹਿਗੁਰੂ ਦਾਤਾਰ ਤੂੰ, ਕਿਰਪਾ ਨਿਧ ਕਿਰਪਾਲ
ਜਗ-ਕਰਤਾ ਹਰਤਾ ਪ੍ਰਭੂ, ਦੀਨਾ ਨਾਥ-ਦਿਆਲ।
"ਤੀਰ" ਕਵੀ ਕਰ ਬੰਦਨਾ, ਦਰ ਤੋਂ ਚਾਹਵੇ ਦਾਨ।
ਹੇ ਦਾਤਾ ! ਕਿਰਪਾਲ ਹੋ, ਕਰ ਕਵਿ ਦੀ ਕਲਿਆਨ।[29]

ਇਸ ਤੋਂ ਮਗਰੋਂ ਬੈਂਤ ਛੰਦ ਵਿਚ ਸਿਰਜਣਹਾਰ ਪ੍ਰਤੀ ਨਮਸ਼ਕਾਰ ਹੈ ਅਤੇ ਪ੍ਰੇਮ-ਜੋਦੜੀ ਹੈ। ਫਿਰ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕਰਦਾ ਹੋਇਆ ਗਰੀਬ ਨਿਵਾਜ ਪੰਥ ਦੇ ਚਰਨਾਂ ਵਿਚ ਵੀ ਬੇਨਤੀ ਕਰਦਾ ਹੈ ਜਿਸ ਪ੍ਰਤਿ ਆਪਣਾ ਮਾਣ ਅਤੇ ਚਾਅ ਪੇਸ਼ ਕਰਦਾ ਹੋਇਆ ਪੰਥ ਦੇ ਸੁਹਾਵਣੇ ਰਾਜ ਦੀ ਕਾਮਨਾ ਕਰਦਾ ਹੈ।

ਉਹ ਸੰਮਤ 1727 ਬਿਕ੍ਰਮ ਕਤਕ ਸੁਦੀ 13 ਮੁਤਾਬਕ 27 ਅਕਤੂਬਰ 1670 ਨੂੰ ਹੋਣਹਾਰ ਬੱਚੇ ਮਾਧੋਦਾਸ ਦੇ ਜਨਮ ਦਾ ਵਰਣਨ ਕਰਦਾ ਹੈ। ਫਿਰ ਉਸਦੀ ਜੁਆਨੀ ਦਾ ਵਰਣਨ ਕਰਦੇ ਹੋਏ ਉਸਦੇ ਜੀਵਨ ਵਿਚ ਆਈ ਪਲਟਾਉ ਘਟਨਾ ਦਸਦਾ ਹੈ ਕਿ ਕਿਵੇਂ ਸ਼ਿਕਾਰ ਕੀਤੀ ਹਰਨੀ ਦੇ ਪੇਟ ਵਿਚ ਤੜਫ ਤੜਫ ਮੋਏ ਬੱਚੇ ਨੂੰ ਦੇਖ ਕੇ ਉਸਦੇ ਦਿਲ ਵਿਚ ਸੱਟ ਵਜੀ ਤੇ ਉਹ ਪਛਤਾਓ ਕਰਦਾ ਹੋਇਆ ਦਿਲ ਵਿਚ ਪ੍ਰਣ ਕਰਕੇ ਤਿਆਗ ਦੇ ਰਸਤੇ ਉਪਰ ਚਲ ਪੈਂਦਾ ਹੈ, ਘਰ ਬਾਰ ਤੇ ਪਿੰਡ ਤਿਆਗ ਦੇਂਦਾ ਹੈ।

ਦੂਜੇ ਖੰਡ ਵਿਚ ਕਵੀ ਨੇ ਪੰਜਾਬ ਦੀ ਹਾਲਤ ਦਾ ਵਰਣਨ ਕੀਤਾ ਹੈ ਜਿਥੇ ਦਸ਼ਮੇਸ਼ ਜੀ ਜਰਵਾਣਿਆਂ ਦੇ ਜ਼ੁਲਮ ਨਾਲ ਲੜ ਰਹੇ ਸਨ. ਪੰਜਾਬ ਵਿਚ ਤਬਾਹੀ ਹੋ ਰਹੀ ਸੀ ਤੇ ਗੁਰੂ ਸਾਹਿਬ ਨੇ ਦੱਖਣ ਵਲ ਕੂਚ ਕੀਤਾ ਔਰੰਗਜ਼ੇਬ ਨੇ ਗੱਦੀ ਸੰਭਾਲਦੇ ਹੀ ਕਈ ਜ਼ੁਲਮ ਕੀਤੇ ਅਤੇ ਲੋਕਾਂ ਨੂੰ ਮੁਸਲਮਾਨ ਬਣਾਉਣ ਲਈ ਕਈ ਅਤਿਆਚਾਰ ਕਰਾਏ। ਇਸ ਖੰਡ ਵਿਚ ਕਵੀ ਨੇ ਦਸ਼ਮੇਸ਼ ਜੀ ਦਾ ਔਰੰਗਜ਼ੇਬ ਦੀ ਮੌਤ ਮਗਰੋਂ ਬਾਦਸ਼ਾਹ ਨਾਲ ਮਿਲਾਪ ਅਤੇ ਵਾਰਤਾਲਾਪ ਪੇਸ਼ ਕੀਤੀ ਹੈ। ਬਹਾਦਰ ਸ਼ਾਹ ਜਦੋਂ ਆਪਣਾ ਕੀਤਾ ਕੌਲ ਨਿਭਾਉਣ ਲਈ ਤਿਆਰ ਨਹੀਂ ਹੁੰਦਾ ਤਾਂ ਉਸ ਤੋਂ ਬੇਆਸ ਹੋ ਕੇ ਗੁਰੂ ਸਾਹਿਬ ਵਾਪਿਸ ਆ ਜਾਂਦੇ ਹਨ।

ਖੰਡ ਤੀਜੇ ਵਿਚ ਨੰਦੇੜ ਵਿਖੇ ਮਾਧੋਦਾਸ ਦੇ ਆਸ਼ਰਮ ਦਾ ਵਰਣਨ ਹੈ। ਦਸ਼ਮੇਸ਼ ਜੀ ਉਸਦੇ ਆਸ਼ਰਮ ਜਾ ਕੇ ਉਸਦੇ ਪਲੰਘ ਉਤੇ ਬੈਠ ਜਾਂਦੇ ਹਨ ਅਤੇ ਸਿੰਘ ਆਸ਼ਰਮ ਦੇ ਬਕਰੇ ਝਟਕਾ ਦੇਂਦੇ ਹਨ ਮਾਧੋਦਾਸ ਦੇ ਆਉਣ ਤੇ ਉਸਦੇ ਚੇਲੇ ਉਸਨੂੰ ਸਾਰਾ ਹਾਲ ਬਿਆਨ ਕਰਦੇ ਹਨ। ਮਾਧੋਦਾਸ ਬੜੇ ਗੁੱਸੇ ਵਿਚ ਕਈ ਕੌਤਕ ਕਰਦਾ ਹੈ ਪਰ ਅਸਫਲ ਹੋਣ ਤੇ ਗੁਰੂ ਸਾਹਿਬ ਤੋਂ ਕਈ ਕੁਝ ਪੁਛਦਾ ਹੈ। ਦਸ਼ਮੇਸ਼ ਜੀ ਮਾਧੋਦਾਸ ਨੂੰ ਦੇਸ਼ ਦੀ ਹਾਲਤ ਸਮਝਾਉਂਦੇ ਹਨ, ਜਿਥੇ ਬਕਰਿਆਂ ਦਾ ਖੂਨ ਤਾਂ ਕੀ ਲੋਕਾਂ ਦਾ ਖੂਨ ਡੋਲ੍ਹਿਆ ਜਾ ਰਿਹਾ ਹੈ

ਅਤੇ ਬੱਚਿਆਂ ਨੂੰ ਸ਼ਹੀਦ ਕੀਤਾ ਜਾ ਰਿਹਾ ਹੈ। ਹਿੰਦੁਸਤਾਨ ਦਾ ਸਾਰਾ ਨਰਕ ਰੂਪ ਸੁਣ ਕੇ ਮਾਧੋਦਾਸ ਗੁਰੂ ਜੀ ਦੀ ਚਰਨੀ ਡਿਗ ਪੈਂਦਾ ਹੈ। ਗੁਰੂ ਜੀ ਉਸਨੂੰ ਦਸਦੇ ਹਨ ਕਿ ਤੇਰੇ ਵਰਗੇ ਰਾਜਪੂਤ ਦੀ ਦੇਸ਼ ਨੂੰ ਲੋੜ ਹੈ। ਉਹ ਮਾਧੋਦਾਸ ਦੀ ਕਾਇਆ ਪਲਟਦੇ ਹਨ ਅਤੇ ਉਸਨੂੰ ਸਾਰਾ ਪ੍ਰੋਗਰਾਮ ਸਮਝਾਉਂਦੇ ਹਨ। ਗੁਰੂ ਸਾਹਿਬ ਉਸ ਨਾਲ ਹੇਠ ਲਿਖਿਆ ਬਚਨ ਵੀ ਕਰਦੇ ਹਨ।

ਮਹਾਰਾਜ ਨੇ ਆਖਿਆ ਸੁਣ ਸਿੰਘਾ, ਜਦੋਂ ਤੀਕ ਨਾ ਮਾਨ ਵਿਚੋਂ ਆਇੰਗਾ ਤੂੰ,
ਜਦੋਂ ਤੀਕ ਪੂਰਾ ਸਿਦਕਵਾਨ ਰਹਿਸੇਂ, ਜਦੋਂ ਤੀਕ ਨਾਲ ਗੁਰੂ ਭਲਾਇੰਗਾ ਤੂੰ,
ਜਦੋਂ ਤੀਕ ਨਾਲ ਵਿਸ਼ੇ ਦਾ ਭੂੰਡ ਬਣਸੇਂ, ਜਦੋਂ ਤੀਕ ਨਾ ਗੁਰੂ ਸਦਾਇੰਗਾ ਤੂੰ,
ਜਦੋਂ ਤੀਕ ਰਹਿਸੇਂ ਦਿਲੋਂ ਚਰਨ-ਭੌਰਾ, ਜਦੋਂ ਤੀਕ ਨਾ ਪੈਰ ਪੁਜਵਾਇੰਗਾ ਤੂੰ,
ਜਦੋਂ ਤੀਕ ਨ੍ਰਿਮਾਣਤਾ ਰਖਸੈਂ ਤੂੰ, ਅਤੇ ਦੇਸ ਦੀ ਟਹਿਲ ਕਮਾਇੰਗਾ ਤੂੰ,
'ਤੀਰ' ਮੌਤ ਵੀ ਜੇ ਤੈਨੂੰ ਆਏ ਜਿੱਤਣ, ਤਾਂ ਵੀ ਕਦੇ ਨਾਲ ਜਿੱਤਿਆ ਜਾਇੰਗਾ ਤੂੰ।[30]

ਚੌਥੇ ਖੰਡ ਵਿਚ ਰਣਤੱਤੇ ਦੀ ਤਿਆਰੀ ਹੁੰਦੀ ਹੈ, ਦਸ਼ਮੇਸ਼ ਜੀ ਬੰਦੇ ਨੂੰ ਵਿਦਾਇਗੀ ਦੇਂਦੇ ਹਨ। ਕਵੀ ਨੇ ਬੰਦਾ ਬਹਾਦਰ ਅਤੇ ਉਸਦੇ ਕੁਝ ਕਿ ਰਪਾਨਧਾਰੀ ਸਾਥੀਆਂ ਦੀ ਚੜ੍ਹਤ ਦਾ ਬੜਾ ਪ੍ਰਭਾਵਸ਼ਾਲੀ ਵਰਣਨ ਕੀਤਾ ਹੈ। ਬੰਦਾ ਸਿੰਘ ਪੰਧ ਤਹਿ ਕਰਦਾ ਹੋਇਆ ਪੁਜਦਾ ਹੈ ਅਤੇ ਮਾਲਵੇ ਤੇ ਮਾਝੇ ਦੇ ਸਿੰਘਾਂ ਵਲ ਪਰਵਾਨਾ ਭੇਜਦਾ ਹੈ। ਯੋਧੇ ਸਿੰਘ ਸੂਰਮੇ ਇਕੱਠੇ ਹੁੰਦੇ ਹਨ। ਬੰਦਾ ਸਿੰਘ ਸੋਨੀਪਤ ਤੇ ਹਮਲਾ ਕਰਦਾ ਹੈ ਫਿਰ ਸਮਾਣੇ ਦੀ ਵਾਰੀ ਆਉਂਦੀ ਹੈ। ਇਸ ਤੋਂ ਮਗਰੋਂ ਉਹ ਸਰਹੰਦ ਵਲ ਵਧਣਾ ਚਾਹੁੰਦਾ ਹੈ ਪਰ ਆਪਣੀ ਸਿਆਣਪ ਭਰੀ ਨੀਤੀ ਨਾਲ ਪਹਿਲਾਂ ਕੀਰਤਪੁਰ ਵਿਖੇ ਇਕੱਠੇ ਹੋਏ ਸਿੰਘਾਂ ਨੂੰ ਨਾਲ ਮਿਲਾਉਣਾ ਚਾਹੁੰਦਾ ਹੈ। ਰੋਪੜ ਦੇ ਥਾਂ ਉਤੇ ਇਕ ਹੋਰ ਵੱਡੀ ਲੜਾਈ ਹੁੰਦੀ ਹੈ, ਜਿਥੇ ਬੰਦਾ ਸਿੰਘ ਦੀ ਜਿੱਤ ਹੁੰਦੀ ਹੈ ਅਤੇ ਬੰਦਾ ਸਿੰਘ ਦੇ ਜਥੇ ਤੇ ਕੀਰਤਪੁਰ ਵਾਲੇ ਜਥੇ ਦਾ ਮੇਲ ਹੋ ਜਾਂਦਾ ਹੈ। ਸੂਬਾ ਸਰਹੰਦ ਨੂੰ ਵੀ ਸਾਰੀ ਖ਼ਬਰ ਪੁਜਦੀ ਹੈ ਤੇ ਉਹ ਫਿਕਰ ਨਾਲ ਸਾਰੀਆਂ ਤਿਆਰੀਆਂ ਕਰਨੀਆਂ ਸ਼ੁਰੂ ਕਰ ਦੇਂਦਾ ਹੈ। ਵਿਧਾਤਾ ਸਿੰਘ ਤੀਰ ਇਸ ਸਮੇਂ ਦੋਹਾਂ ਪਾਸੇ ਦੀਆਂ ਫੌਜਾਂ ਤੇ ਤਿਆਰੀਆਂ ਦਾ ਭਰਪੂਰ ਵਰਣਨ ਕਰਦਾ ਹੈ :

ਲੌ ਜੀ ਵੇਖਣਾ ਕਿਵੇਂ ਮੈਦਾਨ ਅੰਦਰ, ਸਿੰਘਾਂ ਗਾਜ਼ੀਆਂ ਤਾਈਂ ਵੰਗਾਰਨਾ ਏਂ,
ਲੌ ਜੀ ਵੇਖਣਾ ਸ੍ਰੀ ਭਗੌਤੀਆਂ ਨੂੰ, ਕਿਵੇਂ ਸੂਰਿਆਂ ਅੱਜ ਸਤਕਾਰਨਾ ਏਂ,
ਲੌ ਜੀ ਵੇਖਣਾ ਧਰਮ ਦੇ ਵੈਰੀਆਂ ਨੂੰ ਬੰਦਾ ਸਿੰਘ ਨੇ ਕਿਸ ਤਰ੍ਹਾਂ ਮਾਰਨਾ ਏਂ,
'ਤੀਰ' ਸਮੇਂ ਨੇ ਈ ਅੰਤ ਦੱਸਣਾ ਏਂ, ਕਿਨੇ ਜਿੱਤਣਾ ਤੇ ਕਿਨੇ ਹਾਰਨਾ ਏਂ।[31]

ਪੰਜਵੇਂ ਖੰਡ ਵਿਚ ਕਵੀ ਨੇ ਸਰਹੰਦ ਦੀ ਖ਼ੂਨੀ ਵਾਰ ਪੇਸ਼ ਕੀਤੀ ਹੈ। ਬੰਦੇ ਦੇ ਕਾਰਨਾਮੇ ਤੇ ਖਾਲਸਾਈ ਦਲ ਦੀ ਸੂਰਬੀਰਤਾ ਤੋਂ ਮਗਰੋਂ ਉਹ ਸਰਹੰਦ ਦੀ ਲੜਾਈ, ਲੁੱਟ, ਕਤਲਿਆਮ ਤੇ ਤਬਾਹੀ ਦਾ ਵਰਣਨ ਕਰਦਾ ਹੈ। ਇਸ ਸਮੇਂ ਸਢੋਰੇ ਤੋਂ ਰਾਇਕੋਟ ਤੇ ਮਾਛੀਵਾੜੇ ਤੀਕ, ਲੁਧਿਆਣੇ ਤੋਂ ਕਰਨਾਲ ਤੀਕ ਬੰਦਾ ਸਿੰਘ ਦੀ ਹਕੂਮਤ ਚਲ ਚੁਕੀ ਸੀ।

ਛੇਵੇਂ ਖੰਡ ਵਿਚ ਕਵੀ ਨੇ ਬੰਦਾ ਸਿੰਘ ਤੇ ਖਾਲਸੇ ਦਾ ਚੁਫੇਰੇ ਰੋਅਬ ਬਿਆਨ ਕੀਤਾ ਹੈ। ਸਹਾਰਨਪੁਰ ਤੇ ਜਲਾਲਾਬਾਦ ਦੀਆਂ ਲੜਾਈਆਂ ਦਾ ਵਰਣਨ ਕੀਤਾ ਹੈ। ਹੋਰ ਕਈ ਲੜਾਈਆਂ ਦਾ ਵਰਣਨ ਹੈ। ਮਝੈਲ ਖਾਲਸੇ ਅਤੇ ਦੁਆਬੀਏ ਸਿੰਘਾਂ ਦੇ ਕਾਰਨਾਮਿਆਂ ਦਾ ਵਰਣਨ ਵੀ ਕੀਤਾ ਗਿਆ ਹੈ। ਪੰਜਾਬ ਵਿਚ ਖਾਲਸਈ ਸਿੱਕਾ ਕਾਇਮ ਹੋ ਜਾਂਦਾ ਹੈ।

ਸਤਵੇਂ ਖੰਡ ਵਿਚ ਕਵੀ ਨੇ ਦਸਿਆ ਹੈ ਕਿ ਬਹਾਦਰ ਸ਼ਾਹ ਦੇ ਦਰਬਾਰ ਵਿਚ ਫਰਿਆਦੀ ਫਰਿਆਦ ਕਰਦੇ ਹਨ ਤੇ ਉਹ ਪੰਜਾਬ ਵਲ ਸ਼ਾਹੀ ਦਸਤਿਆਂ ਨੂੰ ਕੂਚ ਕਰਾਉਂਦਾ ਹੈ। ਸ਼ਾਹੀ ਫੌਜ ਦੀ ਖਾਲਸਈ ਸੈਨਾ ਨਾਲ ਘਮਸਾਨ ਦੇ ਯੁੱਧ ਹੁੰਦੇ ਹਨ, ਲੜਦਿਆਂ ਰਾਤ ਪੈ ਜਾਂਦੀ ਹੈ। ਇਸ ਖੰਡ ਦੇ ਅਖੀਰ ਤੇ ਬੰਦਾ ਸਿੰਘ ਦਾ ਗ੍ਰਹਿਸਤ ਧਾਰਨ ਦਾ ਵਰਣਨ ਕਰਦੇ ਹੋਏ ਕਵੀ ਨੇ ਲੋਕਾਂ ਦੇ ਇਸ ਭਰਮ ਨੂੰ ਦੂਰ ਕੀਤਾ ਹੈ ਕਿ ਇਹ ਬੰਦਾ ਸਿੰਘ ਦੀ ਕੋਈ ਭੁਲ ਸੀ।

ਅਠਵੇਂ ਖੰਡ ਵਿਚ ਸਿੰਘਾਂ ਤੇ ਗਾਜ਼ੀਆਂ ਦੀਆਂ ਕੁਝ ਹੋਰ ਲੜਾਈਆਂ ਦਾ ਵਰਣਨ ਹੈ। ਅੰਤ ਸ਼ਾਹੀ ਫੌਜ ਗੁਰਦਾਸ ਨੰਗਲ ਵਿਖੇ ਮੌਜੂਦ ਸਿਖ ਫੌਜ ਨੂੰ ਘੇਰ ਲੈਂਦੀ ਹੈ ਤੇ ਬੰਦਾ ਬਹਾਦਰ ਕੈਦੀ ਬਣਾ ਲਿਆ ਜਾਂਦਾ ਹੈ। ਵਿਧਾਤਾ ਸਿੰਘ ਤੀਰ ਇਸਨੂੰ ਹੋਣੀ ਦਾ ਕਾਰਾ ਦਸਦਾ ਹੈ

> ਵਾਹ ਹੋਣੀ ਹਰ ਵੇਲੇ ਹੋਣੀ, ਵਾਹ ਹੋਣੀ ਦੇ ਕਾਰੇ, ਨਵੇਂ ਨਿਆਰੇ
> ਪਲ ਵਿਚ ਤਰਦੇ ਡੋਬੇ ਫੜਕੇ, ਪਲ ਵਿਚ ਡੁਬਦੇ ਤਾਰੇ, ਦਸ ਨਜ਼ਾਰੇ।
> ਓਸੇ ਹੋਣੀ ਬੰਦਾ ਸਿੰਘ ਤੋਂ, ਮਰਵਾਏ ਹਤਿਆਰੇ, ਜਾਬਰ ਭਾਰੇ,
> 'ਤੀਰ' ਬਣਾਏ ਕੈਦੀ ਹੋਣੀ, ਅਜ ਵੇਖੋ ਸਿੰਘ ਸਾਰੇ, ਗੁਰੂ ਦੁਲਾਰੇ।
> ਬੰਦਾ ਸਿੰਘ ਨੂੰ ਜੁੜ ਜਕੜਕੇ, ਕਰੜੇ ਸੰਗਲ ਪਾ ਕੇ, ਬੰਨ ਬੰਨਾਕੇ,
> ਪਿੰਜਰੇ ਦੇ ਵਿਚ ਪਾਇਆ ਵੇਖੋ, ਅਬਦੁਲ ਖਾਨ ਲੜਾ ਕੇ, ਹੁਕਮ ਚਲਾਕੇ।[32]

ਨੌਵੇਂ ਖੰਡ ਵਿਚ ਹੋਰ ਪ੍ਰਬਲ ਹੋਣੀ ਦਾ ਵਰਣਨ ਹੈ। ਸਿੰਘਾਂ ਦੀ ਕਤਲਿਆਮ ਹੁੰਦੀ ਹੈ। ਨੌਜੁਆਨ ਬੱਚਿਆਂ ਨੂੰ ਮਾਰਿਆ ਜਾਂਦਾ ਹੈ। ਫਿਰ ਬੰਦਾ ਸਿੰਘ ਦੀ ਦਰਦਨਾਕ ਸ਼ਹੀਦੀ ਦਾ ਵਰਣਨ ਆਉਂਦਾ ਹੈ। ਬੰਦਾ ਸਿੰਘ ਦੇ ਮੂੰਹ ਵਿਚ ਮਾਸੂਮ ਪੰਜ ਸਾਲ ਦੇ ਬੱਚੇ ਦਾ ਦਿਲ ਵੀ ਤੁੰਨਿਆ ਜਾਂਦਾ ਹੈ ਪਰ ਉਹ ਸਿਦਕ ਨਹੀਂ ਹਾਰਦਾ।

ਦਸਵੇਂ ਖੰਡ ਵਿਚ ਕਵੀ ਨੇ ਬੰਦਾ ਸਿੰਘ ਦੇ ਇਤਿਹਾਸ ਬਾਰੇ ਕੁਝ ਭੁਲੇਖਿਆਂ ਨੂੰ ਦੂਰ ਕੀਤਾ ਹੈ ਅਤੇ ਦਸਿਆ ਹੈ ਕਿ ਉਹ ਪੂਰਾ ਸਿਦਕੀ ਸਿੱਖ ਸੀ, ਉਸਦੇ ਵਿਆਹ ਵਿਚ ਕੋਈ ਗੁਨਾਹ ਨਹੀਂ ਸੀ। ਕਵੀ ਇਸ ਗਲ ਨੂੰ ਵੀ ਗਲਤ ਦਸਦਾ ਹੈ ਕਿ ਬੰਦੇ ਦੀ ਹਾਰ ਦਾ ਕਾਰਣ ਉਸਦਾ ਦਿਲੋਂ ਹੰਕਾਰੀ ਹੋ ਜਾਣਾ ਸੀ। ਕਵੀ ਨੇ ਹਾਰ ਦਾ ਅਸਲ ਕਾਰਣ ਇਹ ਦਸਿਆ ਹੈ ਕਿ ਵਡੀ ਮੁਗਲੱਈ ਫੌਜ ਦੇ ਸਾਹਮਣੇ ਸਿੱਖ ਫੌਜ ਬਹੁਤ ਥੋੜੀ ਗਿਣਤੀ ਵਿਚ ਸੀ। ਵਿਧਾਤਾ ਸਿੰਘ ਤੀਰ ਨੇ ਬੰਦਾ ਸਿੰਘ ਦੀ ਜੀਵਨੀ ਦਾ ਮੁਖ ਆਧਾਰ ਪ੍ਰੋ. ਗੰਡਾ ਸਿੰਘ ਰਚਿਤ ਅੰਗਰੇਜ਼ੀ ਪੁਸਤਕ ਬੰਦਾ ਸਿੰਘ ਨੂੰ ਬਣਾਇਆ। ਕਵੀ ਆਪ ਦਸਦਾ ਹੈ ਕਿ ਜੇ ਇਹ ਪੁਸਤਕ ਉਸਦੇ ਸਾਹਮਣੇ ਨ ਹੁੰਦੀ ਤਾਂ ਉਹ ਇਹ ਕਿੱਸਾ ਲਿਖਣ ਦਾ ਹੌਂਸਲਾ ਹੀ ਨਾ ਕਰਦਾ। ਕਵੀ ਨੇ ਇਹ ਸਾਰਾ ਕਿੱਸਾ 40 ਦਿਨਾਂ ਵਿਚ ਸੰਪੂਰਨ ਕਰ ਦਿਤਾ। ਇਸੇ ਲਈ

ਤੀਰ ਜੀ ਨੇ ਆਪਣੇ ਕਿੱਸੇ ਵਿਚ ਥਾਂ ਪੁਰ ਥਾਂ ਬਹੁਤ ਇਤਿਹਾਸਕ ਹਵਾਲੇ ਦਿੱਤੇ। 'ਤੀਰ' ਦੇ ਸਾਰੇ ਕਿਸਿਆਂ ਵਿਚ ਇਸ ਰਚਨਾ ਦਾ ਵਿਸ਼ੇਸ਼ ਸਥਾਨ ਮੰਨਿਆ ਜਾ ਸਕਦਾ ਹੈ ਕਿਉਂਕਿ ਉਸ ਨੇ ਇਤਿਹਾਸਕ ਅਧਾਰ ਉਪਰ ਜਿਥੇ ਸਾਰੀ ਰਚਨਾ ਕੀਤੀ ਹੈ, ਲੜਾਈਆਂ ਤੇ ਸੰਘਰਸ਼ਾਂ ਦਾ ਕਲਾਤਮਕ ਵਰਣਨ ਕੀਤਾ ਹੈ ਅਤੇ ਸਾਰੇ ਬ੍ਰਿਤਾਂਤ ਨੂੰ ਬੜਾ ਪ੍ਰਭਾਵਸ਼ਾਲੀ ਰੂਪ ਦਿਤਾ ਹੈ ਉਥੇ ਲੋਕਾਂ ਦੇ ਮਨ ਵਿਚ ਪਏ ਬੰਦਾ ਸਿੰਘ ਬਹਾਦਰ ਬਾਰੇ ਕਈ ਭੁਲੇਖੇ ਵੀ ਦੂਰ ਕੀਤੇ ਹਨ। ਇਸ ਲਈ ਕਵੀ ਦੀ ਕਿੱਸਾ ਸ਼ੈਲੀ ਕੇਵਲ ਵਰਣਨ ਤੇ ਬ੍ਰਿਤਾਂਤ ਵਾਲੀ ਹੀ ਨਹੀਂ ਸਗੋਂ ਸੁਚੱਜੇ ਵਿਸ਼ਲੇਸ਼ਣ ਵਾਲੀ ਵੀ ਹੈ। ਇਸ ਕਿੱਸੇ ਵਿਚ ਕਵੀ ਨੇ ਆਪਣੇ ਹੋਰਨਾਂ ਕਿੱਸਿਆਂ ਵਾਂਗ ਦੋਹਰਾ, ਬੈਂਤ, ਕਬਿਤ, ਆਦਿ ਦੀ ਵਰਤੋਂ ਕੀਤੀ ਹੈ ਪਰ ਇਸ ਕਿੱਸੇ ਵਿਚ ਕਵੀ ਦਾ ਬ੍ਰਿਤਾਂਤ ਤੇ ਵਰਣਨ ਬਹੁਤ ਰੋਚਕ ਹੈ।

ਸਿੱਖੀ ਦਾ ਚਾਨਣ

ਸਿੱਖੀ ਦਾ ਚਾਨਣ ਵਿਚ ਕਵੀ ਨੇ ਨਿਰੰਕਾਰੀ ਲਹਿਰ ਦੇ ਇਤਿਹਾਸ ਨੂੰ ਕਲਮਬੱਧ ਕੀਤਾ ਹੈ। ਇਸ ਵਿਚ ਇਸ ਲਹਿਰ ਦੀਆਂ ਮਹਾਨ ਪ੍ਰਾਪਤੀਆਂ ਦਾ ਵਿਵਰਣ ਦਿੱਤਾ ਗਿਆ ਹੈ ਜਿਨ੍ਹਾਂ ਵਿਚੋਂ ਬਹੁਤੇ ਪੱਖ ਇਤਿਹਾਸ ਦੀ ਬੁਕਲ ਵਿਚ ਲੁਕੇ ਪਏ ਸਨ, ਇਨ੍ਹਾਂ ਨੂੰ ਤੀਰ ਦੀ ਕਾਵਿ ਸ਼ਕਤੀ ਨੇ ਉਜਾਗਰ ਕੀਤਾ ਹੈ।

ਵਿਧਾਤਾ ਸਿੰਘ ਤੀਰ ਨੇ ਨਿਰੰਕਾਰੀ ਲਹਿਰ ਦੇ ਇਤਿਹਾਸ ਨੂੰ ਮਹਾ ਕਾਵਿ ਵਿਚ ਲਿਖਿਆ ਹੈ। ਉਸਨੇ ਇਸ ਲਹਿਰ ਦੇ ਮਹਾਨ ਪੱਥ ਪ੍ਰਦ੍ਰਸ਼ਕਾਂ ਦਾ ਚਿਤਰਨ ਬੜੀ ਯੋਗਤਾ ਤੇ ਖੂਬਸੂਰਤੀ ਨਾਲ ਕੀਤਾ ਹੈ। ਇਸ ਮਹਾ ਕਾਵਿ ਵਿਚ ਇਕ ਪਾਸੇ ਨਿਰੰਕਾਰੀ ਲਹਿਰ ਦੇ ਆਗੂਆਂ ਦਾ ਚਰਿਤਰ ਚਿਤਰਣ ਕੀਤਾ ਗਿਆ ਹੈ, ਉਨ੍ਹਾਂ ਦੇ ਗੁਣਾਂ ਨੂੰ ਉਘਾੜਿਆ ਗਿਆ ਹੈ ਤੇ ਦੂਜੇ ਪਾਸੇ ਕਵੀ ਨੇ ਇਨ੍ਹਾਂ ਮਹਾਪੁਰਸ਼ਾਂ ਪ੍ਰਤਿ ਆਪਣੇ ਪਿਆਰ ਤੇ ਸਤਿਕਾਰ ਨੂੰ ਵੀ ਪ੍ਰਗਟ ਕੀਤਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਵਿਧਾਤਾ ਸਿੰਘ ਤੀਰ ਆਪਣੇ ਮਾਮਾ ਜੀ ਦੇ ਪ੍ਰਭਾਵ ਕਾਰਣ ਨਿਰੰਕਾਰੀ ਦਰਬਾਰ ਦਾ ਪ੍ਰਭਾਵ ਕਬੂਲ ਕਰ ਚੁਕੇ ਸਨ। ਇਸ ਸੰਬੰਧੀ ਡਾ: ਮਾਨ ਸਿੰਘ ਨਿਰੰਕਾਰੀ ਦਾ ਕਥਨ ਹੈ :

> ਨਿਰੰਕਾਰੀ ਲਹਿਰ ਦੇ ਮਹਾਂ ਪੁਰਸ਼ਾਂ ਪ੍ਰਤੀ ਪਿਆਰ ਤੇ ਸਤਿਕਾਰ ਵਿਧਾਤਾ ਸਿੰਘ ਤੀਰ ਜੀ ਨੂੰ ਆਪਣੇ ਸਿਦਕੀ ਨਾਨਾ ਭਾਈ ਹਰੀ ਸਿੰਘ ਜੀ ਘਘਰੋਟ ਨਿਵਾਸੀ ਪਾਸੋਂ ਵਿਰਸੇ ਵਿਚ ਪ੍ਰਾਪਤ ਹੋਇਆ ਸੀ। ਭਾਈ ਹਰੀ ਸਿੰਘ ਜੀ ਬ੍ਰਾਹਮਣ ਭਾਈਚਾਰੇ ਵਿਚੋਂ ਸਨ, ਨਿਰੰਕਾਰੀ ਲਹਿਰ ਵਿਚ ਤਨੋ ਮਨੋ ਪ੍ਰਵਿਰਤ ਹੋ ਚੁਕੇ ਸਨ ਤੇ ਪਿਛਲੇ ਸਨਾਤਨੀ ਰਸਮਾਂ-ਰਿਵਾਜਾਂ ਨੂੰ ਤਿਆਗ ਕੇ ਨਿਰੰਕਾਰੀ ਗੁਰੂਆਂ ਪ੍ਰਤੀ ਪੂਰਨ ਸ਼ਰਧਾ ਸਹਿਤ ਆਪਣੇ ਆਪ ਨੂੰ ਸਮਰਪਣ ਕਰ ਚੁਕੇ ਸਨ। ਤੀਰ ਜੀ ਆਪਣੇ ਮਾਮਾ ਗਿਆਨੀ ਹੀਰਾ ਸਿੰਘ ਜੀ 'ਦਰਦ' ਦੀ ਸੰਗਤ ਤੇ ਪ੍ਰੇਰਨਾ ਕਾਰਨ ਨਿਰੰਕਾਰੀ ਦਰਬਾਰ ਦੇ ਵੱਡੇ ਪ੍ਰਸੰਸਕਾਂ ਵਿਚੋਂ ਗਿਣੇ ਜਾਣ ਲਗ ਪਏ।[33]

'ਤੀਰ' ਜੀ ਦੇ ਇਸ ਮਹਾ ਕਾਵਿ ਦਾ ਆਧਾਰ ਨਿਰੰਕਾਰੀ ਗੁਰਮਤਿ ਪ੍ਰਾਰੰਭਤਾ' ਨਾਂ ਦੀ ਪੁਸਤਕ ਹੈ ਜੋ ਸੁਰਿੰਦਰ ਸਿੰਘ ਜੀ 'ਨਿਰੰਕਾਰੀ ਦੁਆਰਾ 1951 ਵਿਚ ਸੰਪਾਦਿਤ ਕੀਤੀ ਗਈ ਸੀ।

ਮਹਾਂ ਕਾਵਿ ਦੇ ਆਰੰਭ ਵਿਚ ਕਵੀ ਨੇ ਮੰਗਲਾਚਰਣ ਵਿਚ ਸੱਚੇ ਸਿਰਜਣਹਾਰ ਦੁਆਰਾ ਜੱਗ ਦੀ ਸਾਜਣਾ ਬਾਰੇ ਲਿਖਿਆ ਹੈ, ਫਿਰ ਦਸ ਗੁਰੂ ਅਵਤਾਰਾਂ ਬਾਰੇ, ਫਿਰ ਉਸ ਤੋਂ ਮਗਰੋਂ ਪੰਜਾਬ ਦੀ ਧਰਤੀ ਦੀ ਮਹਾਨਤਾ ਦਾ ਵਰਣਨ ਕੀਤਾ ਹੈ।

ਦੂਜੇ ਖੰਡ ਵਿਚ ਬਾਬਾ ਦਿਆਲ ਜੀ ਦੇ ਜਨਮ ਦਾ ਵਰਣਨ ਹੈ ਜਿਨ੍ਹਾਂ ਚਾਨਣਾ ਫੈਲਾਇਆ ਤੇ ਆਪਣੀ ਦਿਆਲਤਾ ਨਾਲ ਹਨੇਰਾ ਦੂਰ ਕੀਤਾ। ਬਾਬਾ ਦਿਆਲ ਜੀ ਦੇ ਬਚਪਨ ਤੇ ਇਸ ਤੋਂ ਉਪਰੰਤ ਜੀਵਨ ਦੀਆਂ ਘਟਨਾਵਾਂ ਦਾ ਵਰਣਨ ਹੈ। ਉਨ੍ਹਾਂ ਦੀ ਸਾਕ ਸੰਬੰਧੀਆਂ ਤੋਂ ਉਪਰਾਮਤਾ ਅਤੇ ਮਨ ਦੀ ਉਦਾਸੀਨਤਾ ਦਾ ਵਰਣਨ ਕਰਨ ਤੋਂ ਮਗਰੋਂ ਕਵੀ ਉਨ੍ਹਾਂ ਨੂੰ ਜ਼ਿੰਦਗੀ ਵਿਚ ਪ੍ਰਾਪਤ ਹੋਏ ਸੱਚ ਦੇ ਗਿਆਨ ਬਾਰੇ ਇੰਞ ਪ੍ਰਗਟਾਉਂਦਾ ਹੈ ਕਿ ਉਸਨੂੰ ਬੇਹੋਸ਼ੀ ਵਿਚ ਕਲਗੀਧਰ ਅਵਤਾਰ ਦੇ ਦਰਸ਼ਨ ਹੁੰਦੇ ਹਨ ਜੋ ਉਸਨੂੰ ਸੱਚ ਦੀ ਪਛਾਣ ਕਰਾਉਂਦੇ ਹਨ :

ਓ ਸੰਸਾਰੀ ਬੰਦਿਓ ! ਸੱਚ ਦੀ ਕਰੋ ਪਛਾਣ
ਸਾਹਿਬ ਸਿਮਰੋ ਆਪਣਾ, ਸਾਹਿਬ ਚਤਰ ਸੁਜਾਣ।
ਸਾਹਿਬ ਸੁਣਦਾ ਵੇਖਦਾ, ਨਿਰਣੇ ਕਰੇ ਵਿਚਾਰ
ਆਪੇ ਇਕੋ ਇਕ ਉਹ, ਆਪੇ ਬਹੁ ਪਰਕਾਰ।
ਇਹ ਸਭ ਦੇਵੀ ਦੇਵਤੇ ਹਨ ਸਾਹਿਬ ਦੇ ਦਾਸ,
ਕੀ ਇਹਨਾਂ ਤੋਂ ਮੰਗਣਾ, ਕੀ ਇਨ੍ਹਾਂ ਦੇ ਪਾਸ
ਇਹ ਮੰਗਣ ਸਭ ਉਸ ਤੋਂ ਸਭ ਦਾ ਜੋ ਦਾਤਾਰ
ਸਭ ਦੇ ਦਿਲਾਂ ਦੀ ਜਾਣਦਾ, ਸਭ ਦੀ ਲੈਂਦਾ ਸਾਰ।
ਲਿਖਦਾ ਸਾਖੀਕਾਰ ਫੇਰ ਇਸ ਤਰ੍ਹਾਂ ਦਾ ਹਾਲ,
ਗੁਰੂ ਦਵਾਰੇ ਰੋਜ਼ ਹੀ ਜਾਵਣ ਸਾਹਿਬ ਦਿਆਲ।[34]

ਤੀਜੇ ਖੰਡ ਵਿਚ ਕਵੀ ਨੇ ਬਾਬਾ ਸਾਹਿਬ ਸ੍ਰੀ ਦਿਆਲ ਜੀ ਦੇ ਵਿਆਹ ਤੇ ਸੰਤਾਨ ਦਾ ਵਰਣਨ ਕੀਤਾ ਹੈ ਤੇ ਉਹਨਾਂ ਦੇ ਰੋਜ਼ਾਨਾ ਸਤਿਸੰਗ ਦਾ ਬਿਆਨ ਕਰਦੇ ਹੋਏ ਆਚਰਣ ਦੀ ਉੱਚਤਾ ਦਸੀ ਹੈ। ਉਹ ਰੋਜ਼ਾਨਾ ਪ੍ਰਚਾਰ ਤੇ ਖੁਲ੍ਹੀ ਚਰਚਾ ਕਰਦੇ ਹਨ। ਉਨ੍ਹਾਂ ਨੇ ਖੁਦ ਸ਼ਰਧਾ ਭਾਵਨਾ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖੀ ਇਸ ਤੋਂ ਇਲਾਵਾ ਕਵੀ ਨੇ ਉਨ੍ਹਾਂ ਦੇ ਜੀਵਨ ਦੇ ਕਈ ਅਲੌਕਿਕ ਤੇ ਅਨੋਖੀਆਂ ਘਟਨਾਵਾਂ ਦਾ ਵਰਣਨ ਕੀਤਾ ਹੈ। ਇਸ ਖੰਡ ਦੇ ਅਖੀਰ ਉਪਰ ਕਵੀ ਨੇ ਉਨ੍ਹਾਂ ਦੇ ਵਿਰੋਧੀਆਂ ਦਾ ਵਰਣਨ ਕੀਤਾ ਹੈ। ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਇਕ ਉੱਘਾ ਦਰਬਾਰੀ ਨਿਹਾਲ ਸਿੰਘ ਛਾਛੀ ਵੀ ਸੀ ਜੋ ਮਗਰੋਂ ਅੰਗਰੇਜ਼ ਸਰਕਾਰ ਦਾ ਵਡਾ ਪਿੱਠੂ ਤੇ ਸਮਰਥਕ ਵੀ ਬਣ ਗਿਆ ਸੀ।

ਚੌਥੇ ਖੰਡ ਵਿਚ ਕਵੀ ਨੇ ਨਿਰੰਕਾਰੀ ਦਰਬਾਰ ਦੀ ਰਚਨਾ ਦਾ ਵਰਣਨ ਕੀਤਾ ਹੈ। ਜਿਸ ਲਈ ਉਨ੍ਹਾਂ ਨੂੰ ਸਰਕਾਰ ਤੇ ਉਸਦੇ ਪਿੱਠੂਆਂ ਦੇ ਕਈ ਵਿਰੋਧ ਝਲਣੇ ਪੈਂਦੇ ਸਨ। ਇਸ ਖੰਡ ਦੇ ਅਖੀਰ ਤੇ ਕਵੀ ਨੇ ਅੰਤਮ ਸੰਦੇਸ਼, ਅੰਤਮ ਉਪਦੇਸ਼ ਅਤੇ ਅੰਤਮ ਦਰਸ਼ਨ ਵਿਚ ਉਨ੍ਹਾਂ ਦੇ ਅੰਤਮ ਦੇਹ ਦਾ ਚੋਲਾ ਤਿਆਗਣ ਦਾ ਵਰਣਨ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਹੈ। ਸ੍ਰੀ ਸਾਹਿਬ ਦਿਆਲ ਜੀ ਦੇ ਵੱਡੇ ਸਪੁਤਰ ਸ੍ਰੀ ਸਾਹਿਬ ਦਰਬਾਰਾ ਸਿੰਘ

ਜੀ ਦੀ ਜੀਵਨ ਝਲਕ ਪੇਸ਼ ਕੀਤੀ ਗਈ ਹੈ ਜਿਨ੍ਹਾਂ ਨੂੰ ਪਰਖ ਸੋਧ ਕੇ ਸ੍ਰੀ ਸਾਹਿਬ ਦਿਆਲ ਜੀ ਨੇ ਆਪਣੀ ਕ੍ਰਾਂਤੀਕਾਰੀ ਨਿਰੰਕਾਰੀ ਲਹਿਰ ਦਾ ਆਪਣੀ ਥਾਂ ਤੇ ਜਾਨਸ਼ੀਨ ਥਾਪਿਆ। ਸ੍ਰੀ ਸਾਹਿਬ ਦਰਬਾਰਾ ਸਿੰਘ ਜੀ ਨੇ 40 ਬੀੜੇ (ਕੇਂਦਰ) ਕਾਇਮ ਕੀਤੇ ਤੇ ਇਨ੍ਹਾਂ ਦੇ ਮੁਖੀਆਂ ਨੂੰ ਬੀੜੇਦਾਰ ਦੀ ਪਦਵੀ ਨਾਲ ਨਿਵਾਜਿਆ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਵਡੇ ਗੁਰਮਤਿ ਕਾਰਜਾਂ ਨੂੰ ਨੇਪਰੇ ਚਾੜ੍ਹਿਆ। ਅਜੇਹੇ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨਾਲ ਹੁੰਦੀ ਸੀ ਤੇ ਨਾਲ ਮਖਮਲੀ ਲਾਲ ਨਿਸ਼ਾਨ ਸਾਹਿਬ ਹੁੰਦਾ ਸੀ। 'ਤੀਰ' ਜੀ ਨੇ ਇਸ ਨਜ਼ਾਰੇ ਨੂੰ ਇਸ ਤਰ੍ਹਾਂ ਚਿਤਰਿਆ ਹੈ:

ਚੋਟ ਨਗਾਰੇ ਮਾਰੀ ਟੁਰੀਆਂ ਸੰਗਤਾਂ
ਵੇਖੇ ਦੁਨੀਆਂ ਸਾਰੀ ਭਜ ਭਜ ਆਣ ਕੇ
ਏਦਾਂ ਚੜ੍ਹੀ ਸਵਾਰੀ ਗੁਰੂ ਗ੍ਰੰਥ ਦੀ
ਸ਼ਹਿਨਸ਼ਾਹ ਜਿਉਂ ਭਾਰੀ ਨਿਕਲੇ ਮਹਿਲ ਚੋਂ
ਝੁਕ ਝੁਕ ਕੇ ਨਰ ਨਾਰੀ ਕਰਦੇ ਬੰਦਨਾ
ਲੋਕੀ ਆਖਣ ਭਾਰੀ ਲੱਗਾ ਮੋਰਚਾ।[35]

ਸ੍ਰੀ ਸਾਹਿਬ ਦਰਬਾਰਾ ਸਿੰਘ ਜੀ ਦਾ ਜੀਵਨ ਬੜਾ ਸੰਘਰਸ਼ਮਈ ਸੀ। ਉਨ੍ਹਾਂ ਨੇ ਵੀ ਆਪਣੇ ਜੀਵਨ ਵਿਚ ਕਈ ਵਿਰੋਧਤਾਵਾਂ ਦਾ ਮੁਕਾਬਲਾ ਕੀਤਾ ਅਤੇ ਫਤਹਿ ਹਾਸਲ ਕੀਤੀ। 'ਤੀਰ' ਜੀ ਨੇ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਮੋਰਚੇ ਅਤੇ ਜਿੱਤਾਂ ਦੇ ਪ੍ਰਾਕਰਣ ਹੇਠ ਕਲਮਬੱਧ ਕੀਤਾ ਹੈ। ਕਵੀ ਨੇ ਸਾਹਿਬ ਦਰਬਾਰਾ ਸਿੰਘ ਜੀ ਦੀ ਪ੍ਰਭਾਵਸ਼ਾਲੀ ਸ਼ਖਸ਼ੀਅਤ ਨੂੰ ਚੰਗੀ ਤਰ੍ਹਾਂ ਉਘਾੜਿਆ ਹੈ। ਸ੍ਰੀ ਸਾਹਿਬ ਦਰਬਾਰਾ ਸਿੰਘ ਜੀ ਨੇ ਆਪਣੇ ਪੰਦਰਾਂ ਸਾਲਾਂ ਦੀ ਨਿਰੰਕਾਰੀ ਲਹਿਰ ਦੀ ਵਾਗਡੋਰ ਸੰਭਾਲਣ ਵਾਲੇ ਸੰਘਰਸ਼ਮਈ ਜੀਵਨ ਵਿਚ ਕਈ ਮਹਾਨ ਪ੍ਰਾਪਤੀਆਂ ਕੀਤੀਆਂ ਤੇ ਮਗਰੋਂ ਆਪਣੇ ਛੋਟੇ ਭਰਾਤਾ ਸਾਹਿਬ ਰਤਨ ਚੰਦ ਜੀ (ਰੱਤਾ ਜੀ) ਨੂੰ ਆਪਣੀ ਥਾਂ ਤੇ ਥਾਪ ਕੇ ਬ੍ਰਹਮ ਜੋਤ ਵਿਚ ਲੀਨ ਹੋ ਗਏ। ਉਨ੍ਹਾਂ ਦੀਆਂ ਪ੍ਰਾਪਤੀਆਂ ਵਿਚ ਅਨੰਦ ਵਿਆਹ ਦੀ ਇਤਿਹਾਸਕ ਕ੍ਰਾਂਤੀ, ਕਈ ਮੋਰਚਿਆਂ ਦੀ ਜਿੱਤ ਤੇ ਹੋਰ ਕਈ ਤਰ੍ਹਾਂ ਦੀਆਂ ਕੀਤੀਆਂ ਕ੍ਰਿਪਾਵਾਂ ਦਾ ਵਰਣਨ ਹੈ।

ਨਿਰੰਕਾਰੀ ਲਹਿਰ ਦੇ ਤੀਜੇ ਸੰਚਾਲਕ ਸ੍ਰੀ ਸਾਹਿਬ ਰਤਾ ਜੀ ਸੇਵਾ ਦੇ ਮਹਾਨ ਪੁੰਜ ਸਨ। ਉਹ ਬਹੁਤਾ ਸਮਾਂ ਨਾਮ-ਰੰਗ ਵਿਚ ਰਤੇ ਤੇ ਸਮਾਧੀ ਵਿਚ ਲੀਨ ਰਹਿੰਦੇ ਸਨ। ਮਹਾ ਕਾਵਿ ਦੇ ਸਤਵੇਂ ਖੰਡ ਵਿਚ ਰੱਤਾ ਜੀ ਮਹਾਰਾਜ ਦੇ ਜੀਵਨ ਬ੍ਰਿਤਾਂਤਾਂ ਦਾ ਵਰਣਨ ਹੈ ਕਿ ਕਿਵੇਂ ਉਨ੍ਹਾਂ ਨੇ ਨਵੇਂ ਨਿਰੰਕਾਰੀ ਦਰਬਾਰ ਦੀ ਉਸਾਰੀ ਕਰਵਾਈ, ਕਰਮਕਾਂਡ ਅਤੇ ਬ੍ਰਾਹਮਣਵਾਦ ਵਿਰੁਧ ਸੰਘਰਸ਼ ਤੇ ਪ੍ਰਚਾਰ ਕੀਤਾ। ਡਾ. ਮਾਨ ਸਿੰਘ ਨਿਰੰਕਾਰੀ ਦਾ ਕਥਨ ਹੈ ਕਿ ਸਿੰਘ ਸਭਾ ਲਹਿਰ ਨੇ ਨਿਰੰਕਾਰੀ ਲਹਿਰ ਤੋਂ ਕਾਫੀ ਪ੍ਰੇਰਨਾ ਹਾਸਲ ਕੀਤੀ।

> ਸਿੰਘ ਸਭਾ ਲਹਿਰ ਨੇ ਬਹੁਤ ਹੱਦ ਤਕ ਨਿਰੰਕਾਰੀ ਲਹਿਰ ਵਲੋਂ ਦਸੀਆਂ ਰਹੁ ਰੀਤੀਆਂ ਨੂੰ ਅਪਣਾ ਲਿਆ ਅਤੇ ਕਰਮਕਾਂਡ ਅਤੇ ਬ੍ਰਾਹਮਣਵਾਦ ਨੂੰ ਤਿਆਗਣ ਵਿਚ ਮੋਢੇ ਨਾਲ ਮੋਢਾ ਜੋੜ ਕੇ ਪ੍ਰਚਾਰ ਸ਼ੁਰੂ ਕਰ ਦਿਤਾ। ਜੇ ਇਹ ਕਿਹਾ ਜਾਵੇ ਕਿ ਅਸਲੀ ਅਰਥਾਂ ਵਿਚ ਸਿੰਘ ਸਭਾ ਲਹਿਰ, ਸ੍ਰੀ ਸਾਹਿਬ ਰੱਤਾ ਜੀ ਦੇ ਸੰਪਰਕ

ਵਿਚ ਆ ਕੇ ਹੀ ਵਿਕਸਤ ਹੋਈ, ਤਾਂ ਇਸ ਵਿਚ ਅਤਿਕਥਨੀ ਨਹੀਂ ਹੋਵੇਗੀ। ਇਸ ਲਈ ਨਿਰੰਕਾਰੀ ਇਤਿਹਾਸ ਵਿਚ, ਨਿਰੰਕਾਰੀ ਲਹਿਰ ਨੂੰ ਸਿੰਘ ਸਭਾ ਲਹਿਰ ਦੀ ਜਣਨੀ ਕਿਹਾ ਜਾਂਦਾ ਹੈ।[36]

ਆਨੰਦ ਵਿਆਹ ਪ੍ਰਣਾਲੀ ਨੂੰ ਸੰਵਿਧਾਨਿਕ ਬਨਾਉਣ ਲਈ, ਸ੍ਰੀ ਸਾਹਿਬ ਰੱਤਾ ਜੀ ਨੇ ਮਹਾਰਾਜ ਕੁਮਾਰ ਰਿਪਦਮਨ ਸਿੰਘ ਨਾਭਾ ਨੂੰ ਪ੍ਰੇਰਨਾ ਅਤੇ ਸਹਿਯੋਗ ਦਿਤਾ। ਸ੍ਰੀ ਸਾਹਿਬ ਰੱਤਾ ਜੀ ਦੀ ਅਸ਼ੀਰਵਾਦ ਸਦਕਾ, ਇਸ ਸੰਬੰਧੀ ਬਿਲ, ਸ੍ਰ. ਸੁੰਦਰ ਸਿੰਘ ਮਜੀਠੀਆ ਦੀ ਇਮਪੀਰੀਅਲ ਕੌਂਸਲ ਦੀ ਮੈਂਬਰੀ ਸਮੇਂ, 1909 ਈ. ਵਿਚ ਅਨੰਦ ਵਿਆਹ ਐਕਟ ਦੇ ਰੂਪ ਵਿਚ ਪ੍ਰਵਾਨ ਚੜ੍ਹਿਆ।

ਸ੍ਰੀ ਸਾਹਿਬ ਰੱਤਾ ਜੀ ਨੇ ਬ੍ਰਹਮ ਜੋਤ ਵਿਚ ਲੀਨ ਹੋਣ ਤੋਂ ਕੁਝ ਸਮਾਂ ਪਹਿਲਾਂ ਸ੍ਰੀ ਸਾਹਿਬ ਗੁਰਦਿੱਤ ਸਿੰਘ ਜੀ ਤੇ ਸ੍ਰੀ ਸਾਹਿਬ ਹਰਾ ਸਿੰਘ ਜੀ, ਦੋਹਾਂ ਨੂੰ ਇਕੋ ਸਮੇਂ ਨਿਰੰਕਾਰੀ ਗੁਰਸਿਖਾਂ ਦੀ ਵਾਗ-ਡੋਰ ਸੌਂਪ ਕੇ ਆਪਣੀ ਹੱਥੀ ਕੇਸਰ ਦਾ ਤਿਲਕ ਉਨ੍ਹਾਂ ਦੇ ਮਸਤਕਾਂ ਉਤੇ ਲਾ ਕੇ ਸਾਂਝੀ ਜ਼ਿੰਮੇਵਾਰੀ ਦੀ ਮਰਯਾਦਾ ਦਾ ਆਰੰਭ ਕੀਤਾ।

ਸ੍ਰੀ ਸਾਹਿਬ ਰੱਤਾ ਜੀ ਤੋਂ ਪਿਛੋਂ ਨਿਰੰਕਾਰੀ ਸਿਖਾਂ ਦੀ ਅਗਵਾਈ ਦੋਹਾਂ ਮਹਾਨ ਵਿਅਕਤੀਆਂ ਸ੍ਰੀ ਸਾਹਿਬ ਗੁਰਦਿੱਤ ਸਿੰਘ ਜੀ (1868-1947) ਅਤੇ ਸ੍ਰੀ ਸਾਹਿਬ ਹਰਾ ਸਿੰਘ ਜੀ (1887-1971) ਦੀ ਸਾਂਝੀ ਦੇਖ ਰੇਖ ਹੇਠ ਹੁੰਦੀ ਰਹੀ, ਤੇ ਉਹਨਾਂ ਦੀ ਸੌਂਪਣਾ ਵਿਚ ਨਿਰੰਕਾਰੀ ਲਹਿਰ ਵਧਦੀ ਰਹੀ।

ਅਠਵੇਂ ਖੰਡ ਵਿਚ ਸ੍ਰੀ ਸਾਹਿਬ ਗੁਰਦਿਤ ਸਿੰਘ ਜੀ ਦਾ ਜਨਮ, ਬਚਪਨ ਦੇ ਰੰਗ ਨਵੇਂ ਹਰਿਮੰਦਰ ਦੀ ਉਸਾਰੀ ਤੇ ਸਮਾਗਮ ਆਦਿ ਕਰਨ ਦਾ ਵਰਣਨ ਹੈ। 1947 ਦੇ ਫ਼ਸਾਦਾਂ ਵਿਚ ਖੂਨ ਦੇ ਸੋਹਿਲੇ ਦੇਖਣ ਵਿਚ ਆਉਂਦੇ ਹਨ। ਭਾਈ ਗੁਰਦਿਤ ਸਿੰਘ ਜੀ ਨੇ ਸ੍ਰੀ ਸਾਹਿਬ ਹਰਾ ਸਿੰਘ ਜੀ ਨੂੰ ਆਪਣੀ ਥਾਂ ਗੁਰਤਾ ਦੀ ਬਖਸ਼ਿਸ਼ ਕੀਤੀ ਤੇ ਬੜੀ ਰਮਜ਼ ਵਿਚ ਆਪਣੇ ਚਲਾਣੇ ਦਾ ਸੰਦੇਸ਼ ਦਿਤਾ। ਸ੍ਰੀ ਸਾਹਿਬ ਗੁਰਦਿਤ ਸਿੰਘ ਜੀ ਮਹਾਨ ਵਿਚਾਰਵਾਨ ਤੇ ਪ੍ਰਭਾਵਸ਼ਾਲੀ ਪੁਰਸ਼ ਸਨ। ਉਹ ਬੜੇ ਨਿਧੜਕ ਤੇ ਨਿਰਭੈ ਪੁਰਸ਼ ਸਨ। ਉਨ੍ਹਾਂ ਨੇ ਨਿਰੰਕਾਰੀ ਦਰਬਾਰ ਦਾ ਬਹੁਤ ਪ੍ਰਚਾਰ ਕੀਤਾ। ਉਨ੍ਹਾਂ ਦੀ ਸ਼ਖਸੀਅਤ ਤੇ ਪ੍ਰਭਾਵ ਬਾਰੇ ਤੀਰ ਜੀ ਲਿਖਦੇ ਹਨ :

ਵਧਦੀ ਗਈ ਦਰਬਾਰ ਦੀ ਸ਼ੋਭਾ ਸਦਾ ਮਹਾਨ,
ਪੁਜਦੇ ਸਾਹਿਬਾਂ ਕੋਲ ਸਨ ਬੜੇ ਬੜੇ ਵਿਦਵਾਨ।
ਆਗੂ ਨਾਨਕ ਪੰਥ ਦੇ, ਸੁਣਦੇ ਆ ਉਪਦੇਸ਼,
ਮਨ ਦੀਆਂ ਖੋਲ੍ਹਣ ਘੁੰਡੀਆਂ, ਸਤਿਗੁਰੂ ਆਪ ਹਮੇਸ਼।
ਪਰਚਾਰਕ ਸਿੱਖ ਧਰਮ ਦੇ, ਸਾਹਿਤ ਦੇ ਸਰਦਾਰ,
ਸਭਨਾਂ ਵਿਚ ਸਨ ਵੰਡਦੇ, ਸਾਹਿਬ ਪ੍ਰੀਤ ਪਿਆਰ।
ਰੋਜ਼ ਕੀਰਤਨ ਹੋਂਵਦਾ, ਰੋਜ਼ ਸਮੇਂ ਦੀਵਾਨ,
ਗੁਰਬਾਣੀ ਦੀ ਸਿਖਿਆ ਦੇਣ ਰੋਜ਼ ਸੁਲਤਾਨ।[37]

ਗੁਰਦਿਤ ਸਿੰਘ ਜੀ ਸਿੱਖ ਗੁਰਦੁਆਰਾ ਸੁਧਾਰ ਲਹਿਰ ਦੇ ਬੜੇ ਹਾਮੀ ਸਨ। ਅਤੇ

ਪਹਿਲੀ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਸਨ।

ਨੌਵੇਂ ਖੰਡ ਵਿਚ ਕਵੀ ਨੇ ਸ੍ਰੀ ਹਜ਼ੂਰ ਸਾਹਿਬ ਹਰਾ ਸਿੰਘ ਦੇ ਜਨਮ ਨਿਤ ਕਰਮ, 1947 ਦੀ ਘਾਲ ਆਦਿ ਦੀ ਘਾਲ ਦਾ ਵਰਣਨ ਕੀਤਾ ਹੈ।

ਸ੍ਰੀ ਸਾਹਿਬ ਹਰਾ ਸਿੰਘ ਜੀ ਨੇ ਦੇਸ਼ ਦੀ ਵੰਡ ਦੇ ਫਸਾਦਾਂ ਸਮੇਂ ਗੁਰਸਿਖਾਂ ਦੀ ਔਖੇ ਤੇ ਭਿਆਨਕ ਸਮੇਂ ਅਗਵਾਈ ਕੀਤੀ ਤੇ ਨਿਰੰਕਾਰੀ ਦਰਬਾਰ ਨੂੰ ਉਜੜ ਕੇ ਆਈ ਸੰਗਤ ਨੂੰ ਸੇਵਾ ਸੰਭਾਲ ਦਾ ਕੇਂਦਰ ਬਣਾ ਕੇ ਵੱਡਾ ਉਦਮ ਕੀਤਾ। ਇਸ ਸਮੇਂ ਤੀਰ ਜੀ ਨੇ ਘਲੂਘਾਰੇ ਦਾ ਚਿਤਰਨ ਇਸ ਤਰ੍ਹਾਂ ਕੀਤਾ ਹੈ :

ਚੜਿਆ ਸੰਨ ਸੰਤਾਲੀਆਂ ਜਦੋਂ ਪਹੁੰਚਿਆ ਆਣ,
ਗੋਰਾ ਗੀਦੀ ਹਿੰਦ ਚੋਂ ਲੱਗਾ ਜਿਉਂ ਹੀ ਜਾਣ।
ਜ਼ਹਿਰ ਖਿਲਾਰੀ ਉਸ ਨੇ, ਥਾਂ ਥਾਂ ਲਾਈ ਅੱਗ,
ਫਿਰਕੂ ਰੰਗਣ ਚਾੜ ਕੇ ਜਨਤਾ ਲੀਤੀ ਠੱਗ।
ਜਦੋਂ ਆਜ਼ਾਦੀ ਹਿੰਦ ਦਾ ਕੀਤਾ ਓਸ ਐਲਾਨ,
ਜੰਮ ਪਏ ਮਜ਼ਬੀ ਭੂਤਨੇ, ਮੋਇਆ ਤਦ ਇਨਸਾਨ।[38]

ਇਸ ਸਮੇਂ ਦਿਲੀ ਵਿਚ ਵੰਡ ਤੋਂ ਬਾਅਦ ਨਿਰੰਕਾਰੀ ਸਿੱਖਾਂ ਦਾ ਪਹਿਲਾ ਇਕੱਠ ਹੋਇਆ, ਦੂਜਾ ਪਟਿਆਲਾ ਵਿਖੇ ਹੋਇਆ। ਉਸ ਤੋਂ ਮਗਰੋਂ ਚੰਡੀਗੜ੍ਹ ਵਿਖੇ ਨਿਰੰਕਾਰੀ ਦਰਬਾਰ ਦੀ ਰਚਨਾ ਹੋਈ।

ਅੰਤ ਉਪਰ ਕਵੀ ਨੇ ਹਰਾ ਸਿੰਘ ਨਿਰੰਕਾਰੀ ਦੇ ਅੰਤ ਸਮੇਂ ਦਾ ਵਰਣਨ ਕੀਤਾ ਹੈ। ਚੰਡੀਗੜ੍ਹ ਵਿਖੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ਅਤੇ ਉਹਨਾਂ ਦੀ ਫਰਸ਼ੀ ਦੇਹ ਨੂੰ ਪੁਸ਼ਪ ਮਲਾਵਾਂ ਭੇਟ ਕੀਤੀਆਂ ਗਈਆਂ। ਉਨ੍ਹਾਂ ਦਾ ਸੰਸਕਾਰ ਨਿਰੰਕਾਰੀ ਦਰਬਾਰ ਸਾਹਿਬ ਸੈਕਟਰ 21 ਚੰਡੀਗੜ੍ਹ ਵਿਚ ਕਰਨ ਦੀ ਵਿਸ਼ੇਸ਼ ਪ੍ਰਵਾਨਗੀ ਚੰਡੀਗੜ੍ਹ ਰਾਜ ਪ੍ਰਸ਼ਾਸਨ ਵਲੋਂ ਲਈ ਗਈ। ਉਹਨਾਂ ਦਾ ਅਕਾਲ ਚਲਾਣਾ 1971 ਵਿਚ ਹੋਇਆ। ਇਸ ਤਰ੍ਹਾਂ ਵਿਧਾਤਾ ਸਿੰਘ ਤੀਰ ਨੇ 'ਸਿਖੀ ਦਾ ਚਾਨਣ' ਮਹਾਕਾਵਿ ਵਿਚ ਬੜੀ ਭਾਵਨਾ ਤੇ ਸ਼ਰਧਾ ਨਾਲ ਨਿਰੰਕਾਰੀ ਲਹਿਰ ਦਾ ਇਤਿਹਾਸ ਤੇ ਇਸ ਲਹਿਰ ਦੇ ਪੰਜ ਸੰਚਾਲਕਾਂ ਦੇ ਜੀਵਨ ਬਿਤ੍ਰਾਂਤਾਂ ਨੂੰ ਪੇਸ਼ ਕੀਤਾ ਹੈ। ਕਵੀ ਦਾ ਮੁੱਖ ਕੰਮ ਨਿਰੰਕਾਰੀ ਆਗੂਆਂ ਦਾ ਚਰਿਤਰ ਚਿਤਰਨ ਅਤੇ ਉਨ੍ਹਾਂ ਦੇ ਜੀਵਨ ਨਾਲ ਸੰਬੰਧਤ ਮੁੱਖ ਘਟਨਾਵਾਂ ਦਾ ਵਰਣਨ ਕਰਨਾ ਹੀ ਰਿਹਾ ਹੈ। ਇਸ ਤਰ੍ਹਾਂ ਚਿਤਰਨ ਤੇ ਵਰਣਨ ਉਸਦੀ ਕਾਵਿ ਕਲਾ ਦੇ ਦੋ ਵਿਸ਼ੇਸ਼ ਗੁਣ ਹਨ।

ਵੀਹਵੀਂ ਸਦੀ ਦੇ ਕਿੱਸਾ ਕਾਵਿ ਦੀ ਵਿਸ਼ੇਸ਼ਤਾ ਹੈ ਕਿ ਇਸ ਸਮੇਂ ਸਿਖਿਆਦਾਇਕ, ਉਪਦੇਸ਼ਾਤਮਕ ਤੇ ਨੈਤਿਕ ਪ੍ਰਕਾਰ ਦੇ ਕਿੱਸੇ ਜ਼ਿਆਦਾ ਲਿਖੇ ਗਏ ਜਦ ਕਿ ਇਸ ਤੋਂ ਪਹਿਲਾਂ ਰੁਮਾਂਟਿਕ ਤੇ ਪ੍ਰੀਤ-ਪ੍ਰਧਾਨ ਕਿੱਸਿਆਂ ਦੀ ਰਚਨਾ ਪ੍ਰਮੁੱਖ ਸੀ। 20ਵੀਂ ਸਦੀ ਦੇ ਕਿੱਸਾ ਕਾਵਿ ਵਿਚ ਕਈਆਂ ਕਵੀਆਂ ਨੇ ਚਲੀ ਆ ਰਹੀ ਪਰੰਪਰਾ ਵਿਚ ਹੀਰ ਰਾਂਝਾ, ਸੋਹਣੀ ਮਹੀਵਾਲ, ਸਸੀ ਪੁੰਨੂੰ, ਮਿਰਜ਼ਾ ਸਾਹਿਬਾਂ ਦੇ ਕਿੱਸੇ ਲਿਖੇ ਸਨ ਅਤੇ ਕਈ ਰੁਮਾਂਟਿਕ ਕਿੱਸਿਆਂ ਦੀ ਰਚਨਾ ਵੀ ਹੋਈ ਸੀ ਪਰ ਇਸ ਸਦੀ ਵਿਚ ਸਾਨੂੰ ਪੌਰਾਣਿਕ, ਸਦਾਚਾਰਕ, ਸੁਧਾਰਕ ਤੇ ਉਪਦੇਸ਼ਾਤਮਕ ਕਿੱਸਿਆਂ ਦੀ ਵਰਤੋਂ ਜ਼ਿਆਦਾ ਕੀਤੀ ਹੋਈ ਮਿਲਦੀ ਹੈ।

ਅਜੇਹੀ ਕਿੱਸਾ ਰਚਨਾ ਉਪਰ ਸਮੇਂ ਦੀਆਂ ਸਥਿਤੀਆਂ ਪਰਿਸਥਿਤੀਆਂ ਉਪਰ ਸੁਧਾਰਵਾਦੀ ਲਹਿਰਾਂ ਦਾ ਪ੍ਰਭਾਵ ਸੀ।

'ਤੀਰ' ਨੇ ਵੀ ਸਮੇਂ ਦੀ ਨਬਜ਼ ਨੂੰ ਪਛਾਣਦੇ ਹੋਏ ਕਿਸੇ ਪ੍ਰੀਤ ਜਾਂ ਰੁਮਾਂਟਿਕ ਕਿੱਸੇ ਦੀ ਰਚਨਾ ਨਹੀਂ ਕੀਤੀ, ਜੇਕਰ ਉਸਨੇ ਅਜੇਹੇ ਕਿੱਸੇ ਭਾਵਿ ਕਿੱਸਾ ਨਲਦਮਯੰਤੀ ਅਤੇ ਰੂਪਰਾਣੀ ਸ਼ਕੁੰਤਲਾ ਲਿਖੇ ਵੀ ਹਨ ਤਾਂ ਉਹ ਇਤਨੇ ਪ੍ਰੀਤ ਪ੍ਰਧਾਨ ਨਹੀਂ; ਜਿਤਨਾ ਕਿ ਇਨ੍ਹਾਂ ਵਿਚ ਪੌਰਾਣਿਕਤਾ ਤੇ ਇਤਿਹਾਸਕ ਮਿਥਿਹਾਸਕ ਪੱਖਾਂ ਦੇ ਮਹੱਤਵ ਦਾ ਹੈ। ਇਨ੍ਹਾਂ ਵਿਚ ਪੁਰਾਣੇ ਵਿਰਸੇ ਨੂੰ ਮੁੜ ਸੁਰਜੀਤ ਕਰਨ ਦੀ ਪ੍ਰਵਿਰਤੀ ਦਿਖਾਈ ਦੇਂਦੀ ਹੈ। ਇਨ੍ਹਾਂ ਵਿਚ ਵੀ ਤੀਰ ਜੀ ਨੇ ਉਨ੍ਹਾਂ ਪ੍ਰਸੰਗਾਂ ਦਾ ਖਾਸ ਤੌਰ ਤੇ ਵਰਣਨ ਕੀਤਾ ਹੈ ਜੋ ਸਾਡੇ ਸਭਿਆਚਾਰ ਤੇ ਵਿਰਸੇ ਦਾ ਗੌਰਵਮਈ ਭਾਗ ਹਨ। ਰੂਪ ਰਾਣੀ ਸ਼ਕੁੰਤਲਾ ਵਿਚ ਖਾਸ ਤੌਰ ਤੇ ਜਦੋਂ ਸ਼ਕੁੰਤਲਾ ਨੂੰ ਤੋਰਿਆ ਜਾਂਦਾ ਹੈ ਤਾਂ ਉਸ ਸਮੇਂ ਪਿਓ ਧੀ ਦੀ ਹਾਲਤ ਦਾ ਜੋ ਵਰਣਨ ਤੀਰ ਜੀ ਨੇ ਕੀਤਾ ਹੈ ਉਹ ਸਾਡੇ ਸਭਿਆਚਾਰਕ ਸਾਹਿਤ ਵਿਚ ਬਹੁਤ ਘਟ ਮਿਲਦਾ ਹੈ। ਵਿਦਾਇਗੀ ਦੇ ਅਜੇਹੇ ਮੌਕੇ ਕਈ ਹੋਰ ਕਿੱਸਿਆਂ ਤੇ ਸਾਹਿਤ ਰੂਪਾਂ ਵਿਚ ਆਏ ਹਨ ਪਰ ਤੀਰ ਨੇ ਪਿਓ ਅਤੇ ਧੀ ਦੀ ਇਸ ਵੇਦਨਾ ਭਰੀ ਮਾਨਸਿਕ ਹਾਲਤ ਨੂੰ ਬਿਆਨ ਕਰਦੇ ਹੋਏ ਇਹ ਦਸਿਆ ਹੈ ਕਿ ਦੋਹਾਂ ਵਿਚੋਂ ਕੋਈ ਬੋਲ ਹੀ ਨਹੀਂ ਸਕਿਆ। ਇਸ ਤਨਾਓ ਭਰੇ ਵਿਛੋੜੇ ਦੇ ਸਮੇਂ ਉਨ੍ਹਾਂ ਨੇ 'ਚੁਪ' ਨੂੰ ਵਡੀ ਨਾਟਕੀ ਤੇ ਬ੍ਰਿਤਾਂਤਕ ਜੁਗਤ ਦੇ ਰੂਪ ਵਿਚ ਵਰਤਿਆ ਹੈ :

ਲਾਡ ਮੋਹ ਅੰਦਰ ਗੋਤੇ ਖਾਣ ਦੋਵੇਂ,
ਨਾਹੀਂ ਪਿਓ ਬੋਲੇ ਨਾਹੀਂ ਧੀ ਬੋਲੇ।
ਇਕ ਦੂਸਰੇ ਨੂੰ ਤੱਕੀ ਜਾਣ ਦੋਵੇਂ,
ਨਾਹੀਂ ਪਿਓ ਬੋਲੇ, ਨਾਹੀਂ ਧੀ ਬੋਲੇ।
ਬੱਧੇ ਮੋਹ ਦੇ ਦਿੱਲ ਤੜਫਾਣ ਦੋਵੇ,
ਨਾਹੀਂ ਪਿਓ ਬੋਲੇ, ਨਾਹੀ ਧੀ ਬੋਲੇ।
ਆਮ੍ਹੋ ਸਾਮਣੇ ਖਲੇ ਹੈਰਾਣ ਦੋਵੇਂ,
ਨਾਹੀਂ ਪਿਓ ਬੋਲੇ, ਨਾਹੀਂ ਧੀ ਬੋਲੇ।
ਵਿਚ ਦਿੱਲਾਂ ਦੇ ਝਾਤੀਆਂ ਪਾਣ ਦੋਵੇਂ,
ਨਾਹੀਂ ਪਿਓ ਬੋਲੇ, ਨਾਹੀਂ ਧੀ ਬੋਲੇ।[39]

20ਵੀਂ ਸਦੀ ਵਿਚ ਦੇਸ਼ ਅੰਦਰ ਧਾਰਮਿਕ ਤੇ ਸਦਾਚਾਰਕ ਸੁਧਾਰ ਦੀਆਂ ਕਈ ਲਹਿਰਾਂ ਚਲ ਰਹੀਆਂ ਸਨ, ਤੀਰ ਉਪਰ ਇਨ੍ਹਾਂ ਲਹਿਰਾਂ ਦਾ ਪ੍ਰਭਾਵ ਪਿਆ। ਇਸ ਸਮੇਂ ਧਨੀਰਾਮ ਚਾਤ੍ਰਿਕ ਨੇ ਇਸੇ ਪ੍ਰਭਾਵ ਅਧੀਨ ਭਰਥਰੀ ਹਰੀ ਤੇ ਨਲ ਦਮਯੰਤੀ ਨਾਂ ਦੇ ਕਿੱਸੇ ਲਿਖੇ, ਇਨ੍ਹਾਂ ਤੋਂ ਪ੍ਰਭਾਵਿਤ ਹੋ ਕੇ 'ਤੀਰ ਜੀ' ਨੇ ਵੀ ਨਲ ਦਮਯੰਤੀ ਤੇ ਰੂਪ ਰਾਣੀ ਸ਼ਕੁੰਤਲਾ ਦੇ ਕਿੱਸਿਆਂ ਦੀ ਰਚਨਾ ਕੀਤੀ। ਇਨ੍ਹਾਂ ਦੋਹਾਂ ਵਿਚ 'ਤੀਰ ਜੀ' ਦੀ ਵਿਸ਼ੇਸ਼ ਦੇਣ ਰੂਪ ਰਾਣੀ ਸ਼ਕੁੰਤਲਾ ਦਾ ਕਿੱਸਾ ਹੈ। ਕਾਲੀਦਾਸ ਨੇ ਇਸ ਕਹਾਣੀ ਨੂੰ ਸੰਸਕ੍ਰਿਤਕ ਨਾਟਕ ਵਿਚ ਬਿਆਨ ਕੀਤਾ ਸੀ ਪਰ ਤੀਰ ਨੇ ਇਸਨੂੰ ਸਰਲ ਤੇ ਅਲੰਕਾਰਿਕ ਪੰਜਾਬੀ ਵਿਚ ਕਾਵਿ

ਬਧ ਕਰਕੇ ਬਹੁਮੁਲੀ ਰਚਨਾ ਪੇਸ਼ ਕੀਤੀ। ਇਸੇ ਲਈ ਡਾ. ਮੋਹਨ ਸਿੰਘ ਦੀਵਾਨਾ ਨੇ ਕਾਲੀਦਾਸ ਅਤੇ ਵਿਧਾਤਾ ਸਿੰਘ ਤੀਰ ਦੀ ਤੁਲਨਾ ਕਰਦੇ ਹੋਏ ਤੀਰ ਜੀ ਦੀ ਵਡਿਆਈ ਕੀਤੀ ਸੀ ਅਤੇ ਕਿਹਾ ਸੀ ਕਿ "ਇਸ ਰਚਨਾ ਦੀਆਂ ਨੌ ਤੁਕਾਂ ਤੋਂ ਪਿਛਲੇ 19 ਸਾਲਾਂ ਵਿਚ ਛਪੀਆਂ ਨਿਕੀਆਂ ਨਜ਼ਮਾਂ ਦੀਆਂ ਪੁਸਤਕਾਂ ਨੂੰ ਸੋਟ ਕਰਨ ਨੂੰ ਤਿਆਰ ਹਨ।"

ਵਿਧਾਤਾ ਸਿੰਘ ਤੀਰ ਦੀ ਕਿੱਸਾ ਕਲਾ ਮੁੱਖ ਤੌਰ ਤੇ ਪਰੰਪਰਾਗਤ ਵਿਧੀਆਂ ਦੀ ਵਰਤੋਂ ਵਾਲੀ ਹੈ। ਉਸਨੇ ਸਾਰੇ ਕਿੱਸਿਆਂ ਵਿਚ ਮੰਗਲਾਚਰਣ ਦੀ ਵਰਤੋਂ ਕੀਤੀ ਹੈ ਤੇ ਰਬ ਤੇ ਇਸ਼ਟ ਦੀ ਉਸਤਤ ਕੀਤੀ ਹੈ। ਕਵੀ ਦੇ ਕਿੱਸਿਆਂ ਦਾ ਆਰੰਭ ਪਰੰਪਰਾਗਤ ਹੈ ਪਰ ਢੁਕਵਾਂ ਤੇ ਨਾਟਕੀ ਪ੍ਰਭਾਵ ਵਾਲਾ ਹੈ। ਉਸਨੇ ਵੱਖ ਵੱਖ ਢੰਗਾਂ ਨਾਲ ਬ੍ਰਿਤਾਂਤਕ ਕਹਾਣੀਆਂ ਸ਼ੁਰੂ ਕੀਤੀਆਂ ਹਨ। 'ਤੀਰ' ਨੇ ਆਪਣੇ ਕਿੱਸਿਆਂ ਵਿਚ ਥਾਂ ਪੁਰ ਥਾਂ ਪਰਾ ਸਰੀਰਕ ਅੰਸ਼, ਹੋਣੀ, ਵਰ ਸਰਾਪ ਤੇ ਮੌਕਾ ਮੇਲ ਦੀ ਵਰਤੋਂ ਵੀ ਕੀਤੀ ਹੈ। ਪਰ ਇਹ ਸਾਰੇ ਪੱਖ ਕਹਾਣੀ ਨੂੰ ਅਗੇ ਤੋਰਨ ਲਈ ਅਤੇ ਕਹਾਣੀ ਵਿਚ ਅਸਚਰਜਤਾ ਪੈਦਾ ਕਰਨ ਲਈ ਲਿਆਂਦੇ ਗਏ ਹਨ ਪਰ ਇਹ ਕਿਸੇ ਥਾਂ ਉਪਰ ਵੀ ਕਿੱਸਿਆਂ ਉਪਰ ਭਾਰੂ ਨਹੀਂ ਹੁੰਦੇ। ਕੁਝ ਥਾਵਾਂ ਤੇ ਮੌਕਾ ਮੇਲ, ਪਰਾ ਸਰੀਰਕ ਤੇ ਕਰਾਮਾਤੀ ਅੰਸ਼ ਸਾਨੂੰ ਅਖਰਦਾ ਜ਼ਰੂਰ ਹੈ।

ਤੀਰ ਦੇ ਕਿੱਸਿਆਂ ਵਿਚ ਨਾਇਕ ਨਾਇਕਾ ਦੀ ਸੁੰਦਰਤਾ ਦਾ ਵਰਣਨ ਵੀ ਪ੍ਰਚਲਿਤ ਪ੍ਰਭਾਵ ਅਧੀਨ ਹੀ ਕੀਤਾ ਗਿਆ ਹੈ ਜਿਵੇਂ ਰਾਣੀ ਦਮਯੰਤੀ ਦੀ ਸੁੰਦਰਤਾ ਦਾ ਵਰਣਨ :

ਉਸਦੇ ਬੁਲ ਗੁਲਾਬ ਦੇ ਫੁਲ ਦੋਵੇਂ,
ਬੋਲੀ ਉਸਦੀ ਵਿਚ ਮਹਿਕਾਰ ਲੱਗੇ।
ਲਿਟਾਂ ਓਹਦੀਆਂ ਨਾਗਣਾਂ ਵਾਂਗ ਪੇਲਣ,
ਸਰੂ ਕੱਦ ਅਗੇ ਸਰਮਸਾਰ ਲਗੇ।

ਤੀਰ ਜੀ ਨੇ ਕਿੱਸਿਆਂ ਤੇ ਮਹਾਂਕਾਵਿ ਵਿਚ ਮੁੱਖ ਤੌਰ ਤੇ ਵੱਖ ਵੱਖ ਖੰਡ ਬਣਾਏ ਹਨ। ਹਰ ਖੰਡ ਵਿਚ ਘਟਨਾ ਕਹਾਣੀ ਨਾਲ ਸੰਬੰਧਿਤ ਸਿਰਲੇਖ ਦਿਤੇ ਹੋਏ ਹਨ। ਇਨ੍ਹਾਂ ਤੋਂ ਇਲਾਵਾ ਕਵੀ ਨੇ ਕਾਫ਼ੀ ਗਿਣਤੀ ਵਿਚ ਛੰਦਾਂ ਦੀ ਵਰਤੋਂ ਕੀਤੀ ਹੈ ਜਿਵੇਂ ਬੈਂਤ, ਦੋਹਿਰਾ ਚੌਪਈ ਛਪੈ ਛੰਦ, ਤ੍ਰੈ-ਭੰਗੀ ਛੰਦ, ਸਵੱਯਾ, ਕਬਿਤ, ਸੋਰਠਾ, ਡਿਓਢ ਆਦਿ। ਪਰ ਉਸਦਾ ਮੁੱਖ ਛੰਦ ਬੈਂਤ ਹੀ ਹੈ। ਤੀਰ ਜੀ ਦੇ ਕਿੱਸਿਆਂ ਦੀ ਵਿਸ਼ੇਸ਼ਤਾ ਠੇਠ ਤੇ ਕੇਂਦਰੀ ਪੰਜਾਬੀ ਕਰਕੇ ਹੈ। ਉਹ ਬੋਲੀ ਦੀ ਬੜੀ ਪ੍ਰਵੀਨ ਵਰਤੋਂ ਕਰਨੀ ਜਾਣਦੇ ਸਨ। ਇਸ ਤਰ੍ਹਾਂ ਉਨ੍ਹਾਂ ਵਿਚ ਸਫਲ ਕਿੱਸਾਕਾਰ ਵਾਲੇ ਸਾਰੇ ਗੁਣ ਮੌਜੂਦ ਸਨ। ਉਨ੍ਹਾਂ ਦੇ ਸਿੱਖ ਇਤਿਹਾਸ ਨਾਲ ਸੰਬੰਧਿਤ ਕਿੱਸੇ ਅਤੇ ਮਹਾਂ ਕਾਵਿ ਵੀ ਬਹੁਤ ਪ੍ਰਸਿਧ ਹੋਏ। ਇਨ੍ਹਾਂ ਵਿਚ ਦਸ਼ਮੇਸ਼ ਦਰਸ਼ਨ ਅਤੇ ਬਾਬਾ ਬੰਦਾ ਬਹਾਦਰ ਨਾਂ ਦੇ ਕਥਾ-ਕਾਵਿ ਬਹੁਤ ਪ੍ਰਸਿਧ ਹੋਏ। 'ਬਾਬਾ ਬੰਦਾ ਸਿੰਘ ਬਹਾਦਰ' ਕਿੱਸੇ ਦਾ ਵਿਸ਼ੇਸ਼ ਤੌਰ ਤੇ ਵਰਣਨ ਕਰਨਾ ਬਣਦਾ ਹੈ, ਜਿਸ ਵਿਚ ਤੀਰ ਦੀ ਕਾਵਿ-ਕਲਾ ਬਹੁਤ ਨਿਖਰੀ ਹੈ। 'ਦਸਮੇਸ਼ ਦਰਸ਼ਨ' ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਇਤਿਹਾਸਕ ਜੀਵਨ ਤੇ ਕੁਰਬਾਨੀਆਂ ਨੂੰ ਚਿਤਰਿਆ ਗਿਆ ਹੈ। ਇਨ੍ਹਾਂ ਕਿੱਸਿਆਂ ਵਿਚ ਕਰੁਣਾ ਰਸ ਦੀ ਪ੍ਰਧਾਨਤਾ ਹੈ। ਕਵੀ ਨੇ ਸਿੱਖ ਇਤਿਹਾਸ ਦੇ ਦਰਦਨਾਕ ਸਾਕੇ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਇਸ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਤੀਰ ਬ੍ਰਿਤਾਂਤਕ ਤੇ ਵਰਣਾਤਮਕ ਕਵਿਤਾ ਦਾ ਉਸਤਾਦ ਕਵੀ ਸੀ।

ਟਿਪਣੀਆਂ ਤੇ ਹਵਾਲੇ

1. ਵਿਚਾਰ ਵਿਸ਼ਲੇਸ਼ਣ, ਪੰਨਾ 175
2. ਧਰੂਅ ਭਗਤ, ਪੰਨਾ 19
3. ਉਹੀ, ਪੰਨਾ 51
4. ਉਹੀ, ਪੰਨਾ 72
5. ਨਲ ਦਮਯੰਤੀ, ਪੰਨਾ 5
6. ਉਹੀ, ਪੰਨਾ 16
7. ਉਹੀ, ਪੰਨਾ 16
8. ਉਹੀ, ਪੰਨਾ 43
9. ਉਹੀ, ਪੰਨਾ 44
10. ਉਹੀ, ਪੰਨਾ 212
11. ਉਹੀ, ਪੰਨਾ 56
12. ਉਹੀ, ਪੰਨਾ 86
13. ਉਹੀ, ਪੰਨਾ 89
14. ਉਹੀ, ਪੰਨਾ 99
15. ਅਣੀਆਂ, ਆਰੰਭਕਾ ਪ੍ਰੋ. ਗੁਰਦਿਆਲ ਸਿੰਘ ਫੁੱਲ, ਪੰਨਾ 15
16. ਕਿੱਸਾ ਨਲ ਦਮਯੰਤੀ ਦੇ ਜਿਲਦ ਸਫ਼ਾ ਤੇ ਇਹ ਚਾਤ੍ਰਿਕ ਜੀ ਦੀ ਰਾਏ ਦਿੱਤੀ ਗਈ ਹੈ ।
17. ਦਸ਼ਮੇਸ਼ ਦਰਸ਼ਨ, ਪੰਨਾ 17
18. ਉਹੀ, ਪੰਨਾ 68
19. ਉਹੀ, ਪੰਨਾ 440
20. ਉਹੀ, ਪੰਨਾ, 582
21. ਕਿੱਸਾ-ਕਾਵਿ ਅੰਕ (ਪੰਜਾਬੀ ਦੁਨੀਆਂ) ਜੁਲਾਈ-ਅਗਸਤ, 1956 "ਕਿੱਸਿਆਂ ਦੀ ਸਾਹਿਤਕ ਮਹੱਤਤਾ" ਪੰਨਾ 52
22. ਰੂਪਰਾਣੀ ਸ਼ਕੁੰਤਲਾ, ਪੰਨਾ 3
23. ਮਹਾਨਕੋਸ਼, ਪੰਨਾ 480
24. ਉਹੀ, ਪੰਨਾ 106
25. ਰੂਪਰਾਣੀ ਸ਼ਕੁੰਤਲਾ, ਪੰਨਾ 18
26. ਉਹੀ, ਪੰਨਾ 177
27. ਉਹੀ ਪੰਨਾ 279
28. ਉਹੀ, ਪੰਨਾ 159
29. ਬੰਦਾ ਬਹਾਦਰ, ਪੰਨਾ 3
30. ਉਹੀ, ਪੰਨਾ 63 ।

31. ਉਹੀ, ਪੰਨਾ 119
32. ਉਹੀ, ਪੰਨਾ 255
33. ਸਿੱਖੀ ਦਾ ਚਾਨਣ, ਪ੍ਰਾਕਥਨ, ਪੰਨਾ 8
34. ਦਸ਼ਮੇਸ਼ ਦਰਸ਼ਨ, ਪੰਨਾ 29-30
35. ਸਿੱਖੀ ਦਾ ਚਾਨਣ, ਪ੍ਰਾਕਥਨ, ਪੰਨਾ 3
36. ਉਹੀ
37. ਉਹੀ, ਪੰਨਾ 9
38. ਉਹੀ
39. ਅਣੀਆਂ, ਪੰਨਾ 171

ਸਰੋਦੀ–ਕਾਵਿ

ਵਿਧਾਤਾ ਸਿੰਘ ਤੀਰ ਨੂੰ ਬਚਪਨ ਵਿਚ ਹੀ ਕਾਵਿ ਸਿਰਜਨਾ ਦੀ ਚੇਟਕ ਲਗ ਗਈ ਸੀ। ਬਚਪਨ ਵਿਚ ਪਸ਼ੂ ਚਾਰਦੇ ਹੋਏ ਉਹ ਦੂਜੇ ਮੁੰਡਿਆਂ ਨਾਲ ਰਲ ਕੇ ਟੱਪੇ ਗਾਇਆ ਕਰਦੇ ਸਨ ਤੇ ਕਈ ਵੇਰ ਸਾਰਾ ਸਾਰਾ ਦਿਨ ਹੀ ਇਨ੍ਹਾਂ ਟੱਪਿਆਂ ਦਾ ਦੌਰ ਚਲਦਾ ਰਹਿੰਦਾ ਸੀ। ਇਹ ਕਿਹਾ ਜਾਂਦਾ ਹੈ ਕਿ ਬਾਕੀ ਮੁੰਡਿਆਂ ਕੋਲ ਤਾਂ ਟੱਪੇ ਮੁੱਕ ਜਾਂਦੇ ਸਨ ਪਰ ਬਾਲਕ 'ਤੀਰ' ਕੋਲ ਟੱਪਿਆਂ ਦਾ ਅਮੁੱਕ ਭੰਡਾਰ ਸੀ ਤੇ ਉਹ ਮੌਕੇ ਮੁਤਾਬਕ ਨਵੇਂ ਟੱਪੇ ਘੜ ਕੇ ਨਾਲ ਜੋੜੀ ਵੀ ਜਾਂਦਾ ਸੀ। ਤਰਲੋਕ ਸਿੰਘ ਤਰਲੋਕ ਦਾ ਵਿਚਾਰ ਹੈ ਕਿ ਤੀਰ ਦੇ ਬਚਪਨ ਉਪਰ ਕੁਦਰਤੀ ਵਾਤਾਵਰਨ ਦੀ ਖਿੱਚ ਨੇ ਉਸ ਵਿਚ ਕਾਵਿ ਰੰਗ ਉਘਾੜਿਆ :

> ਸੂਆ ਤੋਂ ਪਾਰ ਪਰਬਤ ਵਾਲੇ ਪਾਸੇ, ਪਰਬਤ ਦੇ ਦਿਲ ਖਿਚਵੇਂ ਨਜ਼ਾਰੇ ਇਨ੍ਹਾਂ ਦੇ ਬਚਪਨ ਵਿਚ ਹੀ ਕੋਮਲ ਦਿਲ ਤੇ ਕਾਵਿ-ਰੁਚੀ ਪੈਦਾ ਕਰਨ ਵਿਚ ਸਹਾਈ ਹੋਏ ਜਾਪਦੇ ਹਨ ਮਾਨੋਂ ਇਨ੍ਹਾਂ ਨੂੰ ਕਵਿਤਾ ਦੀ ਗੁੜ੍ਹਤੀ ਹੀ ਕੁਦਰਤ ਦੇਵੀ ਨੇ ਆਪ ਦਿਤੀ ਹੈ।[1]

ਜਿਉਂ ਜਿਉਂ ਤੀਰ ਜਵਾਨ ਹੁੰਦਾ ਗਿਆ ਤਿਉਂ ਤਿਉਂ ਕਵਿਤਾ ਦਾ ਲੋਰ ਵੀ ਜਵਾਨ ਹੁੰਦਾ ਗਿਆ। ਇਸ ਸਮੇਂ ਤੀਰ ਉਪਰ ਕਈ ਪ੍ਰਭਾਵ ਵੀ ਪਏ ਸਨ ਜਿਸ ਵਿਚ ਉਨ੍ਹਾਂ ਦੇ ਨਾਨਾ ਜੀ, ਗਿਆਨੀ ਬਿਬੇਕਾ ਸਿੰਘ ਤੇ ਉਹਨਾਂ ਦੇ ਮਾਮਾ ਹੀਰਾ ਸਿੰਘ ਦਰਦ ਦਾ ਮੁੱਢਲਾ ਪ੍ਰਭਾਵ ਤੇ ਪ੍ਰੇਰਨਾ ਸੀ, ਜਿਸ ਅਧੀਨ ਕਵੀ ਨੇ ਸਿੱਖੀ ਸਿਦਕ ਤੇ ਸਿੱਖੀ ਰਹਿਣੀ-ਬਹਿਣੀ ਨਾਲ ਭਰਪੂਰ ਕਵਿਤਾਵਾਂ ਰਚਣ ਵਲ ਧਿਆਨ ਦਿਤਾ। ਹੀਰਾ ਸਿੰਘ ਦਰਦ ਦਾ ਕਥਨ ਹੈ ਕਿ :

> ਵਿਧਾਤਾ ਸਿੰਘ ਤੀਰ ਦੀ ਕਵਿਤਾ ਦਾ ਜਨਮ ਇਸ਼ਕ ਹੁਸਨ ਤੋਂ ਨਹੀਂ ਹੋਇਆ, ਮੁੱਢ ਤੋਂ ਧਰਮ ਨਾਲ ਪਿਆਰ ਸੀ, ਪਰ ਧਰਮ ਵੀ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਵਾਲਾ, ਸਮਾਜਕ ਸਾਂਝੀ-ਵਾਲਤਾ ਦਾ। ਸਾਡੇ 20ਵੀਂ ਸਦੀ ਦੇ ਸਰਦਾਰਾਂ ਤੇ ਜਥੇਦਾਰਾਂ ਦਾ ਧਰਮ ਨਹੀਂ।[2]

ਤੀਰ ਜੀ ਨੇ ਆਪਣੀ ਪਹਿਲੀ ਕਵਿਤਾ 1914 ਈ. ਵਿਚ ਲਿਖੀ :

ਕੱਕਾ ਕੰਘਾ, ਕੱਕਾ ਕੜਾ, ਕੱਕਾ ਹੈ ਕ੍ਰਿਪਾਨ ਭਾਈ,
ਕੱਕਾ ਹੈ ਕਛਹਿਰਾ ਨਾਲੇ, ਕੇਸ ਕੱਕਾ ਮਾਨੀਏ।[3]

ਤੀਰ ਤਰੰਗ (1926)

ਆਪ ਦੀ ਗੀਤ ਕਾਵਿ ਦੀ ਪਹਿਲੀ ਰਚਨਾ 'ਤੀਰ ਤਰੰਗ' ਸੀ ਜੋ ਆਪਨੇ 1926 ਵਿਚ ਲਿਖੀ। ਇਸ ਵਿਚ ਤੀਰ ਦੀ ਕਵਿਤਾ ਵਿਚ ਬੇ-ਮਿਸਾਲ ਇਨਕਲਾਬੀ ਰੰਗ ਸੀ ਅਤੇ

ਅੰਗਰੇਜ਼ ਹਕੂਮਤ ਪ੍ਰਤਿ ਡੂੰਘਾ ਨਫ਼ਰਤ ਸੀ। ਉਨ੍ਹਾਂ ਦੀ ਇਸ ਰਚਨਾ ਉਪਰ ਅਕਾਲੀ ਲਹਿਰ ਦਾ ਵੀ ਵੱਡਾ ਪ੍ਰਭਾਵ ਸੀ। ਇਹ ਕਿਤਾਬ ਜ਼ਬਤ ਕਰ ਲਈ ਗਈ ਤੇ ਤੀਰ ਜੀ ਨੂੰ ਤਿੰਨ ਸਾਲ ਕੈਦ ਤੇ ਇਕ ਹਜ਼ਾਰ ਰੁਪਿਆ ਜ਼ੁਰਮਾਨਾ ਕੀਤਾ ਗਿਆ। ਇਸ ਸੰਗ੍ਰਹਿ ਦੇ ਗੀਤਾਂ ਵਿਚ ਵਤਨ ਕੌਮ ਦੀ ਸੇਵਾ, ਗੁਲਾਮੀ ਦੇ ਜੂਲੇ ਨੂੰ ਗਲੋਂ ਲਾਹੁਣ, ਹੋਸ਼ ਸੰਭਾਲਣ, ਕੌਲ ਨਿਭਾਉਣ ਤੇ ਅਜ਼ਾਦੀ ਲਈ ਸੰਘਰਸ਼ ਕਰਨ ਦੇ ਭਾਵਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ। 'ਹੱਲਾ ਸ਼ੇਰੀ' ਕਵਿਤਾ ਵਿਚ ਕਵੀ ਆਜ਼ਾਦੀ ਬਾਰੇ ਇੰਝ ਲਿਖਦਾ ਹੈ :

"ਇਹਨਾ ਆਸ ਰੱਖ ਕਿ ਕਦੇ ਤਰਸ ਖਾ ਕੇ,
ਸਾਨੂੰ ਖੈਰ ਅਜ਼ਾਦੀ ਦੀ ਪਾਇਗਾ ਉਹ।
ਛਿੱਕੇ ਟੰਗ ਕੇ ਨਾਲ ਤਰਲਿਆਂ ਦੇ,
ਸਿੱਧੇ ਹੱਥ ਕੁੱਝ ਦਏ ਦਿਵਾਇਗਾ ਉਹ।
ਜਦੋਂ ਆਪਣੀ ਆਈ ਤੇ ਅਸੀਂ ਆ ਗਏ,
ਵੇਖੀ ਕਿਸ ਤਰ੍ਹਾਂ ਦੁੰਮ ਦਬਾਇਗਾ ਉਹ।
ਅਸੀਂ ਪੀਹ ਪੀਹ ਆਪਣੀ ਕਣਕ ਖਾਂਗੇ,
ਆਲੂ ਆਪਣੇ ਭਾਸ ਕੇ ਖਾਇਗਾ ਉਹ।"[4]

ਦੂਜੇ ਵਿਸ਼ਵ ਯੁੱਧ ਦਾ ਪ੍ਰਭਾਵ ਸਾਰੀਆਂ ਫਿਰਕੂ ਜਥੇਬੰਦੀਆਂ ਨੇ ਕਬੂਲਿਆ ਸੀ। ਤੀਰ ਜੀ ਵੀ ਇਸ ਸਮੇਂ ਵਿਚ ਵਿਚਰ ਰਹੇ ਸਨ, ਇਸ ਕਰਕੇ ਆਪ ਦੀ ਲੇਖਣੀ ਉਤੇ ਦੂਜੇ ਵਿਸ਼ਵ ਯੁੱਧ ਦਾ ਅਸਰ ਪ੍ਰਤੱਖ ਹੋਇਆ। ਨਤੀਜੇ ਵਜੋਂ ਆਜ਼ਾਦੀ ਦੀ ਪ੍ਰਾਪਤੀ ਲਈ ਲੜੀ ਜਾ ਰਹੀ ਜੰਗ ਵਿਚ ਆਪ ਦਾ ਘੋਲ ਹੋਰ ਵੀ ਤਿੱਖਾ ਹੋ ਗਿਆ ਤੇ ਆਪ ਆਸ਼ਾਵਾਦੀ ਬਣ ਗਏ। ਆਪ ਨੇ ਉਸੇ ਤਰ੍ਹਾਂ ਹੀ, ਜਿਸ ਤਰ੍ਹਾਂ ਹੋਰ ਕੌਮਾਂ ਬਾਹੂਬਲ ਦੇ ਭਰੋਸੇ, ਪੁਨਰ ਜਾਗਰਤੀ ਵਲ ਵੱਧ ਰਹੀਆਂ ਸਨ, ਗੁਲਾਮ ਭਾਰਤ ਦੀਆਂ ਜੰਜੀਰਾਂ ਕੱਟਣ ਦਾ ਸੁਨੇਹਾ ਭੀ ਦਿੱਤਾ ਤੇ ਹੇਠ ਲਿਖੀ ਕਵਿਤਾ ਲਿਖੀ :

ਹਿੰਦੁਸਤਾਨੀਆਂ ਗੱਭਰੂਆਂ ਨਿੱਤਰ ਸ਼ੇਰਾ,
ਵਤਨ ਕੌਮ ਦੀ ਸੇਵਾ ਕਮਾ ਲਈਏ।
ਆ ਜਾ ਵੱਟਾਂ ਵਿਰੋਧ ਨੂੰ ਦੂਰ ਕਰਕੇ,
ਘੁੱਟ ਘੁੱਟ ਕੇ ਜੱਫੀਆਂ ਪਾ ਲਈਏ।
ਭਾਰਤ ਮਾਤਾ ਦੀ ਬੰਦ ਖਲਾਸ ਕਰੀਏ।
ਜਾਨਾਂ ਤਲੀ ਦੇ ਉਤੇ ਟਿਕਾ ਲਈਏ।
ਪਿੱਛੋਂ ਮੇਰੀਆਂ ਤੇਰੀਆਂ ਨਿਬੜਲਾਂ ਗੇ,
ਪਹਿਲੋਂ ਗਲੋਂ ਗੁਲਾਮੀ ਲਾਹ ਲਈਏ।[5]

ਅਜੇਹੀ ਰੁਚੀ ਕਵੀ ਮੁਨਸ਼ਾ ਸਿੰਘ ਵਿਚ ਵੀ ਦਿਖਾਈ ਦੇਂਦੀ ਹੈ, ਜਿਸਦੇ ਜ਼ਜ਼ਬੇ ਦੀ ਗਰਮੀ, ਸਾਧਾਰਨ ਨਿਰਸੰਕੋਚ ਸ਼ੈਲੀ ਤੇ ਖ਼ਿਆਲਾਂ ਦੀ ਦਲੇਰੀ ਦਾ ਅੰਦਾਜ਼ਾ ਉਸ ਸਮੇਂ ਦੀ ਹਾਲਤ ਦੇ ਪ੍ਰਸੰਗ ਵਿਚ ਸਹਿਜੇ ਹੀ ਲਗ ਸਕਦਾ ਹੈ :

ਹਿੰਦੁਸਤਾਨੀਓ ਖ਼ਬਰ ਲੌ ਉਠੋ ਜਲਦੀ,

ਮਾਤਾ ਤੜਫਦੀ ਸਖਤ ਬਿਮਾਰ ਵਾਂਗੂੰ ।
ਚਸ਼ਮਾ ਆਬਿਹਿਯਾਤ ਦਾ ਦੁਖੀ ਇਹੋ,
ਗਦਰ ਗਦਰ ਕੂਕੇ ਪਿਆਰੇ ਯਾਰ ਵਾਂਗੂੰ ।[6]

ਅਣਿਆਲੇ ਤੀਰ (1929)

ਇਸ ਤੋਂ ਅਗਲੀ ਰਚਨਾ ਅਣਿਆਲੇ ਤੀਰ ਹੈ ਜੋ 1929 ਵਿਚ ਪ੍ਰਕਾਸ਼ਿਤ ਹੋਈ । 'ਤੀਰ ਤਰੰਗ' ਜ਼ਬਤ ਹੋ ਜਾਣ ਕਰਕੇ ਅਤੇ ਧਰੂਅ ਭਗਤ ਦਾ ਕਿੱਸਾ 1931 ਵਿਚ ਪ੍ਰਕਾਸ਼ਿਤ ਹੋਣ ਕਰਕੇ ਤੀਰ ਜੀ ਨੇ ਅਣਿਆਲੇ ਤੀਰ ਨੂੰ ਹੀ ਆਪਣੀ ਪਲੇਠੀ ਦੀ ਰਚਨਾ ਮੰਨਿਆ ਹੈ । ਇਸ ਸੰਬੰਧੀ ਅਣਿਆਲੇ ਤੀਰ ਦੀ ਨੌਂਵੀਂ ਐਡੀਸ਼ਨ ਦੀ ਭੂਮਿਕਾ ਵਿਚ ਲਿਖਦੇ ਹਨ :

> ਪਲੇਠੀ ਦੀ ਸੰਤਾਨ ਭਾਵੇਂ ਸੂਝ-ਬੂਝ ਦੇ ਪੱਖੋਂ ਵਧੇਰੇ ਸੂਖਮ ਨਾ ਹੋਵੇ, ਪਰ ਮਾਤਾ-ਪਿਤਾ ਨੂੰ ਪਿਆਰੀ ਵਧੇਰੇ ਜ਼ਰੂਰ ਹੁੰਦੀ ਹੈ । 'ਅਣਿਆਲੇ ਤੀਰ' ਵੀ ਮੇਰੀ ਪਲੇਠੀ ਦੀ ਸਾਹਿੱਤਕ ਸੰਤਾਨ ਹੈ, ਇਸ ਲਈ ਮੇਰੇ ਦਿਲ ਵਿਚ ਇਸਦੀ ਮਮਤਾ ਉਵੇਂ ਦੀ ਉਵੇਂ ਹੈ । ਭਾਵੇਂ ਇਸ ਤੋਂ ਪਿੱਛੋਂ ਮੇਰੀ ਕਲਮ ਦੀ ਕੁੱਖ ਵਿਚੋਂ ਪੈਦਾ ਹੋਈਆਂ ਸੂਰਤਾਂ 'ਨਵੇਂ ਨਿਸ਼ਾਨੇ', 'ਗੂੰਗੇ ਗੀਤ' 'ਕਾਲ ਕੂਕਾਂ' ਇਸ ਨਾਲੋਂ ਮੁਹਾਂਦਰੇ ਵਿਚ ਸੁਹਣੀਆਂ ਅਤੇ ਸੂਝ-ਬੂਝ ਦੇ ਪੱਖੋਂ ਵਧੇਰੇ ਸਿਆਣੀਆਂ ਜਾਪਦੀਆਂ ਹਨ, ਪਰ ਜਨਮ ਸਭਨਾਂ ਦਾ ਮੇਰੇ ਦਿਲ ਦੇ ਸ਼ਰਧਾਲੂ ਲਹੂ ਵਿਚੋਂ ਹੋਇਆ ਹੈ । ਇਹੋ ਕਾਰਨ ਹੈ ਆਪਣੀ ਇਸ ਜੇਠ-ਪਲੇਠੀ ਸੰਤਾਨ ਨੂੰ ਨਜ਼ਰਾਂ ਸਾਹਮਣੇ ਰਖਣ ਦਾ । ਮਮਤਾ ਦੀ ਅੱਖ ਆਪਣੀ ਸੰਤਾਨ ਨੂੰ ਕਦੇ ਵੀ ਅੱਖੋਂ ਓਹਲੇ ਰੱਖ ਕੇ ਚੈਨ ਨਹੀਂ ਪਾ ਸਕਦੀ ।[7]

ਅਣਿਆਲੇ ਤੀਰ, ਕਵੀ ਦੇ ਆਪਣੇ ਆਖਣ ਅਨੁਸਾਰ ਹੀ ਵਿਸ਼ੇਸ਼ ਤੇ ਵਿਲੱਖਣ ਨਹੀਂ ਸਗੋਂ ਪੰਜਾਬੀ ਪਾਠਕਾਂ ਵਲੋਂ ਇਸ ਰਚਨਾ ਨੂੰ ਜੋ ਹੁੰਗਾਰਾ ਮਿਲਿਆ ਹੈ, ਇਸ ਤੋਂ ਇਸ ਰਚਨਾ ਦੀ ਹੋਰ ਵੀ ਵਡਿਆਈ ਪ੍ਰਗਟ ਹੁੰਦੀ ਹੈ । ਇਕ ਸਪਸ਼ਟ ਪ੍ਰਮਾਣ ਇਹ ਹੈ ਕਿ ਇਸ ਰਚਨਾ ਦੀਆਂ 1969 ਤਕ ਨੌਂ ਐਡੀਸ਼ਨਾਂ ਛਪ ਚੁੱਕੀਆਂ ਸਨ । ਅਣਿਆਲੇ ਤੀਰ ਵਿਚ ਭਰੀ ਗੁਰੂ ਸ਼ਰਧਾ, ਗੁਰੂ ਸਿਦਕ, ਦੇਸ਼ ਭਗਤੀ ਤੇ ਪੰਥਕ ਜਜ਼ਬੇ ਦਾ ਕਾਫ਼ੀ ਪ੍ਰਭਾਵ ਪੈਂਦਾ ਹੈ, ਪਰ ਕਵੀ ਨੇ ਕਾਵਿ-ਕਲਾ ਦੇ ਪਖੋਂ ਇਸਨੂੰ ਆਪਣੀ ਬਾਲ ਖੇਡ ਦਸਿਆ ਹੈ, "ਜੋ ਤਰੁੱਟੀਆਂ ਦੀ ਭਰੀ ਹੋਈ, ਅਣਜਾਣਪੁਣੇ ਨਾਲ ਭਰਪੂਰ ਹੈ, ਫਿਰ ਵੀ ਪਾਠਕ ਤੇ ਰਸੀਏ ਇਸਨੂੰ ਜਿਉਂਦਾ ਰਖ ਰਹੇ ਹਨ । ਮੈਂ ਪਾਠਕਾਂ ਦੀ ਇਸ ਸ਼ਰਧਾ, ਲਗਨ ਅਤੇ ਪੰਜਾਬੀ ਕਾਵਿ ਮੰਨਣ ਦੇ ਜਜ਼ਬੇ ਨੂੰ ਨਮਸਕਾਰ ਕਰਦਾ ਹਾਂ ।"[8]

'ਅਣਿਆਲੇ ਤੀਰ' ਵਿਚ ਕਵੀ ਨੇ ਧਾਰਮਿਕ, ਇਤਿਹਾਸਕ ਤੇ ਸਮਾਜ ਸੁਧਾਰਕ ਵਿਸ਼ੇ ਲਏ ਹਨ । ਕਵਿਤਾਵਾਂ ਰਾਹੀਂ ਕਿਤੇ ਛੂਤਛਾਤ ਦਾ ਵਿਰੋਧ ਹੈ, ਕਿਤੇ ਪਾਖੰਡਾਂ ਦਾ ਖੰਡਨ ਹੈ ਤੇ ਕਿਤੇ ਜ਼ੁਲਮਾਂ ਨੂੰ ਤੀਰਾਂ ਨਾਲ ਵਿੰਨਿਆ ਹੈ । ਦੇਸ਼ ਦੇ ਗਰੀਬਾਂ ਤੇ ਮਜ਼ਦੂਰਾਂ ਦੀ ਦੁਰਦਸ਼ਾ ਦਾ ਵਰਣਨ ਇਸ ਸੰਗ੍ਰਹਿ ਦੇ ਵਿਸ਼ੇਸ਼ ਪੱਖ ਹਨ । ਇਸ ਤੋਂ ਇਲਾਵਾ ਇਸ ਸੰਗ੍ਰਹਿ ਵਿਚ ਸਿੱਖ ਗੁਰੂ ਸਾਹਿਬਾਨ ਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਘਟਨਾਵਾਂ ਬਾਰੇ ਕਈ ਕਵਿਤਾਵਾਂ

ਹਨ । ਇਸ ਸੰਗ੍ਰਹਿ ਵਿਚ ਵੱਖ ਵੱਖ ਵਿਸ਼ਿਆਂ ਨਾਲ ਸੰਬੰਧਿਤ 78 ਕਵਿਤਾਵਾਂ ਹਨ । ਇਸ ਸੰਗ੍ਰਹਿ ਦੇ ਦੂਜੇ ਭਾਗ ਵਿਚ 21 ਧਾਰਮਿਕ ਗੀਤ ਵਖਰੇ ਰੂਪ ਵਿਚ ਦਿਤੇ ਗਏ ਹਨ। ਜਿਨ੍ਹਾਂ ਵਿਚ ਸਿੱਖ ਧਰਮ ਦੇ ਵੱਖ ਵੱਖ ਪੱਖਾਂ ਤੇ ਨੇਕੀ ਦੇ ਕੰਮਾਂ ਬਾਰੇ ਕਵਿਤਾਵਾਂ ਹਨ । ਅਣਿਆਲੇ ਤੀਰ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਬੇਸ਼ੁਮਾਰ ਰੰਗ ਵਾਲੀਆਂ ਕਵਿਤਾਵਾਂ ਹਨ, ਜਿੰਨਾਂ ਵਿਚ ਵਿਅੰਗ ਵੀ ਹੈ ਤੇ ਹਾਸ ਰਸ ਵੀ, ਸ਼ਰਧਾ ਵੀ ਹੈ ਤੇ ਮਤਾਂ ਵੀ, ਰੁੱਤਾਂ ਦਾ ਵਰਣਨ ਵੀ ਹੈ ਤੇ ਪਿਆਰ ਦੀ ਸਿੱਕ ਵੀ, ਮਾਂ ਪੁੱਤਰ ਦੀ ਮਮਤਾ ਦਾ ਵਰਣਨ ਵੀ ਹੈ ਤੇ ਕਵਾਲੀ ਤੇ ਉਰਦੂ ਰੰਗ ਵੀ 'ਬਤਲਾ ਦੀਆ ਕਿ ਯੂੰ' ਕਵਿਤਾ ਦਾ ਉਰਦੂ ਰੰਗ ਹੇਠ ਲਿਖੇ ਅਨੁਸਾਰ ਹੈ :

ਕਰਤੇ ਹੋ ਨੇਕੀ ਇਸ ਤਰ੍ਹਾਂ, ਬਤਲਾ ਦੀਆ ਕਿ ਯੂੰ ।
ਪੂਛਾ ਕਿ ਹਿੰਦ ਰੱਖਿਆ, ਹੋਤੀ ਹੈ ਕਿਸ ਤਰ੍ਹਾਂ ?
ਵਾਲਿਦ ਕੋ ਭੇਜ ਦੇਹਲੀ ਮੇਂ, ਜਤਲਾ ਦੀਆ ਕਿ ਯੂੰ ।
ਪੂਛਾ ਕਿ ਮਹਿਲ ਕੌਮ ਕਾ, ਬਨਤਾ ਹੈ ਕਿਸ ਤਰ੍ਹਾਂ ?
ਬੇਟੇ ਚੁਨਾ ਦੀਵਾਰ ਮੇਂ, ਸਮਝਾ ਦੀਆ ਕਿ ਯੂੰ ।
ਪੂਛਾ ਕਿ ਆਪ ਬੁਜ਼ਦਿਲੀ ਕਰਤੇ ਹੋ ਕੈਸੇ ਦੂਰ ?
ਚਿੜੀਓ ਸੇ ਲੇ ਕੇ ਬਾਜ ਕੋ ਤੁੜਵਾ ਦੀਆ ਕਿ ਯੂੰ ।
ਪੂਛਾ ਕਿ ਜਾਨ ਮੁਰਦੋਂ ਮੇਂ, ਕੈਸੇ ਹੋ ਡਾਲਤੇ ?[9]

'ਅਣਿਆਲੇ ਤੀਰ' ਦੇ ਗੀਤਾਂ ਦੀ ਵਿਸ਼ੇਸ਼ਤਾ ਭਾਵਨਾ ਤੇ ਸ਼ਰਧਾ ਵਿਚ ਦੇਖੀ ਜਾ ਸਕਦੀ ਹੈ, ਜਿਸ ਵਿਚ ਦਿਲ ਨੂੰ ਟੁੰਬਣ ਤੇ ਪ੍ਰਭਾਵ ਪਾਉਣ ਦੇ ਕਈ ਪ੍ਰਸੰਗ ਹਨ । ਇਹਨਾਂ ਗੀਤਾਂ ਦੀ ਅਪੀਲ ਬੜੀ ਤੀਖਣ ਹੈ ਤੇ ਕਵੀ ਦੇ ਜਜ਼ਬਿਆਂ ਨੂੰ ਬੜਾ ਤੀਬਰ ਰੂਪ ਦੇ ਕੇ ਆਨੰਦ ਅਤੇ ਰਸ ਪ੍ਰਾਪਤੀ ਨੂੰ ਪ੍ਰਮੁੱਖ ਰੱਖਿਆ ਹੈ

ਹੇ ਕਲਗੀਧਰ ! ਕਲਗੀਧਰ ਕੇ,
ਇਕ ਵਾਰੀ ਫਿਰ ਆ ਜਾ ।
ਬੰਦੀ ਭਾਰਤ ਰੋ ਰੋ ਆਖੇ ।
"ਪ੍ਰੀਤਮ ਬੰਦ ਛੁੜਾ ਜਾ ।
ਸ਼ਾਹ ਅਸਰਵਾਰਾ ! ਦਰਸ਼ਨ ਦੇ ਜਾ,
ਚਿਰ ਦੀਆਂ ਲੱਗੀਆਂ ਤਾਂਘਾਂ ।
ਮੁਰਝਾਇਆ ਜੀਵਨ ਜੀ ਉਠੇ,
ਅੰਮ੍ਰਿਤ-ਘੁੱਟ ਪਿਲਾ ਜਾ ।"[10]

ਵਿਧਾਤਾ ਸਿੰਘ ਤੀਰ ਮੁੱਖ ਤੌਰ ਤੇ ਕਾਵਿ ਕਥਾਕਾਰ ਹੈ । ਇਸ ਲਈ ਉਨ੍ਹਾਂ ਦੇ ਗੀਤਾਂ ਵਿਚ ਵੀ ਸਾਨੂੰ ਕਥਾ-ਵਰਣਨ ਜਾਂ ਘਟਨਾ-ਵਰਣਨ ਦੀ ਰੁਚੀ ਮਿਲਦੀ ਹੈ । ਗੀਤ ਵਿਚ ਕਹਾਣੀ ਨੂੰ ਬਿਆਨ ਕਰਨ ਦੀ ਗੁੰਜਾਇਸ਼ ਨਹੀਂ ਹੁੰਦੀ ਪਰ ਕਵੀ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਆਪਣੇ ਗੀਤਾਂ ਵਿਚ ਵਰਣਨ ਤੇ ਬਿਆਨ ਕਰਨ ਦਾ ਰੰਗ ਲੈ ਆਉਂਦਾ ਹੈ :

ਖੰਡਾ ਧੂਹ ਕੇ ਧਰਮ ਦੇ ਵੈਰੀਆਂ ਨੂੰ,

ਬਾਜਾਂ ਵਾਲਿਆ ਤੂੰਹੇ ਸੁਧਾਰ ਦਿਤਾ ।
ਅੰਸ ਬੰਸ ਧਨ ਮਾਲ ਦੁਖਿਆਰਿਆਂ ਤੋਂ,
ਤੂੰਹੇਂ ਪਿਆਰਿਆ ਹੱਸ ਕੇ ਵਾਰ ਦਿੱਤਾ ।
'ਬੰਦੇ' ਤਾਈਂ ਮਿਲਿਉਂ ਜਗਤ-ਗੁਰੂ ਹੋ ਕੇ,
ਸੈਦਖਾਨ ਨੂੰ ਸੱਚ ਦਾ ਪੀਰ ਹੋ ਕੇ ।
ਪੁੰਜੋਂ ਡੁਬਦਿਆਂ ਕੋਲ ਮਲਾਹ ਬਣ ਕੇ,
ਬੀਰਾਂ ਜੋਧਿਆਂ ਨੂੰ ਜੋਧਾ ਬੀਰ ਬਣ ਕੇ ।[11]

ਤੀਰ ਜੀ ਨੇ ਆਪਣੀ ਰਚਨਾ ਵਿਚ ਬਹੁਤ ਸਾਰੇ ਅਲੰਕਾਰਾਂ ਤੇ ਚਿੰਨ੍ਹਾਂ ਦੀ ਵਰਤੋਂ ਕੀਤੀ ਹੈ । ਜਿਵੇਂ ਕੁਦਰਤ ਨੂੰ ਸੋਹਣੀ ਮਹੀਂਵਾਲ, ਘਾਹ ਨੂੰ ਮਖਮਲ, ਮੁਸਲਮਾਨਾਂ ਨੂੰ ਸ਼ਰ੍ਹਾਂ ਦੇ ਝੋਟੇ, ਸਾਧ ਸੰਗਤ ਨੂੰ ਸੱਚ ਦੇ ਸਿੱਕੇ ਤੇ ਗੜ੍ਹਿਆਂ ਨੂੰ ਅੰਬਰੀ ਮਖਾਣੇ ਕਿਹਾ ਹੈ :

ਵੱਸੇ ਗੜੇ ਨੇ ਚਿੱਟੇ ਭਾਵੇਂ ਜਗਤ ਦੇ ਭਾਣੇ,
ਕੁਦਰਤ ਨੇ ਪਰ ਖਿਲਾਰੇ ਇਹ ਅੰਬਰੀ ਮਖਾਣੇ ।[12]

ਤੀਰ ਜੀ ਦੀ ਕਵਿਤਾ ਵਿਚੋਂ ਕਰੁਣਾ ਰਸ ਵੀ ਮਿਲਦਾ ਹੈ । ਕਈ ਥਾਵਾਂ ਤੇ ਆਪਣੇ ਭਾਵਾਂ ਨੂੰ ਇਵੇਂ ਪ੍ਰਗਟ ਕਰਦੇ ਹਨ ਕਿ ਬਦੋ ਬਦੀ ਹੀ ਪਾਠਕ ਦੇ ਹੰਝੂ ਵਹਿ ਤੁਰਦੇ ਹਨ । ਜਿਵੇਂ ਇਕ ਬਾਲ ਵਿਧਵਾ ਦੇ ਦੁੱਖਾਂ ਨੂੰ ਇਉਂ ਬਿਆਨਿਆ ਹੈ :

ਕਿਧਰ ਜਾਂ ਨਹੀਂ ਝੱਲਦੀ ਥਾਂ ਕੋਈ,
ਅੰਦਰ ਬਾਹਰ ਨਾ ਲੋਕੀਂ ਖਲੋਣ ਦੇਂਦੇ ।
ਚੁੱਪ ਕਰਾਂ ਤਾਂ ਚੁਪ ਨਹੀਂ ਕਰਨ ਦੇਂਦੇ,
ਉਚੀ ਰੋਆਂ ਤਾਂ ਉਚੀ ਨਹੀਂ ਰੋਣ ਦੇਂਦੇ ।[13]

ਬੀਰ ਰਸ, ਸ਼ਾਂਤ ਰਸ ਤੇ ਅਦਭੁੱਤ ਰਸ ਵੀ ਆਪ ਦੀਆਂ ਰਚਨਾਵਾਂ ਵਿਚੋਂ ਮਿਲਦਾ ਹੈ ।

ਨਵੇਂ ਨਿਸ਼ਾਨੇ (1941)

ਇਹ ਸੰਗ੍ਰਹਿ 1941 ਈ. ਵਿਚ ਪ੍ਰਕਾਸ਼ਿਤ ਹੋਇਆ । ਤੀਰ ਜੀ ਦੀ ਇਹ ਰਚਨਾ ਵੀ ਬੜੀ ਪ੍ਰਸਿੱਧ ਤੇ ਹਰਮਨ ਪਿਆਰੀ ਹੋਈ । ਇਸ ਵਿਚ ਵੀ ਉਨ੍ਹਾਂ ਨੇ ਅਣਿਆਲੇ ਤੀਰ ਦੀ ਪਰੰਪਰਾ ਵਿਚ ਹੀ ਸਿੱਖ ਧਰਮ, ਸਿੱਖ ਇਤਿਹਾਸ ਤੇ ਦੇਸ਼ ਪਿਆਰ ਦੀਆਂ ਕਵਿਤਾਵਾਂ ਲਿਖੀਆਂ । ਇਸ ਤੋਂ ਇਲਾਵਾ ਸਿੱਖ ਗੁਰੂ ਸਾਹਿਬਾਨ, ਸਿਖ ਸ਼ਹੀਦਾਂ ਨਾਲ ਸੰਬੰਧਤ ਕਈ ਪ੍ਰਭਾਵਸ਼ਾਲੀ ਕਵਿਤਾਵਾਂ ਮਿਲਦੀਆਂ ਹਨ । ਇਸ ਸੰਗ੍ਰਹਿ ਦੇ ਹਰਮਨ ਪਿਆਰਾ ਹੋਣ ਦਾ ਇਕ ਪ੍ਰਮਾਣ ਇਹ ਹੈ ਕਿ ਇਸ ਦੀਆਂ ਸੱਤ ਐਡੀਸ਼ਨਾਂ ਪ੍ਰਕਾਸ਼ਿਤ ਹੋਈਆਂ ਸਨ ।

ਨਵੇਂ ਨਿਸ਼ਾਨੇ ਸੰਗ੍ਰਹਿ ਵਿਚ ਧਾਰਮਿਕ, ਸਿੱਖ ਇਤਿਹਾਸ ਤੇ ਉਪਦੇਸ਼ ਵਾਲੇ ਕਾਫੀ ਗੀਤ ਮਿਲਦੇ ਹਨ, ਜਿਨ੍ਹਾਂ ਵਿਚ ਕਵੀ ਨੇ ਆਪਣੀਆਂ ਧਾਰਮਿਕ ਭਾਵਨਾਵਾਂ ਨੂੰ ਪ੍ਰਗਟ ਕੀਤਾ ਹੈ । ਉਹ ਆਸਤਕ ਮਨੁੱਖ ਹੈ, ਸੰਸਾਰ ਦਾ ਰਚਨਹਾਰ ਕਿਸੇ ਅਦਿੱਖ ਸ਼ਕਤੀ ਦੇ ਅਨੁਭਵ ਨੂੰ ਮੰਨਦਾ ਹੈ ਅਤੇ ਉਸਦੇ ਦਿਲ ਵਿਚ ਸਾਰੇ ਆਸਤਿਕ ਮਹਾਂਪੁਰਸ਼ਾਂ ਦਾ ਬਹੁਤ ਸਤਿਕਾਰ ਹੈ । ਇਹ ਸਾਰੇ ਉਸਦੀ ਸ਼ਰਧਾ ਦੇ ਪਾਤਰ ਹਨ, ਪਰ ਉਹ ਆਪਣਾ ਸਿਰ ਕੇਵਲ ਸਤਿਗੁਰਾਂ

ਅਗੇ ਹੀ ਝੁਕਾਂਦਾ ਹੈ ਤੇ ਉਨ੍ਹਾਂ ਨੂੰ ਹੀ ਆਪਣਾ ਇਸ਼ਟ ਮੰਨਦਾ ਹੈ।

ਇਸ ਸੰਗ੍ਰਹਿ ਵਿਚ 'ਮਲਕ ਭਾਗੋ' ਨੂੰ ਨਾਨਕੀ ਦੇ ਉਦਰੇਵੇਂ, ਦਸ਼ਮੇਸ਼ ਦਾ ਅਦਲ, ਗੁਜਰੀ ਦਾ ਪੁਤਰ, ਨਾਨਕੀ ਦਾ ਵੀਰ ਆਦਿ ਬੜੇ ਭਾਵਾਤਮਕ ਗੀਤ ਹਨ। ਇਸ ਸੰਗ੍ਰਹਿ ਦਾ ਇਕ ਗੀਤ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੀ ਘਟਨਾ ਨਾਲ ਸੰਬੰਧਿਤ ਹੈ, ਜਿਸਦਾ ਸਿਰਲੇਖ 'ਪਾਂਡੀ ਪਾਤਸ਼ਾਹ' ਤੀਰ ਨੇ ਬੜੇ ਪ੍ਰਭਾਵਸ਼ਾਲੀ ਰੂਪ ਵਿਚ ਚੁਣਿਆ ਤੇ ਬਹੁਤ ਪ੍ਰਚਲਿਤ ਹੋਇਆ। ਇਸ ਵਿਚ ਮਹਾਰਾਜਾ ਰਣਜੀਤ ਸਿੰਘ ਵਲੋਂ ਪਾਂਡੀ ਬਣ ਕੇ ਬੁੱਢੇ ਮੋਚੀ ਦੀ ਦੋ ਮਣ ਭਾਰੀ ਪੰਡ ਚੁੱਕ ਕੇ ਢੋਣ ਦਾ ਵਰਣਨ ਹੈ। ਗੀਤ ਦੇ ਆਖ਼ੀਰ ਉਤੇ ਬੜੇ ਨਾਟਕੀ ਢੰਗ ਨਾਲ ਬੁੱਢੇ ਮੋਚੀ ਨੂੰ ਪਤਾ ਲਗਦਾ ਹੈ ਕਿ ਉਸਨੇ ਜਿਸਨੂੰ ਭਾਰ ਚੁਕਾਇਆ ਸੀ, ਉਹ ਆਪ ਮਹਾਰਾਜਾ ਰਣਜੀਤ ਸਿੰਘ ਸੀ :

ਉਸ ਹੀਰੇ ਪਾਂਡੀ ਨੇ, ਝਟ ਚਾਦਰ ਲਾਹ ਦਿੱਤੀ।
ਬਰਦੀ ਵੀ ਸ਼ਾਹੀ ਸੀ, ਸਿਰ ਤੇ ਵੀ ਕਲਗੀ ਸੀ।
ਇਹ ਕਹਿ ਕੇ ਬੁੱਢੜੇ ਨੂੰ, ਇਕ ਹਲਚਲ ਪਾ ਦਿੱਤੀ।
ਬਾਬਾ ਮੈਂ ਰਾਜਾ ਹਾਂ, ਨਾਂ ਹੈ 'ਰਣਜੀਤ' ਮੇਰਾ।[14]

ਇਸ ਸੰਗ੍ਰਹਿ ਵਿਚ ਕੁੱਝ ਵਾਰਾਂ ਵੀ ਦਰਜ ਹਨ, ਜਿਨ੍ਹਾਂ ਦਾ ਬੜਾ ਬੀਰ ਰਸੀ ਪ੍ਰਭਾਵ ਪੈਂਦਾ ਹੈ ਜਿਵੇਂ ਵਾਰ ਹਰਗੋਬਿੰਦ ਪੁਰੇ ਦੀ, ਅਕਾਲੀ ਝੰਡੇ ਦੀ ਵਾਰ, ਅਣਖੀਲੇ ਪੰਥ ਦੀ ਵਾਰ ਆਦਿ। ਇਸ ਸੰਗ੍ਰਹਿ ਵਿਚ ਗੁਰੂ ਨਾਨਕ ਸਾਹਿਬ ਨੂੰ ਆਪਣਾ ਇਸ਼ਟ ਮੰਨਦੇ ਹੋਏ ਕਵੀ ਨੇ ਇਕ ਅਰਜ਼ੋਈ ਪੇਸ਼ ਕੀਤੀ ਹੈ। ਇਕ ਗਜ਼ਲ ਵੀ ਸ਼ਾਮਿਲ ਹੈ ਜੋ ਤੀਰ ਦੀ ਕਾਵਿਕ ਵਿਲੱਖਣਤਾ ਦਾ ਇਕ ਪ੍ਰਮਾਣ ਹੈ।

ਗੁਰੂ ਨਾਨਕ ਮੇਰੀ ਨਈਆਂ, ਭੰਵਰ ਤੋਂ ਪਾਰ ਕਰ ਦੇ ਤੂੰ।
ਬਖਸ਼ ਦਾਤਾ ਬਖਸ਼ ਮੈਨੂੰ, ਇਉਂ ਸੁਖਿਆਰ ਕਰਦੇ ਤੂੰ।[15]

'ਨਵੇਂ ਨਿਸ਼ਾਨੇ' ਸੰਗ੍ਰਹਿ ਵਿਚ ਇਕ ਹੋਰ ਰੰਗ ਆਰਥਕ ਸਮਾਜਿਕ ਚੇਤਨਾ ਨਾਲ ਸੰਬੰਧਿਤ ਹੈ। ਵਿਧਾਤਾ ਸਿੰਘ ਤੀਰ ਮਿਹਨਤੀ ਮਨੁੱਖ, ਮਜ਼ਦੂਰਾਂ ਤੇ ਕਿਸਾਨਾਂ ਦੇ ਸੱਚੇ ਰੂਪ ਵਿਚ ਉਜਾਗਰ ਹੁੰਦਾ ਹੈ। ਉਸ ਅਨੁਸਾਰ ਮਿਹਨਤੀ ਮਨੁੱਖ ਜਾਨ ਮਾਰਦਾ ਹੈ, ਲਹੂ ਪਾਣੀ ਇਕ ਕਰਦਾ ਹੈ, ਪਰ ਉਸ ਨਾਲ ਬੇਇਨਸਾਫੀ ਹੁੰਦੀ ਹੈ, ਕਿਉਂਕਿ ਉਸਦੀ ਕਮਾਈ ਜ਼ੋਰਾਵਰ ਤੇ ਚਲਾਕ ਮਨੁੱਖ ਲੁੱਟ ਲੈਂਦਾ ਹੈ। ਕਵੀ ਅਨੁਸਾਰ ਇਹ ਗੱਲ ਨਾ ਸਤਿਗੁਰਾਂ ਨੂੰ ਪਸੰਦ ਸੀ ਅਤੇ ਨਾ ਸਤਿਗੁਰਾਂ ਅਗੇ ਅਰਜ਼ੋਈ ਕਰਨ ਵਾਲੇ ਕਵੀ ਨੂੰ। ਉਹ ਮਾਰਕਸ, ਲੈਨਿਨ ਅਤੇ ਸਟਾਲਿਨ ਵਰਗੇ ਨਾਸਤਕ ਮਹਾਂਪੁਰਸ਼ਾਂ ਦਾ ਸਤਿਕਾਰ ਇਸੇ ਲਈ ਕਰਨ ਲਈ ਤਿਆਰ ਹੁੰਦਾ ਹੈ ਕਿਉਂਕਿ ਉਹ ਵੀ ਕਵੀ ਦੇ ਆਸਤਕ ਸਤਿਗੁਰਾਂ ਵਾਂਗ ਮਜ਼ਲੂਮ ਮਨੁੱਖਤਾ ਦੇ ਹਮਦਰਦ ਸਨ।

ਇਸ ਤਰ੍ਹਾਂ 'ਨਵੇਂ ਨਿਸ਼ਾਨੇ' ਸੰਗ੍ਰਹਿ ਦੀ ਵਿਸ਼ੇਸ਼ਤਾ ਇਸਦੇ ਦੋ ਰੰਗ ਕਰਕੇ ਜ਼ਿਆਦਾ ਕਹੀ ਜਾ ਸਕਦੀ ਹੈ। ਇਕ ਪਾਸੇ ਧਾਰਮਿਕ ਤੇ ਇਤਿਹਾਸਕ ਰੰਗ ਹੈ ਅਤੇ ਦੂਜੇ ਪਾਸੇ ਆਰਥਿਕ ਤੇ ਸਮਾਜਕ। 'ਅਛੂਤ ਦੀ ਮੰਗ' ਕਵਿਤਾ ਵਿਚ ਕਵੀ ਉਸਦੀ ਮਾਨਸਿਕ ਹਾਲਤ ਦਾ ਵਰਣਨ ਕਰਦਾ ਹੈ, ਜਿੱਥੇ ਸਾਰੇ ਜਹਾਨ ਵਿਚ ਉਸਨੂੰ ਘਟੀਆ ਸਮਝਿਆ ਜਾਂਦਾ ਹੈ :

ਖਿੱਦੋ ਜਾਣ ਕੇ ਮਾਰਦਾ ਨਿੱਤ ਠੇਡੇ,
ਖੇਡ ਜਾਣਦਾ ਜਿਵੇਂ ਜਵਾਨ ਮੈਨੂੰ ।
ਮੇਰੇ ਨਾਲ ਜਹਾਨ ਵਿਚ ਜ਼ੁਲਮ ਹੁੰਦਾ,
ਕੋਈ ਜਾਣਦਾ ਨਹੀਂ ਇਨਸਾਨ ਮੈਨੂੰ ।
ਛਾਈ ਧੁੰਦ ਇਨਸਾਨ ਦੀ ਅੱਖ ਅੰਦਰ,
ਢੋਰ ਸਮਝਦਾ ਹੈ ਬੇਜ਼ਬਾਨ ਮੈਨੂੰ ।
ਬੇ-ਜ਼ਬਾਨ ਬਣਕੇ ਲੱਖਾਂ ਕਸ਼ਟ ਝੱਲੇ,
ਦੇਣੇ ਪਏ ਕਰੜੇ ਇਮਤਿਹਾਨ ਮੈਨੂੰ ।[16]

ਇਸ ਸੰਗ੍ਰਹਿ ਦੀਆਂ ਕੁੱਝ ਕਵਿਤਾਵਾਂ ਵਿਚ ਸਾਨੂੰ ਘਟਨਾ-ਵਰਣਨ ਦੀ ਰੁਚੀ ਮਿਲਦੀ ਹੈ, ਜਿਸ ਨਾਲ ਤੀਰ ਦੀ ਕਵਿਤਾ ਵਿਚ ਬਿਰਤਾਂਤਕ ਰੰਗ ਕਿਵੇਂ ਨਾ ਕਿਵੇਂ ਜ਼ਰੂਰ ਆ ਜਾਂਦਾ ਹੈ। ਜਿਵੇਂ 'ਜਮਰੌਦ ਦੀ ਜਿੱਤ' ਜਾਂ 'ਸਿੱਖੀ ਦਾ ਨਮੂਨਾ' ਪਰ ਇਨ੍ਹਾਂ ਤੋਂ ਇਲਾਵਾ ਬਾਕੀ ਕਵਿਤਾਵਾਂ ਵਿਚ ਵੀ ਸਾਨੂੰ ਬਿਰਤਾਂਤ ਦਾ ਪ੍ਰਭਾਵ ਨਜ਼ਰ ਆਉਂਦਾ ਹੈ, ਜੋ ਤੀਰ ਦੀਆਂ ਕਵਿਤਾਵਾਂ ਦੀ ਇਕ ਖਾਸੀਅਤ ਹੈ। ਇਸ ਸੰਗ੍ਰਹਿ ਵਿਚ ਸਾਨੂੰ ਤੀਰ ਵਿਚ ਜ਼ਿੰਦਗੀ ਪ੍ਰਤਿ ਸੂਝ-ਬੂਝ ਦਾ ਸਪਸ਼ਟ ਪ੍ਰਭਾਵ ਵੀ ਮਿਲਦਾ ਹੈ ਕਿਉਂਕਿ ਕਵੀ ਜ਼ਿੰਦਗੀ ਨੂੰ ਪਰਿਵਰਤਨਸ਼ੀਲ ਮੰਨਦਾ ਹੋਇਆ ਇਸ ਵਿਚ ਆਈ ਧਾਰਮਿਕ ਤੇ ਰਾਜਨੀਤਕ ਚੇਤਨਾ ਨੂੰ ਪੂਰੀ ਤਰ੍ਹਾਂ ਪ੍ਰਵਾਨ ਕਰਦਾ ਹੈ ਅਤੇ ਸਮੇਂ ਦੀਆਂ ਲਹਿਰਾਂ ਦਾ ਪੂਰਾ ਪ੍ਰਭਾਵ ਕਬੂਲਦਾ ਹੈ। ਉਹ ਜੀਵਨ ਦਾ ਮੂਲ-ਮੁੱਦਾ ਮਨੁੱਖਤਾ ਦਾ ਸੁਧਾਰ ਤੇ ਭਲਾ ਹੀ ਸਮਝਦਾ ਹੈ।" ਮਨੁੱਖਤਾ ਦੇ ਭਲੇ ਲਈ ਵੱਖ ਵੱਖ ਸਮਿਆਂ ਉਤੇ ਹੋਏ ਵੱਖ ਵੱਖ ਮਹਾਂਪੁਰਸ਼ਾਂ, ਸੁਧਾਰਕਾਂ, ਗੁਰੂਆਂ ਅਤੇ ਭਗਤਾਂ ਨੇ ਆਪੋ ਆਪਣੀ ਸੋਚਣੀ ਤੇ ਸੂਝ ਅਨੁਸਾਰ ਸੰਦੇਸ਼ ਦਿੱਤੇ ਹਨ, ਸਿਧਾਂਤ ਘੜੇ ਹਨ, ਨਾਸਤਕਤਾ ਅਤੇ ਆਸਤਕਤਾ ਦੇ ਵਿਚਾਰ ਮਨੁੱਖਾਂ ਸਾਹਵੇਂ ਰੱਖੇ ਹਨ। ਆਪੋ ਆਪਣੀ ਬੁੱਧੀ ਅਨੁਸਾਰ ਮਨੁੱਖ ਨੇ ਇਹਨਾਂ ਨੂੰ ਅਪਣਾਇਆ ਜਾਂ ਤਰਕਿਆ ਹੈ। ਪਰ ਮੂਲ ਮੁੱਦਾ ਮਨੁੱਖਤਾ ਦਾ ਸੁਧਾਰ ਅਤੇ ਭਲਾ ਹੀ ਰਿਹਾ ਹੈ।"[17]

ਗੁੰਗੇ ਗੀਤ (1944)

ਇਹ ਸੰਗ੍ਰਹਿ 1944 ਈ. ਵਿਚ ਪ੍ਰਕਾਸ਼ਿਤ ਹੋਇਆ ਅਤੇ ਮਗਰੋਂ ਇਸ ਦੀਆਂ ਇਕ ਦੋ ਹੋਰ ਐਡੀਸ਼ਨਾਂ ਪ੍ਰਕਾਸ਼ਿਤ ਹੋਈਆਂ। ਇਸ ਸੰਗ੍ਰਹਿ ਦੀਆਂ ਸਾਹਿਤਕ ਕਵਿਤਾਵਾਂ ਨੂੰ ਕਵੀ ਨੇ ਤਿੰਨ ਭਾਗਾਂ ਵਿਚ ਵੰਡ ਕੇ ਪੇਸ਼ ਕੀਤਾ ਹੈ। (1) ਛਾਇਆਵਾਦ (2) ਪ੍ਰਭਾਵਵਾਦ (3) ਮਿਥਿਹਾਸਕਵਾਦ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਤੋਂ ਪਤਾ ਲਗਦਾ ਹੈ ਕਿ ਤੀਰ ਇਕ ਵਖਰੇ ਰੰਗ ਵਿਚ ਉਭਰਦਾ ਹੈ ਜਿਸ ਵਿਚ ਪੂਰੀ ਸਾਹਿਤਕ ਰੰਗਣ ਅਤੇ ਸਾਹਿਤਕ ਧਾਰਾਵਾਂ ਦਾ ਉਸ ਉਪਰ ਪੂਰਾ ਪ੍ਰਭਾਵ ਹੈ। ਇਸ ਤੋਂ ਇਲਾਵਾ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਦਬੀ ਹੋਈ ਸ਼ਰੇਣੀ ਨੂੰ ਹੰਭਲਾ ਮਾਰ ਕੇ ਇਨਕਲਾਬ ਲਿਆਉਣ ਦੀ ਪਰੇਰਨਾ ਵੀ ਦਿੱਤੀ ਗਈ, ਤੇ ਯੁੱਗ ਪਲਟਾਉਣ ਦੀ ਚਾਹਨਾ ਤੇ ਸਰਮਾਏਦਾਰੀ ਨਿਜ਼ਾਮ ਦੀ ਵਿਰੋਧਤਾ ਵੀ ਪੇਸ਼ ਹੋਈ ਹੈ।

ਇਸ ਸੰਗ੍ਰਹਿ ਦੇ ਛਾਇਆਵਾਦੀ ਗੀਤ, ਗੁੰਗਿਆਂ ਦੇ ਇਸ਼ਾਰੇ ਵਾਂਗ ਹਨ, ਜਿਨ੍ਹਾਂ

ਵਿਚ ਕਈ ਰਮਜ਼ਾਂ ਦੀ ਵਿਆਖਿਆ ਕੀਤੀ ਗਈ ਹੈ । ਇਨ੍ਹਾਂ ਗੀਤਾਂ ਵਿਚ ਮਨ ਦੇ ਅੰਦਰੂਨੀ ਭਾਵਾਂ ਨੂੰ ਬੜੀ ਸਫਲਤਾ ਨਾਲ ਪੇਸ਼ ਕੀਤਾ ਗਿਆ ਜੋ ਕਵੀ ਦੀ ਕਲਾ ਲਈ ਬੜਾ ਕਠਿਨ ਕਾਰਜ ਹੁੰਦਾ ਹੈ :

ਮੈਂ ਗੁੰਗਾ ਮੇਰੀ ਦੁਨੀਆ ਗੁੰਗੀ, ਤਾਈਏਂ ਗਾਏ ਗੁੰਗੇ ਗੀਤ ।
ਧੁਰ ਅੰਦਰੋਂ ਦਿਲ ਦੀ ਰਤ ਵਿਚੋਂ, ਵਹਿੰਦੇ ਆਏ ਗੁੰਗੇ ਗੀਤ ।
ਬਿਟ ਬਿਟ ਤਕਣ ਬੋਲ ਨ ਸਕਣ, ਪਰ ਸਧਰਾਏ ਗੁੰਗੇ ਗੀਤ ।
ਕਿਸੇ ਵਲਵਲੇ ਕਿਸੇ ਦਰਦ ਨੇ, ਹੈਨ ਵਿਗਾਏ ਗੁੰਗੇ ਗੀਤ ।
ਏਹੋ ਗੀਤ ਹਨ, ਮੇਰੀ ਪੂੰਜੀ, ਇਹ ਕਰਦੇ ਨੇ ਦਿਲ ਤੇ ਛਾਂ,
ਇਹ ਜੋ ਕਰਨ ਇਸ਼ਾਰੇ, ਸਮਝਣ ਗੁੰਗੇ, ਜਾਂ ਗੁੰਗਿਆਂ ਦੀ ਮਾਂ ।[18]

ਇਸ ਸੰਬੰਧੀ ਨਰਿੰਦਰ ਸਿੰਘ ਸੋਖ ਦਾ ਵਿਚਾਰ ਹੈ :

ਸਾਰੀ ਦੁਨੀਆਂ ਗੁੰਗੀ ਹੁੰਦੀ ਹੈ, ਜ਼ਬਾਨ ਕੇਵਲ ਸਤਵਾਦੀ ਦੀ ਹੁੰਦੀ ਹੈ, ਜਾਂ ਕਵੀ ਦੀ । ਇਸ ਦੇਸ਼ ਦਾ ਕਵੀ ਗਾ ਨਹੀਂ ਸਕਦਾ, ਰੋ ਸਕਦਾ ਹੈ, ਉਡ ਨਹੀਂ ਸਕਦਾ, ਪਿੰਜਰੇ ਨਾਲ ਚਝਾਂ ਮਾਰ ਮਾਰ ਕੇ ਘਾਇਲ ਹੋ ਸਕਦਾ ਹੈ, ਰੋ ਭੀ ਝੀਣੀ ਬਾਣ ਵਿਚ ਸਕਦਾ ਹੈ । ਏਸੇ ਕਰਕੇ ਉਹ ਛਾਇਆਵਾਦ ਦਾ ਸਹਾਰਾ ਲੈਂਦਾ ਹੈ ।[19]

ਇਸ ਸੰਗ੍ਰਹਿ ਦੇ ਪ੍ਰਕਾਸ਼ਨ ਨਾਲ ਪਾਠਕ ਜਗਤ ਨੂੰ ਇਹ ਪਤਾ ਲਗਦਾ ਹੈ ਕਿ ਵਿਧਾਤਾ ਸਿੰਘ ਤੀਰ ਨਿਰੋਲ ਧਾਰਮਿਕ ਤੇ ਇਤਿਹਾਸਕ ਪ੍ਰਕਾਰ ਦੀਆਂ ਕਵਿਤਾਵਾਂ ਲਿਖਣ ਵਾਲਾ ਹੀ ਕਵੀ ਨਹੀਂ ਸਗੋਂ ਉਸ ਦੀਆਂ ਮਨ ਦੀਆਂ ਡੂੰਘਾਣਾਂ ਵਿ ਚ ਡੂੰਘੀਆਂ ਸੈਨਤਾਂ ਵੀ ਹਨ ਤੇ ਸਮਾਜਕ ਬੀਮਾਰੀਆਂ ਦੀ ਚੋਖੀ ਸਾਂਝ ਵੀ ਹੈ । ਦੇਸ਼ ਵਿਚ ਫੈਲੀ ਹੋਈ ਗ਼ਰੀਬੀ ਦੀ ਸਮੱਸਿਆ ਨੂੰ ਕਵੀ ਚੰਗੀ ਤਰ੍ਹਾਂ ਸਮਝ ਰਿਹਾ ਹੈ ਅਤੇ ਮਜ਼ਦੂਰਾਂ ਦੀ ਮੰਦਹਾਲੀ ਨੂੰ ਸਹਿਨ ਨਹੀਂ ਕਰਦਾ ਅਤੇ ਆਪਣੀ ਕਲਮ ਰਾਹੀਂ ਦੁੱਖ ਭਰੇ ਹੰਝੂ ਕੇਰਦਾ ਹੈ । ਉਹ ਪ੍ਰਗਤੀਵਾਦੀ ਰੰਗ ਵਿਚ ਰਬ ਨਾਲ ਵੀ ਗਿਲਾ ਕਰਦਾ ਹੈ ਕਿ ਉਸ ਨੇ ਮੁਸੀਬਤਾਂ ਦੇਣ ਵੇਲੇ ਸ਼ਾਇਦ ਕਾਣੀ ਵੰਡ ਹੀ ਕੀਤੀ ਹੈ । ਮੁਸੀਬਤਾਂ ਦੇ ਮਾਰੇ ਹੋਏ ਲੋਕਾਂ ਨੂੰ ਹੋਰ ਵੱਧ ਮੁਸੀਬਤਾਂ ਦਿੱਤੀਆਂ ਹਨ, ਪਰ ਕਵੀ ਦਾ ਵਿਸ਼ਵਾਸ ਹੈ ਕਿ ਮਿਹਨਤੀ ਕਿਸਾਨ ਕੁਦਰਤ ਦਾ ਅਜੇਹਾ ਪੁਜਾਰੀ ਹੈ ਜੋ ਖੇਤਾਂ ਵਿਚ ਖ਼ੂਨ-ਪਸੀਨਾ ਇਕ ਕਰਕੇ ਜੋ ਸੁੱਖ ਮਾਣਦਾ ਹੈ ਉਹ ਕੋਈ ਰਾਜਾ, ਰੇਸ਼ਮੀ ਪਲੰਘਾਂ ਉਪਰ ਵੀ ਨਹੀਂ ਮਾਣ ਸਕਦਾ । ਕਵੀ ਮਜ਼ਦੂਰ ਨੂੰ ਨਿੱਕਾ ਰੱਬ ਕਹਿੰਦਾ ਹੈ, ਜਿਸ ਨੇ ਸੰਸਾਰ ਦੇ ਮਕਾਨ, ਮਹੱਲ, ਮੰਦਰ, ਬਾਗ ਆਦਿ ਆਪਣੇ ਹੱਥਾਂ ਨਾਲ ਬਣਾਏ ਹਨ ਅਤੇ ਅਣਥੱਕ ਮਿਹਨਤ ਦਾ ਸਬੂਤ ਦਿੱਤਾ ਹੈ। ਦੁੱਖ ਦੀ ਗੱਲ ਇਹ ਹੈ ਕਿ ਬਨਾਉਣ ਵਾਲਾ ਆਪ ਇਨ੍ਹਾਂ ਦੇ ਸੁੱਖ ਨਹੀਂ ਵਰਤ ਸਕਦਾ। ਪਰ ਕਵੀ ਉਸਨੂੰ ਆਪਣੇ ਮਨ ਮੰਦਰ ਵਿਚ ਜ਼ਰੂਰ ਥਾਂ ਦੇਂਦਾ ਹੈ :

ਜੇ ਤੈਨੂੰ ਉਥੇ ਨਹੀਂ ਮਿਲਦਾ ਬਹਿਣਾ,
ਫਿਰ ਮੈਂ ਨਹੀਂ ਓਥੇ, ਇਕ ਪਲ ਵੀ ਰਹਿਣਾ ।
ਮੈਂ ਤੇਰਾ ਮੰਦਰ, ਤੂੰ ਮੇਰਾ ਮੰਦਰ ।

ਮੈਂ ਤੇਰੇ ਅੰਦਰ, ਤੂੰ ਮੇਰੇ ਅੰਦਰ,
ਵਸ ਮੇਰਿਆ ਵੀਰਾ, ਓਇ ਨਿਕਿਆ ਰੱਬਾ ।[20]

ਤੀਰ ਵਿਚ ਇਨਕਲਾਬੀ ਭਾਵਾਂ ਦੇ ਜ਼ੋਰ ਸਦਕਾ ਇਸ ਸੰਗ੍ਰਹਿ ਦੇ ਆਧਾਰ ਤੇ ਉਸਨੂੰ ਬਾਵਾ ਬਲਵੰਤ ਦੀ ਲੜੀ ਵਿਚ ਰੱਖਿਆ ਜਾ ਸਕਦਾ ਹੈ । ਕਿਉਂਕਿ ਤੀਰ ਜੀ ਵੀ ਗਰੀਬਾਂ ਦੀਆਂ ਮਜ਼ਬੂਰੀਆਂ ਤੇ ਲਾਚਾਰੀਆਂ ਦੇਖ ਕੇ ਯੁੱਗ ਪਲਟਾਓ ਦੀ ਕਾਮਨਾ ਕਰਦੇ ਹਨ । ਇਸ ਦਾ ਹੱਲ ਕਵੀ ਆਪਸੀ ਫੁੱਟ ਦੂਰ ਕਰਨ ਵਿਚ ਦੱਸਦਾ ਹੈ :

ਛਵ੍ਹੀਆਂ ਗੰਡਾਸੇ, ਆਰੀਆਂ,
ਮੁੜ ਤੇਸੇ ਨਜ਼ਰੀਂ ਪੈਣ ਨਾਂਹ ।
ਜੇ ਫੁੱਟ ਕੇ ਦਸਤੇ ਨਾਂਹ ਬਣੋ,
ਤੇ ਦਿਲ ਦੀ ਫੁੱਟ ਮਿਟਾ ਦਿਓ ।[21]

'ਗੁੰਗੇ ਗੀਤ' ਵਿਚ ਪਾਠਕਾਂ ਦੇ ਦਿਲਾਂ ਨੂੰ ਹਲੂਣਨ ਦੀ ਵੱਡੀ ਸ਼ਕਤੀ ਹੈ । ਇਸ ਸੰਬੰਧੀ ਸੁਰਿੰਦਰ ਸਿੰਘ ਕੋਹਲੀ ਦਾ ਮੱਤ ਹੈ ਕਿ :

ਇਹ ਗੁੰਗੇ ਗੀਤ ਗੁੰਗੀ ਮਨੁਖਤਾ ਦੇ ਦਿਲ ਨੂੰ ਹਲੂਣਨ ਦੀ ਸਮਰੱਥਾ ਰੱਖਦੇ ਹਨ । ਕਿਸੇ ਵਲਵਲੇ ਜਾਂ ਕਿਸੇ ਦਰਦ ਦੀ ਤੀਬਰਤਾ ਦਾ ਇਹ ਸਿੱਟਾ ਹਨ । ਇਹਨਾਂ ਵਿਚ ਕਿਸੇ ਦੀ ਜਵਾਨੀ ਨਾਚ ਕਰਦੀ ਹੈ ਜੋ ਕਈ ਰੂਪ ਧਾਰ ਕੇ ਸਾਡੇ ਸਾਹਵੇਂ ਆਉਂਦੀ ਹੈ । ਕਦੀ ਫੁੱਲ-ਕਲੀਆਂ ਦਾ ਜਾਮਾ ਪਹਿਨ ਆਪਣੀ ਨਰੋਈ ਗੰਦਲ ਤੇ ਝੂੰਮਦੀ ਹੈ, ਕਦੀ ਕਿਸੇ ਯੁਵਤੀ ਦਾ ਰੂਪ ਧਾਰ ਪੀਂਘਾਂ ਝੂਟਦੀ ਹੈ ਅਤੇ ਧਰਤ ਅੰਬਰ ਦੀ ਕੁਦਰਤ ਉਹਦੇ ਦਰਸ਼ਨਾਂ ਨੂੰ ਆਉਂਦੀ ਹੈ, ਪਰ ਕਦੇ ਕਦੇ ਆਪ ਕੁਦਰਤ ਪੀਲੀ ਚੁੰਨੀ ਓਹੜ ਹਰੇ ਹਰੇ ਖੇਤਾਂ ਵਿਚ ਕਲੋਲ ਕਰਦੀ ਹੈ । 'ਗੁਗੇ ਗੀਤ' ਕੁਦਰਤ ਰਾਣੀ ਨੂੰ ਕੀਲਣ ਵਾਲੇ ਜਾਦੂ ਗੀਤ ਹਨ । ਕੁਦਰਤ ਦੀਆਂ ਕਈ ਅਠਖੇਲੀਆਂ ਇਹਨਾਂ ਰਾਹੀਂ ਰੂਪਮਾਨ ਹੋਈਆਂ ਹਨ ।''[22]

'ਤੀਰ' ਨੇ ਆਪ ਵੀ ਮੰਨਿਆ ਹੈ ਕਿ ਇਨ੍ਹਾਂ ਗੀਤਾਂ ਵਿਚ ਉਸਨੇ ਪਿਆਰ ਤੇ ਮਨੁੱਖੀ ਵਲਵਲਿਆਂ ਨੂੰ ਪ੍ਰਗਟਾਇਆ ਹੈ :

ਦੁਨੀਆਂ ਮੇਰੀ 'ਵਲਵਲਿਆਂ' ਦੀ, ਪਿਆਰ ਦੇਸ਼ ਹੈ ਮੇਰਾ ਦੇਸ ।
'ਦਰਦ ਵੰਡਾਣਾ' ਮਜ਼੍ਹਬ ਮੇਰਾ ਏ, ਫੁਲ ਕਲੀਆਂ ਹਨ ਮੇਰਾ ਵੇਸ ।।

ਕਵੀ ਜੀਵਨ ਬਿਤਾ ਰਹੇ ਮਨੁੱਖ ਦਾ ਧਿਆਨ ਕਿਸੇ ਉਚੇਰੇ ਆਦਰਸ਼ ਵਲ ਖਿਚਦਾ ਹੈ ਜਿੱਥੇ ਦੁਨਿਆਵੀ ਸਵਾਰਥ ਤੋਂ ਉਚਿਆਂ ਹੋ ਕੇ ਭਰਾਤਰੀ ਪਿਆਰ ਵਾਲਾ ਜੀਵਨ ਜੀਵਿਆ ਜਾ ਸਕਦਾ ਹੈ । ਜਿੱਥੇ ਨੀਵੀਂ ਸਭਿਅਤਾ ਦੀ ਪਹੁੰਚ ਨਹੀਂ ਜੋ ਮਨੁੱਖਾਂ ਨੂੰ ਆਪਸ ਵਿਚ ਲੜਾਉਂਦੀ ਹੈ । ਵਿਧਾਤਾ ਸਿੰਘ ਤੀਰ ਨਿਰੋਲ ਆਜ਼ਾਦੀ ਦਾ ਚਾਹਵਾਨ ਹੈ ਜਿੱਥੇ ਪਿਆਰ ਤੇ ਦੈਵੀਪਨ ਦਾ ਗੁਣ ਪ੍ਰਫੁਲਤ ਹੋਣਾ ਚਾਹੀਦਾ ਹੈ । 'ਗੁੰਗੇ ਗੀਤ' ਵਿਚ ਉਹ ਦੇਸ਼ ਪਿਆਰ ਤੇ ਆਜ਼ਾਦੀ ਦੇ ਤਰਾਨੇ ਛੇੜਦਾ ਹੈ ।

ਵਿਧਾਤਾ ਸਿੰਘ ਤੀਰ ਦੀ ਕਾਵਿ ਕਲਾ ਵਿਚ ਸਾਨੂੰ ਵਿਅੰਗ ਦੀ ਬੜੀ ਸੁੰਦਰ ਵਰਤੋਂ ਮਿਲਦੀ ਹੈ । 'ਹਲਕਾ ਕੁੱਤਾ' ਕਵਿਤਾ ਵਿਚ ਉਹ ਨਵੀਂ ਸਭਿਅਤਾ ਦੇ ਪ੍ਰਭਾਵ

ਅਧੀਨ ਮਨੁੱਖ ਦੇ ਨਕਸ਼ੇ ਨੂੰ ਵਿਅੰਗ ਨਾਲ ਬਿਆਨ ਕਰਦਾ ਹੈ ਕਿ ਕਈ ਅਜੇਹੇ ਮਨੁੱਖੀ ਕੁੱਤੇ ਹਨ ਜਿਨ੍ਹਾਂ ਨੂੰ ਮਨੁੱਖ ਖਾਣ ਦਾ ਹਲਕ ਹੋ ਗਿਆ ਹੈ। ਦੁੱਖ ਦੀ ਗੱਲ ਇਹ ਵੀ ਹੈ ਕਿ ਉਨ੍ਹਾਂ ਦੇ ਨਾਲ ਹੋਰ ਕਈ ਰਲਦੇ ਜਾ ਰਹੇ ਹਨ ਤੇ ਹਲਕੇ ਕੁੱਤੇ ਦਿਨੋਂ ਦਿਨ ਵੱਧਦੇ ਜਾ ਰਹੇ ਹਨ। ਜੇ ਇਨ੍ਹਾਂ ਨੂੰ ਨਾ ਰੋਕਿਆ ਗਿਆ ਜਾ ਇਨ੍ਹਾਂ ਦੇ ਸੁਭਾਅ ਨ ਬਦਲੇ ਗਏ ਤਾਂ ਇਕ ਦਿਨ ਅਜਿਹਾ ਆਵੇਗਾ ਤਾਂ ਉਦੋਂ ਸਾਰਾ ਸੰਸਾਰ ਹਲਕਾਇਆ ਹੋ ਜਾਵੇਗਾ :

ਮੂੰਹੋਂ ਝੱਗ ਉਛਾਲਦਾ, ਨੱਠਦਾ ਵਾਹੋ ਦਾਹ,
ਰਾਹੀ ਪਾਂਧੀ ਵੇਖ ਕੇ ਕਰਦੇ ਨੇ ਤ੍ਰਾਹ ਤ੍ਰਾਹ।
ਕੀਤਾ ਜਗ ਹਲਕਾਇਆ, ਇਸ ਕੁਤੇ ਅਣਜਾਣ,
ਤਾਹੀਏਂ ਗਿਆ ਸੁਭਾ ਹੋ, ਸਭ ਦਾ ਵੱਢਣ ਖਾਣ।[23]

'ਗੁੰਗੇ ਗੀਤ' ਦੀਆਂ ਕਵਿਤਾਵਾਂ ਵਿਚ ਸਾਨੂੰ ਬੜੀ ਸਰਲਤਾ ਤੇ ਮਿਠਾਸ ਵਾਲੀ ਬੋਲੀ ਤੇ ਵਲਵਲਿਆਂ ਵਾਲੀ ਡੂੰਘਾਈ ਨਜ਼ਰ ਆਉਂਦੀ ਹੈ। ਜਸਵੰਤ ਸਿੰਘ ਗੁਲਾਟੀ ਅਨੁਸਾਰ :

> ਬੋਲੀ ਦੇ ਆਪ ਉਸਤਾਦ ਹਨ। ਕਈ ਵਾਰ ਤਾਂ ਆਪ ਇਕ ਪੈਗੰਬਰ ਜਾਂ ਅਵਤਾਰ ਵਾਂਗ ਉਚੀ ਆਵਾਜ਼ ਵਿਚ ਕੂਕ ਉਠਦੇ ਹਨ :
>
> ਕੁਝ ਬਣਨਾ ਕੁਝ ਕਰਨਾ ਸਿਖ ਲੈ।
> ਜੀਉਣਾ ਨਹੀਂ ਤਾਂ ਮਰਨਾ ਸਿਖ ਲੈ।
>
> ਆਪ ਇਕ ਟੀਚਰ ਵਾਂਗ ਸਮਝਾਣ ਵੀ ਲਗ ਪੈਂਦੇ ਹਨ :
>
> ਜੇ ਇਉਂ 'ਗਰੀਬੋਂ' ਬੂਟਿਓ, ਅਜ ਜੁਗਤੀ ਵਰਤੋਂ ਰਲ ਕੇ।
> ਤਦ ਘੜੀ ਲਿਆਂਦੀ ਜਾ ਸਕੇ, ਜ਼ਾਲਮ ਪਤਝੜ ਦੇ ਅੰਤ ਦੀ।
>
> ਤਦੇ ਤਾਂ ਕਾਲੇ ਨਾਗ' ਨੂੰ ਕਹਿੰਦੇ ਹਨ :
>
> ਮੇਰੀ ।।ਨ ਤੇ ਉਠਾ ਫੂੰਕਾਰ
> ਗਲੋਂ ਗੁਲਾਮੀ ਹੁਣ ਉਤਾਰ।[24]

ਇਸ ਸੰਗ੍ਰਹਿ ਦੇ ਆਧਾਰ ਤੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਵਿਧਾਤਾ ਸਿੰਘ ਤੀਰ ਜਿੱਥੇ ਤੁਕਾਂਤ, ਛੰਦ ਤੇ ਕਾਵਿ ਕਲਾ ਦੀਆਂ ਹੋਰ ਖੂਬੀਆਂ ਵਿਚ ਨਿਪੁੰਨ ਕਵੀ ਹੈ, ਉਥੇ ਉਹ ਖੁਲ੍ਹੀ ਕਵਿਤਾ ਦੀ ਰਚਨਾ ਕਰਨ ਵਿਚ ਪਿੱਛੇ ਨਹੀਂ ਰਿਹਾ। ਇਸ ਸੰਗ੍ਰਹਿ ਵਿਚ ਖੁਲੀ ਕਵਿਤਾ ਦੇ ਤਿੰਨ ਨਮੂਨੇ ਹਨ : ਤੂੰ ਚੰਦ ਏ, ਗੁਡੀ ਅਤੇ ਚਲਦੀ ਗਡੀ। ਤਿੰਨਾਂ ਵਿਚ ਬੜੇ ਅਛੂਤੇ ਖਿਆਲਾਂ ਨੂੰ ਪੇਸ ਕੀਤਾ ਗਿਆ ਅਤੇ ਸੰਕੋਚ ਵਿਚ ਰਹਿੰਦੇ ਹੋਏ ਵੀ ਕਵੀ ਬਹੁਤ ਡੂੰਘੀਆਂ ਗਲਾਂ ਨੂੰ ਬਿਆਨ ਕਰ ਗਿਆ ਹੈ। ਇਸ ਸੰਗ੍ਰਹਿ ਵਿਚ ਕੁੱਝ ਨਿੱਕੀਆਂ ਕਵਿਤਾਵਾਂ ਵੀ ਹਨ ; ਜਿਵੇਂ ਪਟੀ ਲਟਕੇ ਇਕ ਤਸਵੀਰ, ਜੇ ਤੂੰ ਨਾਂ ਆਂਵੇ, ਅਧੂਰਾ ਸੁਪਨਾ; ਮੈਂ ਆਸ਼ਕ, ਤੇਰਾ ਘਰ, ਜਾਂਗ ਲਿਆਣੀ, ਨੀ ਚਿੜੀਏ, ਕੰਮ, ਇਹ ਕੀ ਆਦਿ। ਇਨ੍ਹਾਂ ਵਿਚ ਵੀ ਕਵੀ ਨੇ ਸ਼ਬਦਾਂ ਦੇ ਸੰਕੋਚ ਰਾਹੀਂ ਬੜੇ ਡੂੰਘੇ ਭਾਵਾਂ ਨੂੰ ਪੇਸ਼ ਕੀਤਾ ਹੈ :

ਜੀਉਣਾ 'ਮੌਤ' ਗੁਲਾਮੀ ਅੰਦਰ,
ਮੌਤ 'ਖੁਲ੍ਹ' ਵਿਚ ਚੰਗੀ।

ਮਰਨਾ ਖਾ ਗੁਲੇਲਾਂ ਮੰਗਿਆ,
ਨਹੀਂ ਗੁਲਾਮੀ ਮੰਗੀ ।'

'ਗੁੰਗੇ ਗੀਤ' ਸੰਗ੍ਰਹਿ ਦੀ ਸਫਲਤਾ ਦੇ ਆਧਾਰ ਤੇ ਪ੍ਰਿੰ. ਅਮੋਲ ਨੇ ਦਸਿਆ ਹੈ ਕਿ :

> ਕਵੀ ਦਰਬਾਰੀ ਕਵਿਤਾ ਤੋਂ ਲੰਘ ਕੇ ਗੁੰਗੇ ਗੀਤ ਨਾਮੀ ਸੰਗ੍ਰਹਿ ਵਿਚ ਭਾਈ ਮੋਹਨ ਸਿੰਘ ਤੇ ਵੀਰ ਸਿੰਘ ਵਾਲੀ ਸ਼ਰੇਣੀ ਵਿਚ ਜਾ ਰਲਦਾ ਹੈ । ਗੁੰਗੇ ਗੀਤ ਗਾਉਣ ਵਾਲੇ ਤੀਰ ਦਾ ਰੰਗ ਹੋਰ ਹੈ ।[25]

ਗੁੰਗੇ ਗੀਤ ਦੀ ਇਕ ਹੋਰ ਵਿਸ਼ੇਸ਼ਤਾ ਰੁਬਾਈਆਂ ਦੀ ਰਚਨਾ ਵਿਚ ਹੈ । ਜਿਨ੍ਹਾਂ ਨੂੰ ਕਵੀ ਨੇ 'ਚੌਕੜੀਆਂ' ਦਾ ਨਾਂ ਦਿੱਤਾ ਹੈ । ਇਨ੍ਹਾਂ ਵਿਚ ਕਵੀ ਦਾ ਦਾਰਸ਼ਨਿਕ ਰੰਗ ਪੇਸ਼ ਹੋਇਆ ਹੈ । ਮਿਸਾਲ ਵਜੋਂ ਇਕ ਰੁਬਾਈ ਵਿਚ ਕਵੀ ਨੇ ਜੀਵਨ ਅਤੇ ਮੌਤ ਅਤੇ ਹੋਰ ਰੌਲਿਆਂ ਦਾ ਵਰਣਨ ਬੜੀ ਖੂਬੀ ਨਾਲ ਇੰਝ ਕੀਤਾ ਹੈ :

ਹੁਸੜ ਹੋਇਆ ਖੁੰਬ ਧਰਤੀ ਚੋਂ ਨਿਕਲੀ ਹੀ ਸੀ ਹਾਲਾਂ ।
''ਔਹ ਖੁੰਬ ਨਿਕਲੀ ਪਟ ਲੌ-ਧੂਹ ਲੌ'' ਖਿਲੀ ਪਾਈ ਬਾਲਾਂ ।
ਏਹ ਸੁਣਕੇ ਉਹ ਪੂਣੀ ਹੋ ਗਈ, ਆਖਣ ਲਗੀ ਏਹ ਕੀ ?
ਹੁਣ ਹੀ ਇਹੁ ਜੀਵਨ ਦਾ ਹੁਣ ਹੀ, ਜੀਵਨ ਦੀਆਂ ਤ੍ਰਿਕਾਲਾਂ ?[26]

ਇਸ ਤਰ੍ਹਾਂ ਇਸ ਸੰਗ੍ਰਹਿ ਵਿਚ ਛਾਇਆਵਾਦੀ, ਰਹੱਸਵਾਦੀ, ਪ੍ਰਗਤੀਵਾਦੀ ਤੇ ਦਾਰਸ਼ਨਿਕ ਰੰਗ ਦੇ ਵਿਚਾਰਾਂ ਨੂੰ ਤੀਰ ਜੀ ਨੇ ਬੜੀ ਸੌਖੀ ਤੇ ਸਰਲ ਪੰਜਾਬੀ ਵਿਚ ਪੇਸ਼ ਕੀਤਾ ਹੈ। ਸਚਾਈ ਦਾ ਪੱਖ ਉਨ੍ਹਾਂ ਨੇ ਪੂਰੀ ਦਲੇਰੀ ਨਾਲ ਉਘਾੜਿਆ ਹੈ । ਉਨ੍ਹਾਂ ਨੇ ਕਵਿਤਾ ਦੀ ਕਲਾ ਨੂੰ ਕਵਿਤਾ ਦੇ ਵਿਚਾਰ ਪੱਖ ਦੇ ਅਨੁਸਾਰ ਹੀ ਰਖਿਆ ਹੈ । ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਵਿਚ ਛੰਦਾਂ ਤੇ ਅਲੰਕਾਰਾਂ ਨੂੰ ਭਾਰੂ ਨਹੀਂ ਹੋਣ ਦਿੱਤਾ, ਸਗੋਂ ਛੰਦ ਤੇ ਅਲੰਕਾਰ ਕਾਵਿ ਸੱਚ ਦੇ ਸਹਾਈ ਰੂਪ ਵਿਚ ਹੀ ਪੇਸ਼ ਹੋਏ ਹਨ । ਪ੍ਰਿੰ. ਸੁਜਾਨ ਸਿੰਘ ਦੇ ਸ਼ਬਦਾਂ ਵਿਚ ਗੁੰਗੇ ਗੀਤ ਦੀ ਸਭ ਤੋਂ ਉਘੀ ਵਿਸ਼ੇਸ਼ਤਾ ਇਹ ਹੈ ਕਿ ਤੀਰ ਜੀ ਨੇ ਆਪਣੀ ਬੋਲੀ ਸਦਕਾ ਗੂੜ੍ਹ ਵਿਸ਼ਿਆਂ ਨੂੰ ਵੀ ਸਮਝਣ ਯੋਗ ਤੇ ਸੌਖਾ ਬਣਾ ਦਿਤਾ ਹੈ ।[27]

ਕਾਲ ਕੂਕਾਂ (1949)

ਇਹ ਰਚਨਾ 1949 ਵਿਚ ਪ੍ਰਕਾਸ਼ਿਤ ਹੋਈ । ਇਸ ਕਾਵਿ ਸੰਗ੍ਰਹਿ ਦੇ ਗੀਤਾਂ ਵਿਚ ਸਾਨੂੰ ਵਿਧਾਤਾ ਸਿੰਘ ਤੀਰ ਦਾ ਪਹਿਲਾਂ ਤੋਂ ਵਖਰਾ ਤੇ ਪ੍ਰੌੜ ਰੰਗ ਤੇ ਆਵੇਗ ਦਿਖਾਈ ਦੇਂਦਾ ਹੈ । ਮੁੱਦਤਾਂ ਤੋਂ ਤੀਰ ਨੂੰ ਪੰਜਾਬੀ ਜਗਤ ਇਕ ਧਾਰਮਿਕ ਕਵੀ ਦੇ ਤੌਰ ਤੇ ਜਾਣਦਾ ਸੀ । ਗੁੰਗੇ ਗੀਤਾਂ ਵਿਚ ਸਾਨੂੰ ਤੀਰ ਦੀ ਰਚਨਾ ਵਿਚ ਅਗਾਂਹ ਵਧੂ ਤੇ ਜਾਗ੍ਰਤੀ ਵਾਲਾ ਜੋ ਰੰਗ ਦਿਖਾਈ ਦਿਤਾ ਸੀ, ਉਹ ਇਸ ਸੰਗ੍ਰਹਿ ਵਿਚ ਪੁਸ਼ਟ ਤੇ ਪਰਿਪੱਕ ਹੋ ਕੇ ਸਾਹਮਣੇ ਆਉਂਦਾ ਹੈ । ਪ੍ਰਸਿੱਧ ਨਾਵਲਕਾਰ ਨਾਨਕ ਸਿੰਘ ਦਾ ਵਿਚਾਰ ਹੈ ਕਿ ਇਸ ਸੰਗ੍ਰਹਿ ਵਿਚ ਸ਼ਾਇਰ ਦਾ ਹਿਰਦਾ ਰਬ ਦੀ ਖਲਕਤ ਨੂੰ ਦੁਖੀ ਦੇਖ ਕੇ ਨ ਕੇਵਲ ਦੁਖ ਰੂਪ ਬਣ ਜਾਦਾ ਹੈ, ਸਗੋਂ ਔਸ਼ਧੀ ਰੂਪ ਵੀ ਬਣ ਜਾਂਦਾ ਹੈ । ਸ਼ਾਇਰ ਦੀ ਹਿੱਕ ਵਿਚੋਂ ਲਾਵਾ ਨਿਕਲ ਕੇ ਮੁਰਦਿਆਂ ਲਈ ਸੰਜੀਵਨੀ ਦਾ ਕੰਮ ਕਰਦਾ ਹੈ । ਜੋ ਸਦੀਆਂ ਤੋਂ ਗ਼ਫਲਤ ਦੀ ਤਹਿ ਹੇਠ ਦਬੇ ਪਏ ਹੁੰਦੇ ਹਨ । ਟਾਲਸਟਾਏ ਤੇ ਇਕਬਾਲ ਦੇ ਹਵਾਲੇ ਨਾਲ ਗਲ ਕਰਦੇ

ਹੋਏ ਸ੍ਰ. ਨਾਨਕ ਸਿੰਘ ਨਾਵਲਿਸਟ ਨੇ 'ਕਾਲ ਕੂਕਾਂ' ਉਪਰ ਉਪਰੋਕਤ ਵਿਚਾਰਾਂ ਦੀ ਸਾਚਣੀ ਢੁਕਾਂਦੇ ਹੋਏ ਕਿਹਾ ਹੈ ਕਿ :

> ਅਜ ਇਹ ਕਿਤਾਬ ਮੈਨੂੰ 'ਟਾਲਸਟਾਇ' ਦੇ ਵਾਕਾਂ ਦੀ ਸਚਾਈ ਦੇ ਰੂਪ ਵਿਚ ਦਿਖਾਈ ਦੇ ਰਹੀ ਹੈ। 'ਤੀਰ' ਜੀ ਨੂੰ ਅਸੀਂ ਸਾਰੇ ਇਕ ਧਾਰਮਿਕ ਕਵੀ ਦੇ ਤੌਰ ਤੇ ਮੁੱਦਤਾਂ ਤੋਂ ਜਾਣਦੇ ਹਾਂ ਪਰ ਉਹਨਾਂ ਦੀ ਇਸ ਰਚਨਾ ਨੇ ਤਾਂ ਕੁਝ ਭੁਲੇਖਾ ਜਿਹਾ ਪਾ ਦਿਤਾ ਹੈ; ਜਿਵੇਂ ਉਹਨਾਂ ਦੀ ਕਾਵਿ-ਕਲਾ ਨੇ ਪੁਨਰ ਜਨਮ ਧਾਰਨ ਕਰ ਲਿਆ ਹੈ।[28]

ਤੀਰ ਦੀ ਕਲਾ ਵਿਚ ਆਏ ਪਰੀਵਰਤਨ ਦਾ ਇਕ ਕਾਰਨ ਸਾਨੂੰ ਸਮੇਂ ਦੀਆਂ ਸਥਿਤੀਆਂ, ਪਰਸਥਿਤੀਆਂ ਦਿਖਾਈ ਦੇਂਦਾ ਹੈ। 1947 ਦੀ ਵੰਡ ਨੇ ਅਜੇਹੀ ਦੋਜ਼ਖ ਦੀ ਭੱਠੀ ਦਾ ਰੂਪ ਧਾਰਿਆ, ਜਿਸ ਵਿਚੋਂ ਕੁਝ ਵੀ ਨ ਬਚ ਸਕਿਆ ਅਤੇ ਜੋ ਬਚਿਆ ਉਹ ਇਹਦੇ ਸੇਕ ਨਾਲ ਬਹੁਤ ਬਦਲ ਗਿਆ।

ਇਸ ਸਮੇਂ ਫਸਾਦਾਂ, ਅੱਗਾਂ, ਕਤਲਾਂ ਅਤੇ ਮਨੁੱਖੀ ਕੀਮਤਾਂ ਦਾ ਜੋ ਸਰਵਨਾਸ਼ ਹੋਇਆ 'ਕਾਲ ਕੂਕਾਂ' ਸੰਗ੍ਰਹਿ ਵਿਚ ਇਕ ਧਾਰਮਿਕ ਕਵੀ ਦੇ ਹਿਰਦੇ ਵਿਚ ਉਸਦਾ ਪ੍ਰਤੀਕਰਮ ਦਿਖਾਈ ਦੇਂਦਾ ਹੈ। ਫਸਾਦਾਂ ਵਾਲੀਆਂ ਕਵਿਤਾਵਾਂ ਵਿਚੋਂ ਇਸ ਸੰਗ੍ਰਹਿ ਦੀਆਂ ਦੋ ਕਵਿਤਾਵਾਂ ਦਾ ਖਾਸ ਤੌਰ ਤੇ ਵਰਣਨ ਕਰਨਾ ਬਣਦਾ ਹੈ। 'ਉਜੜਿਆ ਪਿੰਡ' ਨਾਂ ਦੀ ਕਵਿਤਾ ਵਿਚ ਕਵੀ ਨੇ ਵੰਡ ਵਿਚ ਹੋਏ ਉਜਾੜੇ, ਪੂਰੇ ਪੂਰੇ ਪਿੰਡਾਂ ਦੇ ਕਤਲ ਤੇ ਵੱਸਦੇ ਖੇੜਿਆਂ ਨੂੰ ਉਜਾੜ ਬਣਦੇ ਹੋਏ ਬਿਆਨ ਕੀਤਾ ਹੈ। ਇਸ ਤਰ੍ਹਾਂ ਦੂਜੀ ਕਵਿਤਾ 'ਧੀ ਦੀ ਨਾਂਹ' ਵਿਚ ਪੰਜਾਬ ਦੇ ਉਜੜੇ ਹੋਏ ਕਾਫਲੇ ਵਿਚ ਜਦੋਂ ਰੋਟੀਆਂ ਵੰਡੀਆਂ ਜਾਂਦੀਆਂ ਹਨ ਤਾਂ ਇਕ ਮਾਂ ਆਪਣੀ ਸੁੱਖਾਂ ਲੱਧੀ ਧੀ ਨੂੰ ਮੂੰਹ ਵਿਚ ਬੁਰਕੀ ਪਾਉਣ ਲਈ ਕਹਿੰਦੀ ਹੈ ਤਾਂ ਅੱਗੋਂ ਧੀ ਇਹ ਕਹਿ ਕੇ ਨਾਂਹ ਕਰਦੀ ਹੈ :

ਮੁੜ ਮੁੜ ਨਾ ਕਹਿ ਮੈਂ ਨਹੀਂ ਖਾਣੀ।
ਅੰਨ ਤਾਂ ਕੀ ਪੀਣਾ ਨਹੀਂ ਪਾਣੀ।
ਦਿਲ ਲੁੱਛਦਾ ਏ ਪਲ ਪਲ ਅੰਦਰ।
ਭਾਂਬੜ ਉਠਦੇ ਬਲ ਬਲ ਅੰਦਰ।
ਲਾਡ ਮੇਰੇ ਮਾਂ! ਨੈਣੋਂ ਵਗਦੇ।
ਲਖ ਲਖ ਪੱਛ ਹਨ ਦਿਲ ਤੇ ਲੱਗਦੇ
ਮਮਤਾ ਨਿੱਤ ਕੁਰਲਾਂਦੀ ਮੇਰੀ।
ਪਰ ਮਾਂ! ਪੇਸ਼ ਨਾ ਜਾਂਦੀ ਮੇਰੀ।[29]

ਇਸੇ ਲਈ ਅਸੀਂ ਦੇਖਦੇ ਹਾਂ ਕਿ ਇਸ ਸੰਗ੍ਰਹਿ ਦੇ ਗੀਤਾਂ ਵਿਚ ਜਿਵੇਂ 'ਧਰਤੀ ਖੂਨੋਂ ਖੂਨ', 'ਸੰਬੋਧਨ', 'ਕੀ ਵੇਖਿਆ ਮੈਂ', 'ਲੀਡਰੋ ਜਥੇਦਾਰੋ', 'ਸਲਾਮ ਨਮਸਤੇ ਫਤਹਿ' ਆਦਿ ਵਿਚ ਕਵੀ ਦੁੱਖ ਦੇ ਕੀਰਨੇ ਪਾਉਂਦਾ ਹੈ, ਚੌਤਰਫੀ ਫੈਲੀ ਜ਼ਹਿਰ ਨੂੰ ਸਮਝਾਉਂਦਾ ਹੈ ਤੇ ਸ਼ਾਂਤਮਈ ਰੰਗ ਛੱਡਦਾ ਹੋਇਆ ਬਗਾਵਤ ਦੀ ਸੁਰ ਉੱਚੀ ਕਰਦਾ ਹੈ। 'ਆ ਰਿਹਾ ਇਨਕਲਾਬ' ਕਵਿਤਾ ਇਸ ਪੱਖੋਂ ਖਾਸ ਤੌਰ ਤੇ ਵਰਣਨ ਯੋਗ ਹੈ। ਕਵੀ ਪੁਕਾਰ ਕੇ

ਦੱਸਦਾ ਹੈ ਕਿ :

ਮਿਟੇਗੀ ਪੁਰਾਣੇ, ਖਿਆਲਾਂ ਦੀ ਦੁਨੀਆਂ।
ਇਹ ਪੱਜਾਂ ਦੀ ਦੁਨੀਆਂ, ਪਲਾਲਾਂ ਦੀ ਦੁਨੀਆਂ।
ਵੱਸੇਗੀ ਨਵੀਂ ਹੀ, ਕਮਾਲਾਂ ਦੀ ਦੁਨੀਆਂ।
ਪਿਆਰਾਂ ਅਤੇ ਸਾਂਝੀਵਾਲਾਂ ਦੀ ਦੁਨੀਆਂ।
ਹਾਂ ਪੂੰਜੀਪੱਤਾਂ ਨੂੰ ਇਹ, ਡਰ ਖਾ ਰਿਹਾ ਏ।
ਕਿ ਬਦਲੀ ਦਾ ਵੇਲਾ, ਇਧਰ ਆ ਰਿਹਾ ਏ।

ਵਿਧਾਤਾ ਸਿੰਘ ਤੀਰ ਦੇ ਹਿਰਦੇ ਵਿਚ ਆਏ ਇਸ ਪਰਿਵਰਤਨ ਬਾਰੇ ਸਰਦਾਰ ਨਾਨਕ ਸਿੰਘ ਦਾ ਕਥਨ ਹੈ :

——ਕਵੀ ਹਿਰਦੇ ਦੀ ਸ਼ਾਂਤਮਈ ਫ਼ਿਜ਼ਾਂ ਵਿਚ ਇਹ ਬਗਾਵਤ ਦਾ ਬਗੋਲਾ ਸ਼ਾਇਦ ਕਦੇ ਨਾ ਉਠਦਾ, ਜੇ ਪੰਜਾਂ ਦਰਿਆਵਾਂ ਦੇ ਪਾਣੀਆਂ ਨੂੰ ਲਾਲ ਕਰਨ ਦਾ ਗੁਨਾਹ ਫਿਰਕੂ ਆਗੂਆਂ ਦੇ ਹੱਥੋਂ ਨਾ ਬੋਇਆ ਹੁੰਦਾ। ਕਵੀ ਦੀ ਰੂਹ ਨੂੰ ਇਸ ਅਨੋਖੀ ਮਜ਼ਬੀਅਤ ਨੇ ਜ਼ਖਮੀ ਹੀ ਨਹੀਂ ਕੀਤਾ ਛੇਕੋ ਛੇਕ ਕਰ ਦਿੱਤਾ ਜਾਪਦਾ ਹੈ ਤੇ, ਤਾਹੀਏ ਉਹ ਗੁੱਸੇ ਨਾਲ ਕਪੜਿਆਂ ਤੋਂ ਬਾਹਰ ਹੋ ਕੇ ਦੇਸ਼ ਦੇ ਤਿੰਨਾਂ ਹੀ ਫਿਰਕੇ ਦੇ ਆਗੂਆਂ ਨੂੰ ਲਲਕਾਰਦਾ ਹੈ :

ਬੜੀ ਦਾੜ੍ਹੀ ਵਾਲੇ ਬੜੇ ਮੌਲਵੀ ਜੀ,
ਤਅੱਸਬਾਂ ਦੇ ਟੋਟੇ ਚੜ੍ਹੇ ਮੌਲਵੀ ਜੀ,
ਤੇ ਕੀਨੇ 'ਚਿ ਭੁੱਜੇ ਸੜੇ ਮੌਲਵੀ ਜੀ,
ਹੋ ਸਿੰਬਲ ਤੇ ਤਣ ਕੇ ਖੜੇ ਮੌਲਵੀ ਜੀ,
ਕਰਾਏ ਕਤਲ ਜੇ ਤੇ ਘਰ ਘਰ ਹੰਗਾਮਾ,
ਤੁਹਾਡਾ ਲਿਆ ਵੇਖ ਐਮਾਨ ਨਾਮਾ।[37]

ਵਿਧਾਤਾ ਸਿੰਘ ਤੀਰ ਇਸ ਸਮੇਂ ਦੇ ਦੌਰਾਨ ਅੰਮ੍ਰਿਤਸਰ ਵਿਚ ਸੀ, ਜਿਸ ਕਰਕੇ ਉਸ ਦੀਆਂ ਅੱਖਾਂ ਦੇ ਸਾਹਮਣੇ ਲੱਖਾਂ ਬੇਵਤਨਾਂ ਦੀ ਤਸਵੀਰ ਮੌਜੂਦ ਸੀ। ਉਹਨਾਂ ਨੂੰ ਵੇਖ ਕੇ ਤੀਰ ਦੀ ਕਲਮ ਲਹੂ ਦੇ ਅੱਥਰੂ ਕੇਰਦੀ ਹੈ। ਹਾਲੋਂ ਬੇਹਾਲ ਹੋਏ ਲੋਕਾਂ ਦਾ ਵਰਣਨ ਕਰਨ ਸਮੇਂ ਤੇ ਤਹਿਸ ਨਹਿਸ ਹੋਈਆਂ ਮਨੁੱਖੀ ਕਦਰਾਂ ਕੀਮਤਾਂ ਦਾ ਬਿਆਨ ਕਰਨ ਸਮੇਂ ਉਸਦੀ ਕਵਿਤਾ ਬੜੀਆਂ ਤਿੱਖੀਆਂ ਚੋਟਾਂ ਕਰਦੀ ਹੈ। ਅਜੇਹੇ ਸਮੇਂ ਲੋਕਾਂ ਦੀ ਦਰਦ ਕਹਾਣੀ ਉਹ ਵੱਡੇ ਵੱਡੇ ਲੀਡਰਾਂ ਤੇ ਪ੍ਰਧਾਨ ਮੰਤਰੀ ਦੇ ਕੰਨਾਂ ਤੱਕ ਪਹੁੰਚਾਣ ਦੀ ਵੀ ਜੁਅੱਰਤ ਕਰਦਾ ਹੈ :

ਜਵਾਹਰ ! ਇਨ੍ਹਾਂ ਦੇ ਤੂੰ ਦੁੱਖ ਤੋਲ ਅਜ ਕਲ੍ਹ।
ਰਿਹਾ ਕੀ ਉਜੜ ਕੇ ਇਨ੍ਹਾਂ ਕੋਲ ਅਜ ਕਲ੍ਹ।
ਨੇ ਪਿੰਜਰ ਬਣੇ ਜਾਪਦੇ ਖੋਲ ਅਜ ਕਲ੍ਹ।
ਅਣਖ ਮਾਣ ਥਾਂ ਥਾਂ ਰਹੇ ਰੋਲ ਅਜ ਕਲ੍ਹ।
ਇਹ ਵੱਸੇ ਨਾ ਜੇ ਕਰ ਨਾ ਵੱਸੇਗਾ ਭਾਰਤ।

ਇਹ ਰੋਂਦੇ ਰਹੇ ਤਾਂ ਨਾ ਹੱਸੇਗਾ ਭਾਰਤ ।
ਇਹ ਲੱਖਾਂ ਦੀ ਗਿਣਤੀ ਨਾਂ ਬਾਗੀ ਬਣਾ ਲੈ ।
ਬੱਚਾ ਲੈ ਇਹ ਕੌਮੀ ਅਮਾਨਤ ਬਚਾ ਲੈ ।[31]

ਇਸ ਸਮੇਂ ਤੀਰ ਕਵੀ ਦੇ ਹਿਰਦੇ ਉਪਰ ਲੱਗੇ ਜ਼ਖਮਾਂ ਦਾ ਵਰਣਨ ਕਰਦੇ ਹੋਏ ਸਰਦਾਰ ਨਾਨਕ ਸਿੰਘ ਦਾ ਵਿਚਾਰ ਹੈ ਕਿ :

ਐਉਂ ਜਾਪਦਾ ਹੈ ਜਿਵੇਂ ਕਵੀ ਦਾ ਹਿਰਦਾ ਜ਼ਖਮ ਨਾਲ ਲੀਰੋ ਲੀਰ ਹੋਇਆ ਪਿਆ ਹੈ, ਤੇ ਇਹਨਾਂ ਜ਼ਖਮਾਂ ਨੂੰ, ਨੰਗਿਆਂ ਕਰ ਵਿਖਾਲਣ ਲਈ ਉਸਦਾ ਮਨ ਬੇਕਾਬੂ ਹੈ। ਸਚਮੁੱਚ ਉਸਦੀ ਹਾਲਤ "ਪੇਟ ਪਾੜਾਂ ਤੇ ਪਟੀ ਕਿੱਥੇ ਬੰਨ੍ਹਾਂ' ਵਾਲੀ ਹੈ । ਸਭ ਤੋਂ ਬਹੁਤੀਆਂ ਕਚੀਚੀਆਂ ਉਹ ਬਨਾਸਪਤੀ ਦੇਸ਼ ਭਗਤਾਂ ਉਤੇ ਖਾਂਦਾ ਹੈ । ਇਥੇ ਕਵੀ ਆਪਣੇ ਜਜ਼ਬਾਤ ਨੂੰ ਤਿੰਨ ਸੁਪਨੇ ਦੇ ਰੂਪ ਵਿਚ ਪੇਸ਼ ਕਰਦਾ ਹੋਇਆ ਸਵਰਗੀ ਬਾਪੂ ਦੀ ਜ਼ਬਾਨੋਂ ਇਕ ਪਖੰਡੀ ਦੇਸ਼-ਭਗਤ ਨੂੰ ਮੇਹਣੇ ਦਿਵਾਂਦਾ ਹੈ :

ਓ ਦੁਸ਼ਟਾ ! ਦੱਸ ਤੂੰ ਮੈਨੂੰ,
ਕੀ ਦਿਲ ਇਹੋ ਹੈ ਤੇਰਾ ?
ਮੈਂ ਕੁਤਿੱਆਂ ਅੱਗੇ ਪਾਵਾਂ,
ਅੱਜ ਇਹ ਦਿਲ ਕਰਦਾ ਮੇਰਾ ।
ਓ ! ਮੇਰੀ ਚਿਖਾ ਦੁਆਲੇ,
ਉਨ ਕੀਤੀ ਤੂੰ ਪਰਕਰਮਾਂ ।
ਪਰ ਕੀ ਆਖਾਂ ਮੈਂ ਤੈਨੂੰ,
ਓ ਢੀਠਾ ! ਓ ਬੇਸ਼ਰਮਾ ![32]

ਕਾਲ ਕੂਕਾਂ ਸੰਗ੍ਰਹਿ ਦੇ ਆਧਾਰ ਤੇ ਇਹ ਬਹੁਤ ਸਪੱਸ਼ਟ ਕਿਹਾ ਜਾ ਸਕਦਾ ਹੈ ਕਿ ਕਵੀ ਪੂਰੀ ਤਰ੍ਹਾਂ ਅਗਾਂਹ ਵਧੂ ਰੰਗ ਵਿਚ ਰੰਗ ਗਿਆ ਸੀ । ਉਹ ਧਨਾਢਾਂ ਤੇ ਅਮੀਰਾਂ ਨੂੰ ਸੰਬੋਧਨ ਕਰਦਾ ਹੋਇਆ ਸਰਮਾਏਦਾਰੀਆਂ ਦਾ ਜਾਲ ਖਿਲਾਰਨ ਤੋਂ ਰੋਕਦਾ ਹੈ ਤੇ ਜਨਤਾ ਦੀ ਈਨ ਮੰਨਣ ਲਈ ਐਲਾਨ ਕਰਦਾ ਹੈ । ਉਹ ਲੀਡਰਾਂ ਤੇ ਆਗੂਆਂ ਦੀਆਂ ਕਰਤੂਤਾਂ ਤੋਂ ਪਰਦਾ ਚੁੱਕ ਕੇ ਉਹਨਾਂ ਨੂੰ ਸਹੀ ਮਾਰਗ ਤੇ ਚੱਲਣ ਦਾ ਉਪਦੇਸ਼ ਦੇਂਦਾ ਹੈ । ਪੰਜਾਬ, ਬੰਗਾਲ ਤੇ ਹੋਰ ਲੋਕਾਂ ਨੂੰ ਜਾਗ੍ਰਤੀ ਦੇਂਦਾ ਹੋਇਆ ਸਮਝਾਉਂਦਾ ਹੈ ਕਿ ਉਨ੍ਹਾਂ ਨੇ ਆਪਣੀ ਕਿਸਮਤ ਆਪ ਬਨਾਉਣੀ ਹੈ । ਅਜੇਹੇ ਸਮੇਂ ਆਪਣੇ ਪੁਰਾਣੇ ਧਾਰਮਿਕ ਰੰਗ ਨੂੰ ਵੀ ਉਹ ਨਵੇਂ-ਸਿਰਿਓਂ ਘੋਖਦਾ ਤੇ ਪੜਤਾਲਦਾ ਹੈ । 'ਸੰਭਲ ਰੱਬਾ ਸੰਭਲ' ਕਵਿਤਾ ਵਿਚ ਕਵੀ ਆਖਦਾ ਹੈ ਕਿ ਰੱਬ ਨੇ ਸਾਰੀ ਦੁਨੀਆਂ ਤੇ ਇਸਦਾ ਪਸਾਰਾ ਬਣਾਇਆ ਪਰ ਉਸਦੇ ਸਾਹਮਣੇ ਉਸਦੇ ਸਪੁੱਤਰ ਭੁੱਖੇ ਮਰ ਰਹੇ ਹਨ ਤੇ ਕਪੁੱਤਰ ਮੌਜਾਂ ਕਰ ਰਹੇ ਹਨ । ਇਸ ਹਾਲਤ ਨੂੰ ਵੇਖ ਕੇ ਨਿਆਂਕਾਰ ਰੱਬ ਉਤੇ ਨਿਆਂ ਕਰਕੇ ਸਵਾਲ ਕਰਦਾ ਹੈ ਕਿ ਰੱਬ ਛੇਤੀ ਨਿਆਂ ਕਰੇ ਨਹੀਂ ਤਾਂ ਉਸਦੇ ਪੁੱਤਰ ਉਸ ਤੋਂ ਬਾਗੀ ਹੋ ਜਾਣਗੇ :

ਓ ਰੱਬਾ ! ਦੇਈਂ ਮੈਨੂੰ ਇਸ ਗਲ ਦਾ ਉੱਤਰ ।

ਮਤੇਰੇ ਨੇ ਕੀ ਤੇਰੇ ਉਹ ਧੀਆਂ ਪੁੱਤਰ ?
ਜੇ ਭੁੱਖਿਆਂ ਦੀਆਂ ਤੂੰ, ਸੁਣੇਗਾ ਨਾ ਚੀਕਾਂ ।
ਤਾਂ ਲੱਗਣਗੀਆਂ, ਤੇਰੇ ਨਾਂਵ ਨੂੰ ਲੀਕਾਂ ।
ਮੁਕਾਵੇਂਗਾ ਜੇ ਨਾ, ਜਗਤ ਦਾ ਮੁਕੱਦਮਾ ।
ਜੇ ਪਾਵੇਗਾ ਦਿਨ ਦਿਨ, ਤੂੰ ਲੰਮੀਆਂ ਤਰੀਕਾਂ ।
ਤਾਂ ਤੇਰੇ ਈ ਪੁੱਤਰ, ਹੋ ਜਾਵਣਗੇ ਬਾਗੀ ।
ਬਗਾਵਤ ਲਈ, ਭੁੱਖੀ ਜਨਤਾ ਹੈ ਜਾਗੀ ।[33]

ਇਸ ਤੋਂ ਅਗਲੀ ਕਵਿਤਾ 'ਰੱਬ ਦਾ ਜੁਆਬ' ਵਿਚ ਕਵੀ ਉਠਾਏ ਪ੍ਰਸ਼ਨਾਂ ਨੂੰ ਰੱਬ ਦੇ ਭਾਣੇ ਦੇ ਰੂਪ ਵਿਚ ਪੇਸ਼ ਕਰਦਾ ਹੈ । ਕਿ ਇਹ ਰੱਬ ਦੀ ਰਜ਼ਾ ਹੈ ਕਿ ਜੁਗਗਰਦੀਆਂ ਦਾ ਸਮਾਂ ਆ ਪਹੁੰਚਾ ਹੈ । ਜੋ ਧਨ ਉਤੇ ਧਰਨਾ ਮਾਰੀ ਬੈਠੇ ਹਨ, ਉਨ੍ਹਾਂ ਕੋਲੋਂ ਜਨਤਾ ਹਿੱਸਾ ਵੰਡਾਵੇਗੀ, ਤਖਤ ਉਲਟ ਜਾਣਗੇ, ਤਾਜ ਖੋਹੇ ਜਾਣਗੇ ਤੇ ਹਕੂਮਤ ਦੀ ਵਾਗ ਡੋਰ ਜਨਤਾ ਦੇ ਹੱਥ ਹੋਵੇਗੀ । ਚੌਂਤਰਫੀ ਕਿਰਤਾਂ ਦਾ ਰਾਜ ਹੋਵੇਗਾ ਤੇ ਜਨਤਾ ਦੀ ਜੈ ਜੈ ਕਾਰ ਹੋਵੇਗੀ · ਇਸ ਤਰ੍ਹਾਂ ਕਾਲ ਕੂਕਾਂ ਸੰਗ੍ਰਹਿ ਵਿਚ ਵਿਧਾਤਾ ਸਿੰਘ ਤੀਰ ਦੀ ਕਵਿਤਾ ਵਿਚ ਉਪਦੇਸ਼ਾਤਮਕ, ਧਾਰਮਿਕ, ਨੈਤਿਕ, ਸੁਧਾਰਵਾਦੀ ਤੇ ਅਗਾਂਹਵਧੂ ਰੰਗ ਦਿਖਾਈ ਦੇਂਦੇ ਹਨ । ਇਸ ਸੰਗ੍ਰਹਿ ਦੀਆਂ ਕੁਝ ਕਵਿਤਾਵਾਂ ਕਿਸਾਨਾਂ ਤੇ ਮਜ਼ਦੂਰਾਂ ਬਾਰੇ ਹਨ, ਕਵੀ ਨੇ ਕਿਸਾਨ ਨੂੰ ਖੇਤਾਂ ਦਾ ਸਾਧੂ ਕਿਹਾ ਹੈ । ਮਿਰਜ਼ੇ ਦੀ ਤਰਜ ਵਿਚ ਉਸਨੂੰ ਝੰਜੋੜਿਆ ਤੇ ਜਗਾਇਆ ਹੈ :

ਉਠ ਕਿਸਾਨਾ ਸੁੱਤਿਆ ਉਠ ! ਤੇ ਅੱਖੀਆਂ ਖੋਲ੍ਹ ।
ਸੁੱਤਿਆਂ ਸੁੱਤਿਆਂ ਹੀਰਿਆ, ਤੇਰਾ ਲੁਟਿਆ ਜਾ ਰਿਹਾ ਬੋਲ੍ਹ ।
ਡਾਕੂ ਨੇ ਲੈ ਜਾ ਰਹੇ, ਚੋਰੀ ਭਰ ਭਰ ਝੋਲ ।
ਤੇਰੇ ਲਈ ਵਣਜਾਰਿਆਂ, ਰੱਖ ਲਏ ਕਾਣੇ ਤੋਲ ।
ਮੈਂ ਰਾਤ ਦਿਹਾੜੀ ਰੋ ਰਹੀ, ਰੱਤ ਦੇ ਹੰਝੂ ਡੋਲ ।
ਅੱਜ ਦਾਣਾ ਦਾਣਾ ਉੱਡ ਗਿਆ, ਕੱਖ ਵੀ ਰਿਹਾ ਨਾ ਕੋਲ ।[34]

ਉਪਰੋਕਤ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ 'ਕਾਲ ਕੂਕਾਂ' ਸੰਗ੍ਰਹਿ ਵਿਚ ਤੀਰ ਦੀ ਕਾਵਿ ਕਲਾ ਦੇ ਖੇਤਰ ਵਿਚ ਉਚੇਰਾ ਸਥਾਨ ਹੈ । ਉਸਦੀ ਰਚਨਾ ਨੂੰ ਸਾਹਿਤਕ ਦ੍ਰਿਸ਼ਟੀ ਤੋਂ ਕਾਫ਼ੀ ਸਤਿਕਾਰ ਪ੍ਰਾਪਤ ਹੋਇਆ ਸੀ । ਇਸ ਸੰਗ੍ਰਹਿ ਦੇ ਗੀਤਾਂ ਵਿਚ ਇਕ ਪਾਸੇ ਵਿਸ਼ੇ ਦੀ ਪ੍ਰੌੜਤਾ ਹੈ, ਦੂਜੇ ਪਾਸੇ ਕਲਾ ਤੇ ਸਾਹਿਤਕਤਾ ਦਾ ਰੰਗ ਸ੍ਰੇਸ਼ਠ ਹੈ । 'ਤੀਰ' ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਵਿਅੰਗ, ਚੋਟ, ਪ੍ਰਤੀਕ, ਆਦਿ ਜੁਗਤਾਂ ਨੂੰ ਕਲਾਤਮਕ ਰੰਗ ਵਿਚ ਵਰਤਿਆ ਹੈ । ਸਚ-ਮੁੱਚ ਹੀ ਉਸ ਦੀਆਂ ਕੂਕਾਂ ਸਮੇਂ ਦੇ ਲੋਕਾਂ ਅਤੇ ਇਤਿਹਾਸ ਨੂੰ ਹਨ ।

ਅਣੀਆਂ : (1961)

'ਅਣੀਆਂ' ਵਿਧਾਤਾ ਸਿੰਘ ਤੀਰ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ ਜੋ ਫਰਵਰੀ 1961 ਵਿਚ ਪਹਿਲੀ ਵੇਰ ਪ੍ਰਕਾਸ਼ਿਤ ਹੋਇਆ । ਇਸ ਚੋਣ ਦਾ ਸੰਪਾਦਨ ਪ੍ਰੋ. ਗੁਰਦਿਆਲ ਸਿੰਘ ਫੁੱਲ ਨੇ ਕੀਤਾ । ਗੁਰਦਿਆਲ ਸਿੰਘ ਫੁੱਲ ਨੇ 'ਤੀਰ' ਜੀ ਦੇ ਪ੍ਰਕਾਸ਼ਤ ਅੱਠ ਕਾਵਿ ਸੰਗ੍ਰਹਿਾਂ ਵਿਚੋਂ ਅਤੇ ਕੁਝ ਅਣਛਪੀਆਂ ਕਵਿਤਾਵਾਂ ਵਿਚੋਂ ਚੋਣ ਕਰਕੇ ਇਸਦੇ

9 ਰੰਗ ਉਘਾੜੇ ਹਨ । ਪ੍ਰੋ. ਫੁੱਲ ਨੇ ਇਹ ਚੋਣ ਕਾਫ਼ੀ ਚੰਗੇ ਢੰਗ ਨਾਲ ਕੀਤੀ ਹੈ ਅਤੇ ਤੀਰ ਦੀਆਂ ਸ੍ਰੇਸ਼ਠ ਤੇ ਪ੍ਰਤਿਨਿਧ ਕਵਿਤਾਵਾਂ ਨੂੰ ਇਕ ਥਾਂ ਇਕੱਠਿਆਂ ਕੀਤਾ ਹੈ, ਜਿਸ ਵਿਚ ਉਸਦੀ ਸਮੁੱਚੀ ਰਚਨਾ ਦੇ ਵੱਖ ਵੱਖ ਸੁਆਦ ਸਾਹਮਣੇ ਆ ਸਕੇ ਹਨ ।

ਭਿੰਨੀ ਰੈਨੜੀਏ (1970)

'ਭਿੰਨੀ ਰੈਨੜੀਏ' ਸੰਗ੍ਰਹਿ ਫਰਵਰੀ 1970 ਵਿਚ ਪ੍ਰਕਾਸ਼ਿਤ ਹੋਇਆ, ਜਿਸ ਵਿਚ ਤੀਰ ਇਕ ਵੇਰ ਫੇਰ ਨਰੋਲ ਧਾਰਮਿਕ, ਸਿੱਖ ਸਤਿਗੁਰੂਆਂ, ਸਿੱਖ ਸ਼ਹੀਦਾਂ, ਸਿੱਖ ਸੂਰਬੀਰਾਂ ਦੇ ਜੀਵਨ ਤੇ ਕਾਰਨਾਮਿਆਂ ਨੂੰ ਕਵਿਤਾ ਵਿਚ ਪੇਸ਼ ਕਰਦਾ ਹੈ । ਜਿਵੇਂ ਕਿ ਇਸ ਸੰਗ੍ਰਹਿ ਦੇ ਸਿਰਲੇਖ ਤੋਂ ਪ੍ਰਗਟ ਹੁੰਦਾ ਹੈ ਜੋ ਗੁਰਬਾਣੀ ਦੀਆਂ ਤੁੱਕਾਂ ਵਿਚੋਂ ਲਿਆ ਗਿਆ ਹੈ ਭਿੰਨੀ ਰੈਨੜੀਏ, ਚਮਕਣ ਤਾਰੇ ।

ਇਸ ਸੰਗ੍ਰਹਿ ਦੇ ਆਧਾਰ ਤੇ ਵਿਧਾਤਾ ਸਿੰਘ ਤੀਰ ਇਕ ਸ਼ਰਧਾਲੂ ਸਿੱਖ ਕਵੀ ਦੇ ਰੂਪ ਵਿਚ ਦਿਖਾਈ ਦੇਂਦਾ ਹੈ, ਜੋ ਉਸਦੀ ਸਮੁੱਚੀ ਕਾਵਿ ਰਚਨਾ ਦਾ ਨਿਰੰਤਰ ਅਤੇ ਬਾਰ ਬਾਰ ਦੁਹਰਾਏ ਜਾਣ ਵਾਲਾ ਥੀਮ ਹੈ । ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਕਵੀ ਦਾ ਇਕ ਮੰਤਵ ਇਹ ਵੀ ਹੈ ਕਿ ਉਹ ਵੱਖ ਵੱਖ ਸਮਾਗਮਾਂ ਤੇ ਗੁਰਪੁਰਬਾਂ ਉਤੇ ਗਾਉਣ ਸੁਨਾਉਣ ਵਾਲੇ ਗੀਤਾਂ ਦੀ ਰਚਨਾ ਕਰਦਾ ਹੈ । ਉਸਦੇ ਆਪਣੇ ਸ਼ਬਦਾਂ ਵਿਚ

> ਯਤਨ ਕੀਤਾ ਹੈ ਕਿ ਇਸ ਸੰਗ੍ਰਹਿ ਵਿਚ ਇਸ ਤਰ੍ਹਾਂ ਦੀਆਂ ਅਤੇ ਇਤਨੀਆਂ ਰਚਨਾਵਾਂ ਦਿਤੀਆਂ ਜਾਣ ਕਿ ਗੁਰੂ-ਜੱਸ ਗਾਉਣ ਵਾਲੇ ਢਾਡੀ, ਰਾਗੀ, ਕਵੀ ਦਸਾਂ ਸਤਿਗੁਰਾਂ, ਸਿੱਖ ਸ਼ਹੀਦਾਂ ਤੇ ਸਿੱਖ ਸੂਰਬੀਰਾਂ ਦੇ ਕਾਰਨਾਮਿਆਂ ਨਾਲ ਸੰਬੰਧਿਤ ਪੂਰਬਾਂ, ਸਮਾਗਮਾਂ, ਜਨਮ ਉਤਸਵਾਂ, ਸ਼ਹੀਦੀ-ਦਿਵਸਾਂ ਉਤੇ ਗਾਉਣ-ਸੁਨਾਉਣ ਅਤੇ ਗੁਰੂ-ਘਰ ਦੇ ਸ਼ਰਧਾਲੂ-ਸਰੋਤਿਆਂ ਨੂੰ ਪਰਸੰਨ ਕਰਨ ਲਈ ਆਪਣੀ ਇੱਛਾ ਅਨੁਸਾਰ ਚੋਣ ਕਰ ਸਕਣ ।[35]

ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਤੀਰ ਦੀ ਕਵਿਤਾ ਵਿਚ ਵਿਸ਼ੇ ਤੇ ਵਸਤੂ ਦੇ ਪੱਖ ਤੋਂ ਭਾਵੇਂ ਕਈ ਮੋੜ ਆਏ ਹਨ ਅਤੇ ਉਹ ਸਮੇਂ ਸਮੇਂ ਬਦਲਦਾ ਵੀ ਰਿਹਾ ਹੈ ਪਰ ਫਿਰ ਵੀ ਆਸਤਕਤਾ, ਗੁਰੂ ਸ਼ਰਧਾ, ਦੇਸ਼ ਅਤੇ ਮਾਨਵਤਾ ਉਸਦੀ ਰਚਨਾ ਦੇ ਕੇਂਦਰੀ ਵਸਤੂ ਹੀ ਰਹੇ ਹਨ ।

ਇਸ ਪੱਖੋਂ 'ਭਿੰਨੀ ਰੈਨੜੀਏ' ਸੰਗ੍ਰਹਿ ਦੀਆਂ ਕਵਿਤਾਵਾ ਵਿਚ ਸਾਨੂੰ ਕੋਈ ਬਹੁਤਾ ਵਖਰਾਪਨ ਤਾਂ ਦਿਖਾਈ ਨਹੀਂ ਦਿੰਦਾ ਪਰ ਫਿਰ ਵੀ ਇਸ ਵਿਚ ਕੁਝ ਨਵੇਂ ਪ੍ਰਯੋਗ ਅਤੇ ਖਾਸ ਤੌਰ ਤੇ ਛੰਦ ਅਤੇ ਤੋਲ ਦੀਆਂ ਕੁਝ ਨਵੀਆਂ ਰੁਚੀਆਂ ਵਰਤੀਆਂ ਹੋਈਆਂ ਮਿਲਦੀਆਂ ਹਨ । ਇਸ ਸੰਗ੍ਰਹਿ ਵਿਚ ਵੀ ਤੀਰ ਨੇ ਭਾਵੇਂ ਪੁਰਾਣੇ ਛੰਦ ਬੈਂਤ ਨੂੰ ਨਹੀਂ ਛੱਡਿਆ ਪਰ ਉਸਦੀ ਪ੍ਰਧਾਨਤਾ ਵੀ ਨਹੀਂ ਰਹੀ । ਇਸ ਤੋਂ ਇਲਾਵਾ ਇਸ ਸੰਗ੍ਰਹਿ ਵਿਚ ਸਾਨੂੰ ਧਾਰਮਿਕ ਸਿਧਾਂਤਾਂ ਤੇ ਇਤਿਹਾਸਕ ਘਟਨਾਵਾਂ ਦੀ ਘੋਖ ਵਿਚਾਰ ਤੋਂ ਮਗਰੋਂ ਪੈਦਾ ਹੋਈ ਲੋੜੀਂਦੀ ਪ੍ਰੌੜਤਾ ਦਿਖਾਈ ਦੇਂਦੀ ਹੈ ।

ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਹਨ । ਉਨ੍ਹਾਂ ਦੇ ਜੀਵਨ ਦੇ ਬਿਰਤਾਂਤਾਂ ਨੂੰ ਕਵੀ ਨੇ ਲੋਕ ਮਨ ਅਤੇ ਲੋਕ ਰੁਚੀਆਂ

ਦੇ ਰੰਗ ਵਿਚ ਉਘਾੜਿਆ ਹੈ ਅਤੇ ਜਨਮਸਾਖੀ ਦੀਆਂ ਘਟਨਾਵਾਂ ਦਾ ਵੀ ਪ੍ਰਭਾਵ ਨਜ਼ਰ ਆਉਂਦਾ ਹੈ।

ਨੀ, ਤੂੰ ਜੰਮਦਿਆਂ ਜਿਨੂੰ ਪਛਾਣ ਲੀਤਾ,
ਅੰਨੀ ਨਜ਼ਰ ਮੇਰੀ ਨੇ ਪਛਾਣਿਆ ਨਹੀਂ।
ਨੀ, ਤੂੰ ਰੱਜ ਕੇ ਮਮਤਾ ਜਿਦ੍ਹੀ ਮਾਣੀ,
ਉਦੀ ਪ੍ਰੀਤ ਨੂੰ ਕਦੇ ਮੈਂ ਮਾਣਿਆ ਨਹੀਂ।
ਰਾਮ ਜਾਣ ਕੇ ਪੂਜਿਆ ਤੂੰ ਜਿਸਨੂੰ,
ਸਾਲਗਰਾਮ ਤੋਂ ਵੱਧ ਮੈਂ ਜਾਣਿਆ ਨਹੀਂ।
ਜਿਵੇਂ ਮੈਂ ਨਹੀਂ ਨਾਨਕ ਦਾ ਭੇਦ ਪਾਇਆ,
ਤਿਵੇਂ ਸਮਝਿਆ ਉਹ ਚੁਗਲੀ ਖਾਣਿਆ ਨਹੀਂ।
ਤੇਰਾ ਵੀਰ ਹੁਣ ਨਾਨਕੀ ਰੱਬ ਮੇਰਾ,
ਰੋਜ ਉਸੇ ਦੀ ਆਰਤੀ ਕਰਾਂਗਾ ਮੈਂ।
'ਤੀਰ' ਜਿੰਨੇ ਬਚਾਈ ਏ ਪੱਗ ਮੇਰੀ,
ਸਦਾ ਸਿਰ ਉਸਦੇ ਚਰਨੀ ਧਰਾਗਾਂ ਮੈਂ।[36]

ਇਸ ਤੋਂ ਇਲਾਵਾ ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਸਾਹਿਬ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਘਟਨਾਵਾਂ ਨਾਲ ਸੰਬੰਧਿਤ ਵੱਖ ਵੱਖ ਘਟਨਾਵਾਂ ਹਨ। ਇਨ੍ਹਾਂ ਕਵਿਤਾਵਾਂ ਦੀ ਅਪੀਲ ਜਿੱਥੇ ਗੁਰੂ ਸਾਹਿਬਾਨ ਦੇ ਜੀਵਨ ਦੇ ਵੱਖ ਵੱਖ ਮਹੱਤਵਪੂਰਨ ਪੱਖਾਂ ਨੂੰ ਉਘਾੜਨ ਵਿਚ ਹੈ, ਉਥੇ ਲੋਕ ਦਿਲਾਂ ਨੂੰ ਖਾਸ ਤੌਰ ਤੇ ਭਾਵੁਕ ਪ੍ਰਕਾਰ ਦੇ ਪ੍ਰਭਾਵ ਵਿਚ ਲੈ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸੰਤ ਸਿਪਾਹੀ ਹੋਣ ਬਾਰੇ ਅਤੇ ਇਕ ਸ੍ਰੇਸ਼ਠ ਸਾਹਿੱਤਕਾਰ ਹੋਣ ਦੇ ਗੁਣਾਂ ਨੂੰ ਕਵੀ ਇਙ ਬਿਆਨ ਕਰਦਾ ਹੈ:

ਤੇਰੀ ਤੇਗ ਵੀ ਚਲਦੀ, ਤੇਰੀ ਕਲਮ ਵੀ ਚਲਦੀ,
ਇਕ ਦਿਲ ਨੂੰ ਟੁੰਬਦੀ, ਇਕ ਸੀਨਾ ਸਲਦੀ।
ਤੇਰਾ ਅੰਮ੍ਰਿਤ ਜੱਗ ਤੇ, ਹੈ ਅਮਰ ਕਹਾਣੀ।
ਤੇਰੀ ਨਜ਼ਰ ਨਿਰਾਲੀ, ਤੇਰੀ ਅਜਲੀ ਬਾਣੀ।
ਤੇਰਾ ਕਦਮ ਕਰਾਂਤੀ, ਤੇਰੀ ਨਜ਼ਰ ਹੈ ਮੁਕਤੀ।
ਤੇਰਾ ਜੀਵਨ ਚਾਨਣ, ਇਕ ਜੀਵਨ-ਜੁਗਤੀ।
ਤੈਨੂੰ ਲੱਖ ਲੱਖ ਬੰਦਨਾਂ, ਮੇਰੇ ਸੋਹਣੇ ਮਾਹੀ।
ਤੂੰ ਦਰਦ ਦਾ ਪੁਤਲਾ, ਤੂੰ ਸੰਤ-ਸਿਪਾਹੀ।[37]

ਦਸਵੇਂ ਗੁਰੂ ਬਾਰੇ ਕਵੀ ਦੀ ਉਰਦੂ ਰੰਗ ਵਿਚ ਲਿਖੀ ਕਵਿਤਾ 'ਦਾਸਤਾਂ ਮਰਦੇ ਕਮਾਲ ਕੀ' ਇਕ ਵਖਰਾ ਹੀ ਰੰਗ ਤੇ ਅਨੰਦ ਸਿਰਜਦੀ ਹੈ। ਇਸ ਸੰਗ੍ਰਹਿ ਦੀ ਇਕ ਹੋਰ ਵਿਲੱਖਣਤਾ ਗੁਰੂ ਸਾਹਿਬ ਉਪਰ ਇਕ ਨਜ਼ਮ ਹੈ, ਜਿਸ ਵਿਚ ਗੁਰੂ ਗਰੰਥ ਸਾਹਿਬ ਦੀ ਬਾਣੀ ਦੀ ਮਹਾਨਤਾ ਨੂੰ ਉਜਾਗਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬੰਦਾ ਬਹਾਦਰ ਅਤੇ ਰਣਜੀਤ ਸਿੰਘ ਦੇ ਸਮੇਂ ਦੀਆਂ ਇਕ ਦੋ ਨਜ਼ਮਾਂ ਤੋਂ ਮਗਰੋਂ ਕਵੀ ਦਾ ਮਨ ਪੰਥ ਵਿਚ

ਪੈਦਾ ਹੋ ਰਹੀ ਫੁੱਟ ਨੂੰ ਦੇਖ ਕੇ ਬੜਾ ਦੁੱਖੀ ਹੁੰਦਾ ਹੈ ਤੇ ਉਹ ਪੰਥ ਨੂੰ ਹਲੂਣਾ ਦੇਂਦਾ ਹੋਇਆ ਆਪਣਾ ਸੰਗ੍ਰਹਿ ਖਤਮ ਕਰਦਾ ਹੈ ਕਿ ਪੰਥ ਵਿਚ ਚੌਧਰੀਆਂ ਤੇ ਕੁਰਸੀਆਂ ਦੀ ਲਾਲਸਾ ਵੱਧ ਰਹੀ ਹੈ ਅਤੇ ਇਸ ਨਾਲ ਪੰਥ ਦੀਆਂ ਸ਼ਕਤੀਆਂ ਅਣਜੋੜ ਤੇ ਖਿੰਡੀਆਂ ਪਈਆਂ ਹਨ. ਉਸਦਾ ਇਕੋ ਇਕ ਹਲ ਫੁੱਟ ਦੂਰ ਕਰਕੇ ਇਕ ਸਾਂਝੀ ਕਮਾਨ ਅੰਦਰ ਇਕੱਠਿਆਂ ਹੋਣਾ ਹੈ। ਇਸ ਸਮੇਂ ਤੀਰ ਭਰਪੂਰ ਚਿਤਾਵਨੀ ਦੇਂਦਾ ਹੋਇਆ ਪੰਜ ਕਕਾਰਾਂ ਦੇ ਵਰਣਨ ਨੂੰ ਇੰਝ ਜੋੜਦਾ ਹੈ ?

ਕੜੇ ਵਾਲਿਆ। ਨਹੀਂ ਤਾਂ ਗੁਪਤ ਗੋਂਦਾਂ,
ਤੇਰੇ ਸੰਗਲਾਂ ਦਾ ਰੂਪ ਧਰਨਗੀਆਂ।
ਕੱਛ ਵਾਲਿਆ। ਕੱਛ ਕੇ ਕਬਰ ਤੇਰੀ,
ਤੇਰੀ ਹੋਂਦ ਦਾ ਹੀ ਘੁੱਟ ਭਰਨਗੀਆਂ।
ਓ ਕਿਰਪਾਨ ਦੇ ਮਾਲਕਾ, ਬਦ ਨਜ਼ਰਾਂ,
ਛੁਰੀਆਂ ਹੋ ਹੋ ਤੇਰੇ ਤੇ ਵਰਨਗੀਆਂ।
ਕੰਘੇ ਵਾਲਿਆ। ਹੋਇਓ ਨਾ ਇਕ ਜੇਕਰ,
ਤੇਰਾ ਕੰਘੀਆਂ ਹੀ ਕੰਘਾ ਕਰਨਗੀਆਂ।
ਕੇਸਾਂ ਵਾਲਿਆ। ਓਦਿ ਤੇਰੀ ਏਕਤਾ ਨੇ,
ਘੜੇ ਪਿਆ ਸੁਲਝਾਉਣਾ ਕੇਸ ਤੇਰਾ।
'ਤੀਰ' ਤਿੰਨਾਂ ਤੋਂ ਜੇਕਰ ਨਾ ਇਕ ਹੋਇਓ,
ਨਾ ਤੂੰ ਰਹਿਣਾ ਨਾ ਰਹੇਗਾ ਦੇਸ਼ ਤੇਰਾ।[38]

ਮਿੱਠੇ ਮੇਵੇ (1935)

1934-35 ਵਿਚ ਆਪ ਨੇ ਬੱਚਿਆਂ ਲਈ ਤਿੰਨ ਛੋਟੀਆਂ ਛੋਟੀਆਂ ਕਿਤਾਬਾਂ 'ਮਿੱਠੇ ਮੇਵੇ', 'ਸ਼ਕਰਪਾਰੇ' ਤੇ 'ਖੰਡ ਖਿਡੌਣੇ' ਲਿਖੀਆਂ, ਬਾਦ ਵਿਚ ਇਨ੍ਹਾਂ ਤਿੰਨਾਂ ਕਿਤਾਬਾਂ ਨੂੰ ਇਕੱਠਿਆਂ ਕਰਕੇ 'ਮਿੱਠੇ ਮੇਵੇ' ਨਾਂ ਥੱਲੇ ਛਪਵਾਇਆ।

ਇਸ ਸੰਗ੍ਰਹਿ ਵਿਚ ਕਵੀ ਨੇ ਬਚਿਆਂ ਲਈ ਸਿਖਿਆ-ਦਾਇਕ ਤੇ ਆਮ ਰੁਚੀ ਵਾਲੀਆਂ ਕਵਿਤਾਵਾਂ ਲਿਖੀਆਂ ਹਨ। ਹਰ ਵਿਅਕਤੀ ਦੇ ਜੀਵਨ ਵਿਚ ਬਚਪਨ ਦਾ ਸਮਾਂ ਬੜਾ ਮਹੱਤਵਪੂਰਣ ਹੁੰਦਾ ਹੈ। ਬਚਪਨ ਵਿਚ ਮਾਸੂਮੀਅਤ ਤੇ ਸਰਲਤਾ ਦੇ ਕਾਰਨ ਇਸ ਵਿਚ ਬੜੀ ਖਿੱਚ ਹੁੰਦੀ ਹੈ। ਇਸੇ ਲਈ ਇਹ ਕਿਹਾ ਜਾਂਦਾ ਹੈ ਕਿ ਬੱਚਿਆਂ ਵਿਚ ਰੱਬ ਵੱਸਦਾ ਹੈ। ਬੱਚਿਆਂ ਨੂੰ 'ਬਾਲ ਗੋਪਾਲ' ਜਾਂ 'ਭੋਲਾ ਰੱਬ' ਕਿਹਾ ਜਾਂਦਾ ਹੈ। ਕਵੀ ਇਸੇ ਭਾਵਨਾ ਅਧੀਨ ਕਵਿਤਾਵਾਂ ਦੇ ਰੂਪ ਵਿਚ ਬੱਚਿਆਂ ਨੂੰ ਮਿੱਠੇ ਮੇਵੇ ਅਰਪਨ ਕਰਦਾ ਹੈ। ਇਨ੍ਹਾਂ ਵਿਚ ਕਵੀ ਨੇ ਪ੍ਰੇਮ ਜਜ਼ਬਿਆਂ ਨੂੰ ਪੇਸ਼ ਕੀਤਾ ਹੈ ਅਤੇ ਬੱਚਿਆਂ ਵਿਚ ਮੁਸਕਰਾਹਟ ਵੰਡਣ ਲਈ ਇਨ੍ਹਾਂ ਕਵਿਤਾਵਾਂ ਦੀ ਰਚਨਾ ਕੀਤੀ ਹੈ। ਇਸ ਸੰਗ੍ਰਹਿ ਦੀਆਂ ਮੁੱਢਲੀਆਂ ਕਵਿਤਾਵਾਂ ਵਿਚ ਬੱਚੇ ਦੀ ਰੱਬ ਅੱਗੇ ਅਰਦਾਸ ਹੈ ਕਿ ਉਹ ਉਸਨੂੰ ਸੁਘੜ ਸਿਆਣਾ ਬਣਾਵੇ, ਭਾਂਤ ਭਾਂਤ ਦੇ ਖਿਡੌਣੇ ਤੇ ਮਠਿਆਈਆਂ ਦੇਵੇ। ਬੱਚਾ ਵੱਡਾ ਹੋ ਕੇ ਫੁੱਲ ਵਾਂਗ ਖਿੜਨਾ ਚਾਹੁੰਦਾ ਹੈ, ਵਤਨ ਦੇ ਗੀਤ ਗਾ ਕੇ ਭਾਰਤ ਮਾਤਾ ਨੂੰ ਅਜ਼ਾਦੀ ਦਿਵਾ ਕੇ ਉਸ ਤੋਂ ਜਾਨ

ਵਾਰਨ ਲਈ ਵੀ ਤਿਆਰ ਹੈ :

ਭਾਰਤ ਮਾਤਾ ਦੇ ਗਲ ਵਿਚੋਂ, ਸੰਗਲ ਤੋੜ ਵਿਖਾਵਾਂਗਾ ।
ਜਿਸ ਦੇਸ਼ ਵਿਚ ਪੈਦਾ ਹੋਇਆ, ਉਸ ਤੋਂ ਜਾਨ ਘੁਮਾਵਾਂਗਾ ।
ਮਰਕੇ ਜਰਕੇ ਕਸ਼ਟ ਹਜ਼ਾਰਾਂ, ਮਰਦਾ ਦੇਸ਼ ਜਿਵਾਵਾਂਗਾ ।
ਫੁੱਲ ਸਮਝ ਕੇ ਦੇਸ਼ ਆਪਣਾ, ਇਸਨੂੰ ਹੀ ਗਲ ਲਾਵਾਂਗਾ ।
ਵਤਨ ਲਈ ਜੀਵਾਂਗਾ ਜੱਗ ਤੇ, ਵਤਨ ਲਈ ਮਰ ਜਾਵਾਂਗਾ ।[39]

ਸਾਰੇ ਬੱਚੇ ਚੰਗੇ ਨਹੀਂ ਹੁੰਦੇ । ਸਪੁੱਤਰ ਤੇ ਕਪੁੱਤਰ ਕਵਿਤਾਵਾਂ ਵਿਚ ਕਵੀ ਦੋਹਾਂ ਦੇ ਗੁਣ ਔਗੁਣਾਂ ਬਾਰੇ ਦਸਦਾ ਹੈ । ਇਸ ਸੰਗ੍ਰਹਿ ਵਿਚ ਕੁਝ ਕਵਿਤਾਵਾਂ ਪਸ਼ੂ ਪੰਛੀਆਂ ਬਾਰੇ ਹਨ, ਜਿਵੇਂ ਹਾਥੀ, ਘੋੜਾ, ਤੋਤਾ, ਬਿੱਲੀ ਮਾਸੀ, ਸ਼ੇਰ ਆਦਿ ਬੱਚਿਆਂ ਦੇ ਬੜੇ ਮਨਭਾਂਵਦੇ ਜ਼ਾਨਵਰ ਹਨ, ਜਿਨ੍ਹਾਂ ਬਾਰੇ ਕਵੀ ਨੇ ਬੜੀਆਂ ਰੌਚਕ ਕਵਿਤਾਵਾਂ ਲਿਖੀਆਂ ਹਨ । ਕੁਝ ਕਵਿਤਾਵਾਂ ਵੱਖ ਵੱਖ ਪ੍ਰਕਿਰਤਕ ਵਸਤਾਂ, ਫੁੱਲ ਤੇ ਕੰਡਾ, ਤਾਰੇ, ਚੰਨ, ਬੱਦਲ, ਮੀਂਹ, ਹਵਾ ਆਦਿ ਬਾਰੇ ਹਨ । ਇਸ ਸੰਗ੍ਰਹਿ ਦੀਆਂ ਕਵਿਤਾਵਾਂ ਦੀ ਸਭ ਤੋਂ ਵੱਡੀ ਖੂਬਸੂਰਤੀ ਕੁਝ ਹਾਸ ਰਸੀ ਕਵਿਤਾਵਾਂ ਬਾਰੇ ਹੈ ਜਿਵੇਂ ਗੋਗੜ ਮੱਲ, ਦੋ ਥਬਲੇ, ਖਾਂਦੇ ਚੋਭਾ ਜੀ ਆਹਾ, ਮਕਰਾ ਖੋਤਾ, ਆਦਿ ਹਨ ਜੋ ਬੱਚਿਆਂ ਨੂੰ ਬਹੁਤ ਹਸਾਂਦੀਆਂ ਹਨ । ਗੋਗੜਮੱਲ ਦੀ ਹਾਲਤ ਦਾ ਬਿਆਨ ਕਵੀ ਇਸ ਤਰ੍ਹਾਂ ਕਰਦਾ ਹੈ :

ਵੱਡੇ ਮੱਟ ਦਾ ਵੱਡਾ ਵੀਰ, ਫੁੱਲਿਆ ਹੋਇਆ ਜਿਵੇਂ ਪਨੀਰ,
ਹਲਵੇ ਕੱਦੂ ਤੋਂ ਸਿਰ ਭਾਰਾ, ਨਿੱਕੇ ਕੰਨ ਪਰ ਅਜਬ ਨਜ਼ਾਰਾ ।
ਅੱਖਾਂ ਦੇਵਣ ਛੇਕ ਵਿਖਾਲੀ, ਦੰਦ ਖੁਲ੍ਹਾਂ ਦੀ ਸ਼ਾਨ ਨਿਰਾਲੀ,
ਹੂੰ ਦੇ ਬੋਰੇ ਵਰਗਾ ਪੇਟ, ਸੱਤਰ ਫੁਲਕਾ ਲਏ ਸਮੇਟ ।
ਔਹ ਜਾਂਦਾ ਵੇਖੋ ਉਸੇ ਵੱਲ, ਗੋਗੜ ਮੱਲ ਜੀ ਗੋਗੜ ਮੱਲ ।[40]

ਇਸ ਸੰਗ੍ਰਹਿ ਦੀਆਂ ਕੁਝ ਕਵਿਤਾਵਾਂ ਬੱਚਿਆਂ ਨੂੰ ਬੜੀ ਚੰਗੀ ਸਿਖਿਆ ਦੇਂਦੀਆਂ ਹਨ, ਬਾਬਾ ਗਾਂਧੀ, ਜਵਾਹਰਲਾਲ, ਮੇਰੀ ਪੋਥੀ, ਜੇ ਤੂੰ ਚਾਵੇਂ, ਸੁੱਚਾ ਲਾਲ, ਬੱਚਿਓ ਸਿਖੋ, ਵਿਦਵਾਨ ਬਣੋ, ਝੂਠਾ ਆਦਿ ਵਿਚ ਬੱਚਿਆਂ ਨੂੰ ਜ਼ਿੰਦਗੀ ਦੇ ਵੱਖ ਵੱਖ ਪਹਿਲੂਆਂ ਬਾਰੇ ਅਤੇ ਚੰਗੇ ਇਨਸਾਨ ਬਣਨ ਬਾਰੇ ਨਸੀਹਤਾਂ ਕੀਤੀਆਂ ਗਈਆਂ ਹਨ :

ਝੂਠੇ ਦਾ ਇਤਬਾਰ, ਕਰਦਾ ਕੋਈ ਨਾ ।
ਝੂਠੇ ਨਾਲ ਪਿਆਰ, ਕਰਦਾ ਕੋਈ ਨਾ ।
ਝੂਠਾ ਰੱਬ ਦੇ ਦਵਾਰ, ਮੂੰਹ ਮੂੰਹ ਖਾਂਵਦਾ ।
ਝੂਠੇ ਨੂੰ ਕਰਤਾਰ, ਮੂੰਹ ਨਹੀਂ ਲਾਂਵਦਾ ।
ਝੂਠਾ ਵਣਜ ਵਿਹਾਰ, ਦੋ ਦਿਨ ਚੱਲਦਾ ।
ਝੂਠਾ ਮਿੱਤਰ ਯਾਰ, ਮਿੱਟੀ ਰੱਲਦਾ ।
ਬੀਬਾ ਕਰ ਇਕਰਾਰ, ਝੂਠ ਨਾ ਬੋਲਣਾ ।
ਬਣਕੇ ਬੇ-ਇਤਬਾਰ, ਮਨ ਨਾ ਰੋਲਣਾ ।[41]

ਕੁਝ ਕਵਿਤਾਵਾਂ ਅਜੇਹੀਆਂ ਹਨ ਜੋ ਬੱਚਿਆਂ ਦੀਆਂ ਮਠਿਆਈਆਂ ਨਾਲ ਸੰਬੰਧਿਤ

ਹਨ, ਜਿਨ੍ਹਾਂ ਨੂੰ ਪੜ੍ਹ ਕੇ ਬੱਚਿਆਂ ਦੇ ਮੂੰਹ ਵਿਚ ਪਾਣੀ ਆ ਜਾਂਦਾ ਹੈ, ਜਿਵੇਂ ਉਹ ਹਲਵਾਈ, ਜਲੇਬੀ ਆਦਿ। ਬੱਚਿਆਂ ਦੀਆਂ ਖੇਡਾਂ ਤੇ ਮੇਲੇ ਤਿਓਹਾਰਾਂ ਨਾਲ ਸੰਬੰਧਿਤ ਵੀ ਕੁਝ ਕਵਿਤਾਵਾਂ ਹਨ, ਜੋ ਬੱਚਿਆਂ ਲਈ ਬੜੀਆਂ ਦਿਲਚਸਪ ਹੋ ਸਕਦੀਆਂ ਹਨ, ਜਿਵੇਂ ਅੱਜ ਵੈਸਾਖੀ ਹੈ, ਮੇਰੀਆਂ ਖੇਡਾਂ, ਪੀਂਘ ਦਾ ਗੀਤ, ਮੇਰੀ ਗੁੱਡੀ, ਮੇਰੀ ਚਰਖੀ, ਮੇਰੀ ਬੇੜੀ, ਕਾਠ ਦਾ ਘੋੜਾ ਆਦਿ।

ਇਸ ਸੰਗ੍ਰਹਿ ਵਿਚ ਬੱਚਿਆਂ ਦੀਆਂ ਖ਼ੂਬਸੂਰਤ ਲੋਰੀਆਂ ਵੀ ਦਿੱਤੀਆਂ ਹੋਈਆਂ ਹਨ ਤੇ ਕੁਝ ਰੁਚੀ ਵਾਲੀਆਂ ਕਵਿਤਾਵਾਂ ਵੀ ਹਨ। ਇਸ ਸੰਗ੍ਰਹਿ ਦੀ ਇਕ ਚੰਗੀ ਨਿਸ਼ਾਨੀ ਇਹ ਹੈ ਕਿ ਇਹ ਅਰਦਾਸ ਨਾਲ ਹੀ ਆਰੰਭ ਹੁੰਦੀ ਹੈ ਤੇ ਅਰਦਾਸ ਨਾਲ ਹੀ ਖਤਮ ਹੁੰਦੀ ਹੈ। ਵਿਧਾਤਾ ਸਿੰਘ ਤੀਰ ਦੀ ਕਾਵਿ-ਕਲਾ ਦਾ ਇਥੇ ਇਕ ਹੋਰ ਰੰਗ ਪ੍ਰਗਟ ਹੁੰਦਾ ਹੈ ਕਿ ਕਵੀ ਬੜੀ ਢੁਕਵੀਂ ਸ਼ਬਦਾਵਲੀ ਵਿਚ ਬੜੇ ਸਰਲ ਢੰਗ ਨਾਲ ਬੱਚਿਆਂ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਪ੍ਰੇਰਿਤ ਤੇ ਪ੍ਰਭਾਵਿਤ ਕਰਦਾ ਹੈ। ਉਸਨੇ ਬੱਚਿਆਂ ਦੇ ਅਨੁਕੂਲ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ ਹੈ, ਤੋਤਲੀ ਜ਼ਬਾਨ ਨੂੰ ਵੀ ਵਰਤਿਆ ਹੈ, ਤੇ ਵੱਖ ਵੱਖ ਪਸ਼ੂ ਪੰਛੀਆਂ ਦੀਆਂ ਆਵਾਜ਼ਾਂ ਨੂੰ ਸ਼ਬਦਾਂ ਰਾਹੀਂ ਪੇਸ਼ ਕੀਤਾ ਹੈ ਤੇ ਸਭ ਤੋਂ ਉਪਰ ਉਸਨੇ ਬੱਚਿਆਂ ਦੀਆਂ ਸਧਰਾਂ ਨੂੰ ਪੂਰੀ ਤਰ੍ਹਾਂ ਬਿਆਨ ਕੀਤਾ ਹੈ। ਇਸ ਪੱਖੋਂ ਮੈਂ ਇਸਨੂੰ ਤੀਰ ਜੀ ਦੀ ਇਕ ਵਿਸ਼ੇਸ਼ ਪ੍ਰਾਪਤੀ ਕਹਾਂਗੀ, ਕਿਉਂਕਿ ਇਸ ਖ਼ੇਤਰ ਵਿਚ ਤੀਰ ਜੀ ਮੋਢੀ ਕਹੇ ਜਾ ਸਕਦੇ ਹਨ। ਪੰਜਾਬੀ ਵਿਚ ਇਸ ਸਮੇਂ ਬਾਲ ਸਾਹਿਤ ਰਚਨਾ ਦੀ ਨਾ ਕੋਈ ਪਰੰਪਰਾ ਸੀ ਅਤੇ ਨਾ ਹੀ ਕੋਈ ਚੇਤਨਾ ਸੀ। ਆਮ ਲੇਖਕਾਂ ਦਾ ਬਾਲ ਸਾਹਿਤ ਦੀ ਰਚਨਾ ਕਰਨ ਵੱਲ ਕੋਈ ਬਹੁਤਾ ਧਿਆਨ ਨਹੀਂ ਸੀ। 'ਤੀਰ' ਜੀ ਦੀ ਇਹ ਵਿਸ਼ੇਸ਼ ਪ੍ਰਾਪਤੀ ਕਹੀ ਜਾ ਸਕਦੀ ਹੈ ਕਿ ਉਨ੍ਹਾਂ ਨੇ ਬਾਲ ਕਵਿਤਾਵਾਂ ਦੀ ਰਚਨਾ ਕਰਕੇ ਇਸ ਪਾਸੇ ਵੱਲ ਸਾਹਿਤਕਾਰਾਂ ਨੂੰ ਪ੍ਰੇਰਨਾ ਦਿਤੀ।

ਟਿਪਣੀਆਂ ਤੇ ਹਵਾਲੇ

1. 'ਹਸਦੇ ਕਵੀ' ਸੰਪਾਦਕ ਤਰਲੋਕ ਸਿੰਘ ਤਰਲੋਕ, ਪੰਨਾ 22
2. ਫੁਲਵਾੜੀ, ਕਵੀ, ਨਵੰਬਰ 1956, ਪੰਨਾ 217.
3. 'ਅਣੀਆਂ', (ਸੰਪਾਦਕ) ਗੁਰਦਿਆਲ ਸਿੰਘ ਫੁੱਲ, ਪੰਨਾ 3
4. ਉਹੀ, ਪੰਨਾ 25
5. 'ਅਜ਼ਾਦੀ ਲਈ ਹਲੂਣਾ', ਤੀਰ ਤਰੰਗ, ਪੰਨਾ 53
6. 'ਫੁਲਵਾੜੀ' ਕਵੀ ਨੰਬਰ, ਨਵੰਬਰ 1956, ਪੰਨਾ 86.
7. 'ਅਣਿਆਲੇ ਤੀਰ', ਭੂਮਿਕਾ, ਪੰਨਾ 15.
8. ਉਹੀ, ਪੰਨਾ 7
9. ਉਹੀ, ਪੰਨਾ 265
10. ਉਹੀ, ਪੰਨਾ 69
11. ਉਹੀ, ਪੰਨਾ 54
12. ਉਹੀ, ਪੰਨਾ 279

13. ਉਹੀ, ਪੰਨਾ 100-101
14. ਨਵੇਂ ਨਿਸ਼ਾਨੇ, ਪੰਨਾ 71
15. ਉਹੀ, ਪੰਨਾ 188
16. ਉਹੀ, ਪੰਨਾ 143
17. ਉਹੀ, ਭੂਮਿਕਾ, ਪੰਨਾ 6
18. ਗੂੰਗੇ ਗੀਤ, ਪੰਨਾ 6
19. ਉਹੀ, ਪੰਨਾ 6-7
20. ਉਹੀ, ਪੰਨਾ 48
21. ਉਹੀ, ਪੰਨਾ 29
22. ਉਹੀ, ਪੜਚੋਲ, ਪੰਨਾ 23
23. ਉਹੀ, ਪੰਨਾ 10
24. ਉਹੀ, ਪੰਨਾ 16
25. ਪੰਜਾਬੀ ਸਾਹਿਤ ਵਿਚਾਰ, ਪੰਨਾ 132-133
26. ਗੂੰਗੇ ਗੀਤ, ਪੰਨਾ 190
27. ਸ ਸ. ਅਮੋਲ, ਪੰਨਾ 21
28. ਕਾਲ ਕੂਕਾਂ, ਪੰਨਾ 5
29. ਉਹੀ, ਪੰਨਾ 95.
30. ਉਹੀ, ਭੂਮਿਕਾ, ਪੰਨਾ 6
31. ਉਹੀ, ਭੂਮਿਕਾ, ਪੰਨਾ 7
32. ਉਹੀ, ਭੂਮਿਕਾ, ਪੰਨਾ 7-8
33. ਉਹੀ, ਪੰਨਾ 65-66
34. ਉਹੀ, ਪੰਨਾ 10-12
35. ਭਿੰਨੀ ਰੈਣੜੀਏ, ਭੂਮਿਕਾ, ਪੰਨਾ 1-4
36. ਉਹੀ, ਪੰਨਾ 38
37. ਉਹੀ, ਪੰਨਾ 128
38. ਉਹੀ, ਪੰਨਾ 184
39. ਮਿਠੇ ਮੇਵੇ, ਪੰਨਾ 5-6
40. ਉਹੀ, ਪੰਨਾ 11
41. ਉਹੀ, ਪੰਨਾ 32

4

ਸਟੇਜੀ–ਕਾਵਿ

ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਇਕ ਵਿਸ਼ੇਸ਼ ਦੌਰ ਉਸ ਸਮੇਂ ਆਇਆ ਜਦੋਂ ਸਮੇਂ ਦੀਆਂ ਵਕਤੀ ਸਮਸਿਆਵਾਂ ਦੇ ਤੇਜ ਪ੍ਰਭਾਵ ਹੇਠ ਕਵੀਆਂ ਨੇ ਕਵੀ ਦਰਬਾਰਾਂ ਵਿਚ ਪੇਸ਼ ਕਰਨ ਲਈ ਕਵਿਤਾਵਾਂ ਦੀ ਰਚਨਾ ਕੀਤੀ। ਇਨ੍ਹਾਂ ਸਟੇਜਾਂ ਤੇ ਕਵੀ ਦਰਬਾਰਾਂ ਦਾ ਗੜ੍ਹ ਭਾਵੇਂ ਵਡੇ ਸ਼ਹਿਰ ਸਨ ਜਿਵੇਂ ਲਾਹੌਰ ਤੇ ਅੰਮ੍ਰਿਤਸਰ ਪਰ ਲੋਕ ਸੰਪਰਕ ਦੇ ਨੇੜੇ ਹੋਣ ਕਾਰਣ ਇਨ੍ਹਾਂ ਦਾ ਪ੍ਰਭਾਵ ਆਮ ਪੰਜਾਬੀ ਜਨਤਾ ਉਪਰ ਬਹੁਤ ਜ਼ਿਆਦਾ ਸੀ। ਇਹ ਠੀਕ ਹੈ ਕਿ ਇਸ ਕਵਿਤਾ ਵਿਚ ਸਮੇਂ ਦੇ ਸਮਾਜਕ, ਰਾਜਸੀ ਤੇ ਆਰਥਕ ਹਾਲਾਤ ਨਾਲ ਸਬੰਧਤ ਸਮਸਿਆਵਾਂ ਪੇਸ਼ ਕੀਤੀਆਂ ਗਈਆਂ ਸਨ ਅਤੇ ਇਨ੍ਹਾਂ ਕਵਿਤਾਵਾਂ ਦਾ ਪ੍ਰਭਾਵ ਇਤਨਾ ਚਿਰਜੀਵੀ ਨਹੀਂ ਸੀ ਪਰ ਇਨ੍ਹਾਂ ਵਿਚ ਪ੍ਰਭਾਵ ਦੀ ਡੂੰਘਾਈ ਕਾਫ਼ੀ ਸੀ ਅਤੇ ਇਹ ਵਕਤੀ ਸਮੱਸਿਆਵਾਂ ਵਾਲੀਆਂ ਕਵਿਤਾਵਾਂ ਸਿੱਧੇ ਰੂਪ ਵਿਚ ਪਾਠਕਾਂ/ਸਰੋਤਿਆਂ ਨੂੰ ਪ੍ਰਭਾਵਤ ਕਰਦੀਆਂ ਸਨ। ਇਸ ਲਈ ਸਟੇਜੀ ਕਵਿਤਾ ਦੀ ਮਹਾਨਤਾ ਭਾਵੇਂ ਵਕਤੀ ਸਾਹਿਤ ਦੇ ਤੌਰ ਤੇ ਹੈ ਪਰ ਇਸ ਵਿਚ ਲੋਕ ਸੰਪਰਕ ਦੀ ਜੋ ਛੋਹ ਦਿਖਾਈ ਦੇਂਦੀ ਹੈ ਉਹ ਦੂਜੇ ਸਾਹਿਤ ਰੂਪਾਂ ਵਿਚ ਘਟ ਸੀ।

ਪੰਜਾਬੀ ਵਿਚ ਸਟੇਜੀ ਕਵਿਤਾ ਦਾ ਆਰੰਭ ਉਰਦੂ ਮੁਸ਼ਾਇਰਿਆਂ ਦੇ ਪ੍ਰਭਾਵ ਸਦਕਾ ਹੋਇਆ :

> ਸਟੇਜੀ ਕਵਿਤਾ ਦੂਜੀ ਧਾਰਾ ਸੀ ਜੋ ਕਵਿਤਾ ਕਵੀਆਂ ਤੇ ਬੈਂਤਬਾਜ਼ਾਂ ਦੇ ਅਖਾੜਿਆਂ ਵਿਚ ਤੇ ਲਾਹੌਰ ਵਰਗੇ ਸ਼ਹਿਰਾਂ ਵਿਚ ਮਹਿਕਮਾ ਤਾਲੀਮ ਪੰਜਾਬ ਦੇ ਉਤਸ਼ਾਹ ਨਾਲ ਉਪਜੀ। ਜਦੋਂ ਸ਼ਮਸੁਲ ਉਲਮਾ ਮੁਹੰਮਦ ਹੁਸੈਨ ਆਜਾਦ ਤੇ ਡਾਇਰੈਕਟਰ ਮਹਿਕਮਾ ਤਾਲੀਮ ਨੇ ਉਰਦੂ ਫਾਰਸੀ ਮੁਸ਼ਾਇਰਿਆਂ ਦੀ ਪਰਪਾਟੀ ਚਲਾਈ। ਪੰਜਾਬੀ ਦੇ ਕਵੀ ਪਹਿਲਾਂ ਤੇ ਵੱਖਰੇ ਰਹੇ ਪਰ ਫਿਰ ਉਹ ਵੀ ਉਰਦੂ ਦੇ ਕਵੀਆਂ ਨਾਲ ਸ਼ਾਮਲ ਹੋ ਗਏ।[1]

ਸਟੇਜੀ ਕਵਿਤਾ ਦਾ ਲੋਕ ਪ੍ਰਿਯ ਸਾਹਿਤ ਦੇ ਖੇਤਰ ਵਿਚ ਖਾਸ ਸਥਾਨ ਮੰਨਿਆ ਜਾ ਸਕਦਾ ਹੈ। ਪੰਜਾਬੀ ਵਿਚ ਸਟੇਜੀ ਕਵਿਤਾ ਮੁੱਖ ਤੌਰ ਤੇ ਜਨਤਕ ਅੰਦੋਲਨਾਂ ਤੋਂ ਪ੍ਰਭਾਵਿਤ ਸੀ। ਇਸ ਲਈ ਇਸਦੀ ਮੁੱਖ ਵਿਸ਼ੇਸ਼ਤਾ ਲੋਕ ਪ੍ਰਿਯ ਰੰਗ ਵਿਚ ਦਿਖਾਈ ਦੇਂਦੀ ਹੈ। ਲੋਕ ਪ੍ਰਿਯ ਗੁਣਾਂ ਦੀ ਪ੍ਰਧਾਨਤਾ ਹੋਣ ਕਰਕੇ ਇਹ ਸਾਹਿਤਕ ਸੂਝ ਬੂਝ ਤੇ ਕਲਪਨਾ-ਮਈ ਸ਼ੈਲੀ ਤੋਂ ਵਖਰੀ ਭਾਂਤ ਦੀ ਸੀ। ਕਵੀ ਦਰਬਾਰਾਂ ਵਿਚ ਆਉਣ ਵਾਲਾ ਸਰੋਤਾ ਸਮੂਹ ਆਮ ਤੌਰ ਤੇ ਅਵਿਕਸਿਤ ਤੇ ਅਸਿਖਿਅਤ ਹੁੰਦਾ ਸੀ। ਅਤੇ ਕਿਸੇ ਤਰ੍ਹਾਂ ਦੀ ਉਚੇਰੀ ਸਾਹਿਤਕ ਸੋਝੀ ਤੋਂ ਸਖਣਾ ਸੀ। ਇਸ ਲਈ ਕਵੀ ਉਨ੍ਹਾਂ ਦੇ ਪੱਧਰ ਦੇ ਅਨੁਕੂਲ ਰਚਨਾਵਾਂ

ਕਰਨ ਵਲ ਪ੍ਰੇਰਿਤ ਹੁੰਦੇ ਸਨ। ਉਹ ਲੋਕਾਂ ਵਿਚ ਪ੍ਰਚਲਿਤ ਕਾਵਿ ਰੂਪਾਂ ਤੇ ਪਰਿਚਿਤ ਪ੍ਰਸੰਗਾਂ, ਸੰਕੇਤਾਂ ਦੀ ਵਰਤੋਂ ਕਰਦੇ ਸਨ। ਇਸ ਤੋਂ ਇਲਾਵਾ ਸਰੋਤਿਆਂ ਨੂੰ ਪ੍ਰਭਾਵਿਤ ਕਰਨ ਲਈ ਕਈ ਤਰ੍ਹਾਂ ਦੇ ਉਭਾਰੂ ਪੱਖ ਤੇ ਭੜਕੀਲੇ ਬੋਲ ਤੇ ਉਪਭਾਵੁਕਤਾ ਜਾਂ ਕਰੁਣਾਮਈ ਢੰਗ ਨਾਲ ਲੋਕਾਂ ਦਾ ਮਨੋਰੰਜਨ ਕੀਤਾ ਜਾਂਦਾ ਸੀ। ਪਰ ਇਨ੍ਹਾਂ ਕਵੀ ਦਰਬਾਰਾਂ ਦੀ ਇਕ ਬੇਮਿਸਾਲ ਦੇਣ ਵੀ ਸੀ। ਉਹ ਇਹ ਕਿ ਸਮੇਂ ਦੇ ਸਿਆਸੀ ਪੱਖਾਂ ਧਾਰਮਿਕ ਜਾਂ ਸਮਾਜ ਸੁਧਾਰਕ ਅੰਦੋਲਨਾਂ ਨੂੰ ਬਹੁਤ ਛੇਤੀ ਆਮ ਲੋਕਾਂ ਵਿਚ ਸੁਰਜੀਤ ਕਰਨ ਦਾ ਸਾਧਨ ਮੌਜੂਦ ਸੀ। ਕਿਉਂਕਿ ਕਵੀ ਦਰਬਾਰ ਲੋਕ ਜਾਗ੍ਰਤੀ ਦਾ ਵਡਾ ਕੇਂਦਰ ਬਣ ਗਏ ਸਨ। ਏਸੇ ਲਈ ਅਸੀਂ ਦੇਖਦੇ ਹਾਂ ਕਿ ਇਸ ਸਮੇਂ ਦੇ ਦੌਰਾਨ ਕਵੀ ਦਰਬਾਰ ਬਹੁਤ ਮਕਬੂਲ ਹੋਏ। ਕਈ ਸਭਾਵਾਂ ਤੇ ਸੰਸਥਾਵਾਂ ਵੀ ਹੋਂਦ ਵਿਚ ਆਈਆਂ ਜਿਨ੍ਹਾਂ ਦਾ ਪਹਿਲਾ ਕੰਮ ਕਵੀ ਦਰਬਾਰ ਜਾਂ ਮੁਸ਼ਾਇਰੇ ਕਰਾਉਣਾ ਹੁੰਦਾ ਸੀ।

ਕਵੀ ਦਰਬਾਰਾਂ ਨੇ ਪੰਜਾਬੀ ਕਵਿਤਾ ਦੀਆਂ ਗੂੰਜਾਂ ਘਰ ਘਰ ਅੰਦਰ ਪਹੁੰਚਾ ਦਿਤੀਆਂ। ਇਸ ਤੋਂ ਇਲਵਾ ਇਸਨੇ ਇਕ ਅਜੇਹਾ ਸਾਂਝਾ ਅਖਾੜਾ ਪੈਦਾ ਕੀਤਾ ਜਿਥੇ ਸਭ ਧਰਮਾਂ ਤੇ ਜਾਤਾਂ ਦੇ ਲੋਕ ਇਕੋ ਥਾਂ ਉਪਰ ਬੈਠ ਕੇ ਆਪਣੀ ਮਾਂ ਬੋਲੀ ਵਿਚ ਰਚੀਆਂ ਅਨੰਦਮਈ ਰਚਨਾਵਾਂ ਸੁਣਦੇ ਸਨ। ਹਿੰਦੂ, ਮੁਸਲਮਾਨ, ਸਿੱਖ, ਈਸਾਈ, ਬ੍ਰਾਹਮਣ, ਹਰੀਜਨ, ਪੜ੍ਹੇ ਲਿਖੇ, ਅਨਪੜ੍ਹ, ਅਮੀਰ, ਗਰੀਬ ਸਾਰੇ ਇਕ ਸਾਂਝ ਵਿਚ ਬੱਝ ਗਏ ਸਨ।

ਕਵੀ ਦਰਬਾਰਾਂ ਦਾ ਇਕ ਹੋਰ ਪੱਖ ਇਹ ਵੀ ਸੀ ਕਿ ਇਹ ਕੇਵਲ ਜਨਤਾ ਨੂੰ ਉਤਸ਼ਾਹ ਦੇਣ ਦਾ ਕੰਮ ਹੀ ਨਹੀਂ ਕਰ ਰਹੇ ਸਨ ਸਗੋਂ ਇਹ ਕਵੀਆਂ ਦੀ ਆਪਸੀ ਪ੍ਰੇਰਨਾ ਦੇਣ ਦਾ ਵਡਾ ਕੇਂਦਰ ਵੀ ਸਨ। ਕਵੀ ਦਰਬਾਰਾਂ ਦੇ ਪ੍ਰਭਾਵ ਸਦਕਾ ਅਨੇਕਾਂ ਕਵੀ ਸਾਹਿਤਕ ਪਿੜ ਅੰਦਰ ਆਏ। ਉਹ ਕਵੀ ਦਰਬਾਰਾਂ ਵਿਚ ਇਕ ਦੂਜੇ ਦਾ ਵੱਡਾ ਪ੍ਰਭਾਵ ਕਬੂਲ ਕਰਦੇ ਸਨ। ਪੰਜਾਬੀ ਦੇ ਸ੍ਰੇਸ਼ਠ ਸਾਹਿਤਕ ਕਵੀ ਵੀ ਕਵੀ ਦਰਬਾਰਾਂ ਨਾਲ ਸੰਬੰਧਤ ਰਹੇ ਹਨ ਜਿਵੇਂ ਹੀਰਾ ਸਿੰਘ ਦਰਦ, ਧਨੀ ਰਾਮ ਚਾਤ੍ਰਿਕ, ਗੁਰਮੁਖ ਸਿੰਘ ਮੁਸਾਫਰ, ਪ੍ਰੋਫੈਸਰ ਮੋਹਨ ਸਿੰਘ, ਸ਼ਿਵ ਕੁਮਾਰ ਆਦਿ।

ਇਸ ਤਰ੍ਹਾਂ ਪੰਜਾਬੀ ਵਿਚ ਸਟੇਜ ਦੀ ਪਰੰਪਰਾ ਦਾ ਆਰੰਭ 19ਵੀਂ ਸਦੀ ਦੇ ਅੰਤ ਵਿਚ ਹੋਇਆ ਜੋ ਇਕ ਨਵੀਂ ਪ੍ਰਵਿਰਤੀ ਸੀ ਅਤੇ ਬੜੀ ਤੇਜ਼ੀ ਨਾਲ ਜ਼ੋਰ ਪਕੜ ਗਈ ਤੇ ਬਹੁਤ ਜ਼ਿਆਦਾ ਪ੍ਰਸਿਧ ਹੋ ਗਈ ਸੀ। ਡਾ. ਸੁਰਿੰਦਰ ਸਿੰਘ ਕੋਹਲੀ ਦੇ ਕਥਨ ਅਨੁਸਾਰ :

> ਪੰਜਾਬੀ ਦੇ ਵੱਖਰੇ ਕਵੀ ਦਰਬਾਰ ਸੰਨ 1975 ਈ. ਦੇ ਲਗਭਗ ਸ਼ੁਰੂ ਹੋਏ। ਇਨ੍ਹਾਂ ਦਾ ਮੁਢ ਵੀ ਬੈਂਤਬਾਜ਼ੀ ਤੋਂ ਹੋਇਆ ਮਗਰੋਂ ਉਰਦੂ, ਫਾਰਸੀ ਦੇ ਮੁਸ਼ਾਇਰਿਆਂ ਦੇ ਅਸਰ ਹੇਠ ਗਜ਼ਲਾਂ ਆਦਿਕ ਵੀ ਬੋਲੀਆਂ ਜਾਣ ਲੱਗ ਪਈਆਂ।[2]

ਭਾਵੇਂ ਪੰਜਾਬੀ ਕਵੀ ਦਰਬਾਰਾਂ ਉਪਰ ਉਰਦੂ ਮੁਸ਼ਾਇਰਿਆਂ ਦਾ ਪ੍ਰਭਾਵ ਸੀ ਪਰ ਇਨ੍ਹਾਂ ਦਾ ਆਪਣਾ ਨਵੇਕਲਾ ਰੰਗ ਢੰਗ ਸੀ ਅਤੇ ਵਖਰਾ ਸਥਾਨ ਸੀ। ਪੰਜਾਬੀ ਵਿਚ ਕਵੀ ਦਰਬਾਰਾਂ ਨੂੰ ਹਰਮਨ ਪਿਆਰਾ ਤੇ ਸਮਾਜ ਦਾ ਜ਼ਰੂਰੀ ਅੰਗ ਬਨਾਉਣ ਵਿਚ ਸਮਕਾਲੀ ਹਾਲਤਾਂ ਦਾ ਬਹੁਤ ਪ੍ਰਭਾਵ ਸੀ। ਇਸ ਉਪਰ ਸਮੇਂ ਦੀਆਂ ਧਾਰਮਿਕ, ਸੁਧਾਰਕ ਤੇ ਰਾਜਸੀ ਲਹਿਰਾਂ ਨੇ ਬਹੁਤ ਹਿੱਸਾ ਪਾਇਆ। ਇਨ੍ਹਾਂ ਲਹਿਰਾਂ ਦੇ ਪ੍ਰਭਾਵ ਅਧੀਨ ਨਸ਼ੇਬੰਦੀ, ਦਾਜ

ਵਿਰੁਧ ਅਤੇ ਹੋਰ ਅਜੇਹੀਆਂ ਸਮਾਜਕ ਕੁਰੀਤੀਆਂ ਵਿਰੁਧ ਕਵਿਤਾਵਾਂ ਲਿਖੀਆਂ ਗਈਆਂ।

1907 ਈ. ਵਿਚ ਬਾਰ ਦੇ ਕਿਸਾਨਾਂ ਦੀ ਜਾਗਰਤੀ ਵਜੋਂ ਕਿਸ਼ਾਨ ਲਹਿਰ ਚਲੀ ਜਿਸ ਵਿਚ ਲਾਲਾ ਬਾਂਕੇ ਦਿਆਲ ਦੀ ਪ੍ਰਸਿਧ ਕਵਿਤਾ 'ਪਗੜੀ ਸੰਭਾਲ ਓ ਜੱਟਾ' ਵਰਗੀਆਂ ਪੰਜਾਬੀ ਕਵਿਤਾਵਾਂ ਸਟੇਜਾਂ ਉਪਰ ਪੜ੍ਹੀਆਂ ਗਈਆਂ ਤੇ ਲੋਕਾਂ ਵਲੋਂ ਸਲਾਹੀਆਂ ਗਈਆਂ।

1908-09 ਈ. ਵਿਚ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਸ਼ੁਰੂ ਹੋਈ। ਇਸ ਸਮੇਂ ਕਈ ਨਵੇਂ ਕਵੀ ਮੈਦਾਨ ਵਿਚ ਨਿਤਰੇ; ਉਹ ਅਖਬਾਰਾਂ ਵਿਚ ਵਿਦਿਆ ਪਰਚਾਰ ਲਈ ਕਵਿਤਾਵਾਂ ਲਿਖਦੇ ਅਤੇ ਕਾਨਫ੍ਰੰਸ ਦੇ ਸਮਾਗਮਾਂ ਵਿਚ ਵੀ ਪੜ੍ਹਦੇ ਸਨ। ਅਮਰੀਕਾ ਦੀ ਗ਼ਦਰ ਪਾਰਟੀ ਵਲੋਂ 1913 ਵਿਚ ਇਨਕਲਾਬੀ ਕਵਿਤਾਵਾਂ ਦੇ ਕਈ ਸੰਗ੍ਰਹਿ 'ਗਦਰ ਗੂੰਜਾਂ' ਦੇ ਨਾਮ ਹੇਠ ਪ੍ਰਕਾਸ਼ਿਤ ਹੋਏ, ਇਹ ਕਵਿਤਾਵਾਂ ਵੀ ਵੱਖ ਵੱਖ ਥਾਵਾਂ ਅਤੇ ਸਟੇਜਾਂ ਤੇ ਗਾਈਆਂ ਗਈਆਂ। ਇਨ੍ਹਾਂ ਜੋਸ਼ਵਧਾਊ ਤੇ ਇਨਕਲਾਬੀ ਪ੍ਰਭਾਵ ਵਾਲੀਆਂ ਕਵਿਤਾਵਾਂ ਦੇ ਫਲਸਰੂਪ ਰਾਜਸੀ ਸਟੇਜਾਂ ਲਈ ਕਵਿਤਾਵਾਂ ਲਿਖਣ ਤੇ ਪੜ੍ਹਨ ਦਾ ਰਿਵਾਜ ਬਹੁਤ ਵਧ ਗਿਆ। 1913 ਵਿਚ ਹੀ ਗੁਰਦੁਆਰਾ ਰਕਾਬਗੰਜ ਦਿੱਲੀ ਤੇ ਖਾਲਸਾ ਕਾਲਜ, ਅੰਮ੍ਰਿਤਸਰ ਦੇ ਪ੍ਰਬੰਧ ਦੇ ਸੁਆਲਾਂ ਉਤੇ ਸਿੱਖਾਂ ਵਿਚ ਬੜਾ ਅੰਦੋਲਨ ਚਲਿਆ। ਕਵੀ ਦਰਬਾਰਾਂ ਨੇ ਇਨ੍ਹਾਂ ਅੰਦੋਲਨਾਂ ਨੂੰ ਵੀ ਸਫਲ ਬਨਾਉਣ ਲਈ ਪੰਜਾਬੀ ਕਵੀ ਦਰਬਾਰ ਕਰਵਾਏ ਅਤੇ ਇਨਾਮ ਦੇ ਕੇ ਕਵਿਤਾਵਾਂ ਲਿਖਵਾਈਆਂ।

1920 ਵਿਚ ਐਜੂਕੇਸ਼ਨਲ ਕਾਨਫ੍ਰੰਸ ਨੇ ਇਨਾਮੀ ਕਵੀ ਦਰਬਾਰਾਂ ਦੀ ਪਰੰਪਰਾ ਸ਼ੁਰੂ ਕੀਤੀ। ਅਕਾਲੀ ਲਹਿਰ ਦੇ ਨਾਲ ਪੰਜਾਬੀ ਕਵੀ ਦਰਬਾਰਾਂ ਦਾ ਰਿਵਾਜ ਪੂਰੇ ਜ਼ੋਰਾਂ ਤੇ ਹੋ ਗਿਆ। ਇਸ ਤਰ੍ਹਾਂ ਧਾਰਮਿਕ ਤੇ ਵਿਦਿਅਕ ਸਟੇਜਾਂ ਉਪਰ ਪਹੁੰਚ ਕੇ ਪੰਜਾਬੀ ਕਵਿਤਾ ਨੇ ਆਪਣੀ ਉਚੇਰੀ ਥਾਂ ਬਣਾ ਲਈ।

ਇਸ ਤਰ੍ਹਾਂ ਪੰਜਾਬੀ ਕਵੀ ਦਰਬਾਰਾਂ ਨੂੰ ਇਕ ਪਾਸੇ ਰਾਜਸੀ, ਧਾਰਮਿਕ ਤੇ ਸਮਾਜਿਕ ਲਹਿਰਾਂ ਤੋਂ ਸਹਿਯੋਗ ਮਿਲਿਆ। ਦੂਜੇ ਪਾਸੇ ਕਵੀ ਦਰਬਾਰਾਂ ਦੇ ਵਿਕਾਸ ਵਿਚ ਕੁਝ ਜਥੇਬੰਦੀਆਂ ਨੇ ਹਿੱਸਾ ਪਾਇਆ। 1920 ਵਿਚ ਪੰਜਾਬੀ ਸਭਾ ਪੰਜਾਬ ਅੰਮ੍ਰਿਤਸਰ ਵਿਚ ਬਣੀ ਜਿਸਦੇ ਪ੍ਰਧਾਨ ਲਾਲਾ ਧਨੀ ਰਾਮ ਚਾਤ੍ਰਿਕ ਤੇ ਸਕੱਤਰ ਗਿਆਨੀ ਹੀਰਾ ਸਿੰਘ ਦਰਦ ਸਨ। 1931 ਵਿਚ ਸੈਂਟਰਲ ਪੰਜਾਬੀ ਸਭਾ ਸਥਾਪਿਤ ਹੋਈ ਜਿਸਦੇ ਪ੍ਰਧਾਨ ਐਸ. ਐਸ. ਚਰਨ ਸਿੰਘ ਸ਼ਹੀਦ ਸਨ। 1937 ਵਿਚ ਲਾਹੌਰ ਵਿਚ ਪੰਜਾਬੀ ਲਿਟਰੇਰੀ ਲੀਗ ਬਣੀ ਤੇ 1938 ਵਿਚ ਫਿਰ ਕੇਂਦਰੀ ਪੰਜਾਬੀ ਸਭਾ ਨੂੰ ਸੁਰਜੀਤ ਕੀਤਾ ਗਿਆ। ਇਨ੍ਹਾਂ ਸਾਰੀਆਂ ਸਭਾਵਾਂ ਦੇ ਉਦਮ ਨਾਲ ਕਈ ਕਾਨਫ੍ਰੰਸਾਂ ਤੇ ਸ਼ਾਨਦਾਰ ਕਵੀ ਦਰਬਾਰ ਹੋਏ।

ਇਨ੍ਹਾਂ ਕਵੀ ਦਰਬਾਰਾਂ ਦੀਆਂ ਰਚਨਾਵਾਂ ਭਾਵੇਂ ਸਾਹਿਤਿਕ ਦ੍ਰਿਸ਼ਟੀ ਤੋਂ ਬਹੁਤੀਆਂ ਉੱਚ ਪਾਏ ਦੀਆਂ ਨਹੀਂ ਸਨ ਪਰ ਜਨਤਕ ਪ੍ਰਭਾਵ ਸਿਰਜਨ ਵਿਚ ਇਨ੍ਹਾਂ ਦਾ ਮੁਕਾਬਲਾ ਕੋਈ ਹੋਰ ਕਾਵਿ ਰੂਪ ਨਹੀਂ ਕਰਦਾ। ਨਰਿੰਦਰ ਸਿੰਘ ਸੋਚ ਦੇ ਵਿਚਾਰ ਵਿਚ :

> ਇਨ੍ਹਾਂ ਕਵੀਆਂ ਨੂੰ ਕਵੀ ਦਰਬਾਰੀ ਕਵੀ ਨਾ ਆਖੋ। ਸਗੋਂ ਜਨਤਾ ਦੇ ਕਵੀ ਆਖੋ, ਕਿਉਂਕਿ ਇਹ ਜਨਤਾ ਦੇ ਪ੍ਰਾਣ ਹਨ ਤੇ ਜਨਤਾ ਇਹਨਾਂ ਲਈ ਆਦਰਸ਼

ਤੇ ਮਜ਼ਮੂਨ । ਇਹ ਜਨਤਾ ਦੀਆਂ ਲਹਿਰਾਂ ਨੂੰ ਫੈਲਾਉਂਦੇ ਹਨ ਤੇ ਲਹਿਰਾਂ ਦੇਸ਼ਾਂ ਦੀਆਂ ਹੋਣੀਆਂ ਨੂੰ ਘੜਦੀਆਂ ਹਨ। ਜਨਤਾ ਨਾਲ ਇਹਨਾਂ ਦੇ ਹਾਸੇ ਰੋਣੇ, ਉਤਰਾ ਚੜ੍ਹਾ ਡਿੱਗਣ ਢਹਿਣ ਦਾ ਗੂੜ੍ਹਾ ਸੰਬੰਧ ਹੈ ।[3]

ਕਈ ਕਵੀ ਇਹਨਾਂ ਦਰਬਾਰਾਂ ਸਦਕਾ ਹੀ ਕਾਫ਼ੀ ਪ੍ਰਸਿਧ ਹੋਏ ਤੇ ਲੋਕਾਂ ਦੇ ਹਰਮਨ ਪਿਆਰੇ ਬਣ ਗਏ, ਜਿਵੇਂ ਬਾਬੂ ਫੀਰੋਜ਼ਦੀਨ ਸ਼ਰਫ ਜਿਸ ਨੂੰ ਉਸਦੀ ਅਦਾਇਗੀ ਕਰਕੇ ਪੰਜਾਬ ਦੀ ਬੁਲਬੁਲ ਵੀ ਕਿਹਾ ਜਾਂਦਾ ਸੀ । ਗਿਆਨੀ ਗੁਰਮੁਖ ਸਿੰਘ ਮੁਸਾਫਿਰ ਅਕਾਲੀ ਲਹਿਰ ਸਮੇਂ ਤੇ ਉਸ ਤੋਂ ਪਿਛੋਂ ਆਪਣੇ ਧਾਰਮਿਕ ਲੈਕਚਰਾਂ ਵਿਚ ਆਪਣੀ ਕਵਿਤਾ ਸੁਣਾਉਂਦੇ ਹੁੰਦੇ ਸਨ ਅਤੇ ਧਾਰਮਿਕ ਕਵੀ ਦਰਬਾਰਾਂ ਵਿਚ ਕਵਿਤਾ ਗਾ ਕੇ ਬੋਲਦੇ ਸਨ । ਗੁਰਦਿਤ ਸਿੰਘ ਕੁੰਦਨ ਨੇ ਆਪਣੀ ਪਹਿਲੀ ਕਵਿਤਾ ਨਨਕਾਣੇ ਸਾਹਿਬ ਦੇ ਦਰਬਾਰ ਵਿਚ ਪੜ੍ਹੀ । ਦਰਸ਼ਨ ਸਿੰਘ ਅਵਾਰਾ ਨੇ ਅਕਾਲੀ ਲਹਿਰ ਸਮੇਂ ਕਵੀ ਦਰਬਾਰਾਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ । ਗੁਰੂ ਕੇ ਬਾਗ ਦੇ ਮੋਰਚੇ ਵੇਲੇ ਈਸ਼ਰ ਸਿੰਘ ਈਸ਼ਰ, ਕਵੀ ਦਰਬਾਰਾਂ ਵਿਚ ਆਉਣ ਲਗ ਪਿਆ । ਬਚਨ ਸਿੰਘ ਬਚਨ ਵਧੇਰੇ ਕਰਕੇ ਆਪਣੀ ਗਾਇਕ ਸ਼ਕਤੀ ਕਰਕੇ ਪ੍ਰਸਿਧ ਹੋਇਆ । ਕਰਤਾਰ ਸਿੰਘ ਬਲੱਗਣ ਦੇ ਬੈਂਤ ਦੀ ਅੰਤਲੀ ਤੁੱਕ ਬੜੀ ਪ੍ਰਭਾਵਸ਼ਾਲੀ ਹੁੰਦੀ ਸੀ ਤੇ ਸਰੋਤੇ ਵਾਹ ਵਾਹ ਕਹਿ ਉਠਦੇ ਸਨ · ਪਰ ਇਨ੍ਹਾਂ ਸਾਰਿਆਂ ਵਿਚ ਸ੍ਰ. ਵਿਧਾਤਾ ਸਿੰਘ ਤੀਰ ਇਕ ਸਿਰਕੱਢ ਕਵੀ ਸਨ

ਵਿਧਾਤਾ ਸਿੰਘ ਤੀਰ ਨੇ ਅਕਾਲੀ ਅਤੇ ਕਾਂਗਰਸੀ ਲਹਿਰ ਸਮੇਂ ਹੋਏ ਕਵੀ ਦਰਬਾਰਾਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ । ਆਪ ਸਟੇਜ ਤੇ ਆਪਣੀ ਕਵਿਤਾ ਨੂੰ ਗਾ ਕੇ ਬੜੇ ਚੰਗੇ ਢੰਗ ਨਾਲ ਪੇਸ਼ ਕਰਦੇ ਸਨ । ਉਨ੍ਹਾਂ ਦੇ ਭਾਵ ਸਰਲ, ਸਾਦਾ ਤੇ ਸਪਸ਼ਟ ਹੁੰਦੇ ਸਨ ਅਤੇ ਪੇਸ਼ ਕਰਨ ਦਾ ਢੰਗ ਇਨਾਂ ਜ਼ੋਰਦਾਰ ਹੁੰਦਾ ਸੀ ਕਿ ਸਰੋਤੇ ਮਸਤੀ ਵਿਚ ਆ ਕੇ ਭਰਪੂਰ ਹੁੰਗਾਰਾ ਦੇਂਦੇ ਸਨ । ਕਵੀ ਦਰਬਾਰ ਅਕਾਲੀ ਲਹਿਰ ਦੀ ਉਪਜ ਸਨ ਤੇ 'ਤੀਰ' ਜੀ ਵੀ ਇਸੇ ਸਮੇਂ ਸਟੇਜਾਂ ਤੇ ਆਉਣ ਲੱਗੇ । ਇਸ ਸਮੇਂ ਵਿਚ ਗੁਰਪੁਰਬਾਂ ਉਪਰ ਕਵੀ ਦਰਬਾਰ ਹੁੰਦੇ ਸਨ ਜਿਨ੍ਹਾਂ ਦਾ ਵਿਸ਼ਾ ਧਾਰਮਿਕ ਹੁੰਦਾ ਸੀ । ਇਨ੍ਹਾਂ ਵਿਚ ਸਿੱਖ ਧਰਮ ਦੀ ਵਡਿਆਈ, ਗੁਰੂਆਂ ਦੀ ਮਹਿਮਾ ਪਰਮਾਤਮਾ ਨੂੰ ਮਿਲਣ ਦੀ ਤਾਂਘ ਆਦਿ ਮੁੱਖ ਵਿਸ਼ੇ ਹੁੰਦੇ ਸਨ । ਇਸ ਸਮੇਂ ਤੀਰ ਜੀ ਨੇ ਵੱਖ ਵੱਖ ਕਵੀ ਦਰਬਾਰਾਂ ਵਿਚ ਉਪਰੋਕਤ ਵਿਸ਼ਿਆਂ ਵਾਲੀਆਂ ਕਵਿਤਾਵਾਂ ਪੜ੍ਹੀਆਂ ਤੇ ਇਨਾਮ ਪ੍ਰਾਪਤ ਕੀਤੇ ।

'ਤੀਰ' ਜੀ ਦੀ ਸਟੇਜੀ ਸਫਲਤਾ ਦਾ ਮੁੱਖ ਕਾਰਣ ਉਹਨਾਂ ਦੀ ਕਵਿਤਾ ਵਿਚ ਸੰਗੀਤਕ ਲੈਅ ਅਤੇ ਜ਼ੁਬਾਨ ਦਾ ਸੁਰੀਲਾਪਨ ਸੀ । ਇਸ ਬਾਰੇ ਪ੍ਰੋ. ਫੁੱਲ ਦਾ ਵਿਚਾਰ ਹੈ :

> ਉਹ ਕਵਿਤਾ ਗਾ ਕੇ ਸੁਣਾਉਂਦਾ ਹੈ ਕਿਉਂਕਿ ਉਸਦਾ ਰੋਮ ਰੋਮ ਲੈਅ ਨਾਲ ਸੁਰ ਹੈ । ਉਹ ਲਹੂ-ਗਤੀ, ਸਵਾਸਗਤੀ ਦੇ ਤਾਲ ਨੂੰ ਅਨੁਭਵ ਕਰਕੇ ਭਾਵ ਤਾਲ-ਗਤੀ ਸਿਰਜਦਾ ਹੈ ਜਿਸ ਨੂੰ ਉਹ ਕਵਿਤਾ ਦੀ ਰੂਹ ਸਮਝਦਾ ਹੈ । ਉਹ ਰਾਗ ਸਿਰਜਨਾ ਲਈ ਅਰਬੀ ਸ਼ਬਦ ਸੂਚਮ, ਸ਼ਬਦ ਸੰਜੋਗ, ਅੱਖਰਾਂ ਦੀਆਂ ਧੁਨੀਆਂ ਦੀ ਰਿਸ਼ਤੇਦਾਰੀ ਦਾ ਖੂਬ ਧਿਆਨ ਰਖਦਾ ਹੈ । ਉਸਦਾ ਉਚਾਰਨ ਸ਼ੁਧ ਹੈ, ਉਸਦੀ ਆਵਾਜ਼ ਵਿਚ ਮਿਠਾਸ ਹੈ । ਇਹੋ ਕਾਰਨ ਹੈ ਕਿ ਉਹ ਰੰਗ ਮੰਚ

ਉਤੇ ਛਾਇਆ ਰਿਹਾ ਹੈ ।[4]

ਇਸ ਸੰਬੰਧੀ ਵਿਧਾਤਾ ਸਿੰਘ ਤੀਰ ਦੇ ਕਾਵਿਕ ਗੁਣਾਂ ਦਾ ਚਰਚਾ ਕਰਦੇ ਹੋਏ ਪ੍ਰਿੰ. ਸ. ਸ. ਅਮੋਲ ਲਿਖਦੇ ਹਨ :

> ਭਾਵੇਂ 'ਤੀਰ' ਹੀਰਾ ਸਿੰਘ ਦਰਦ ਦਾ ਸ਼ਾਗਿਰਦ ਹੈ ਪਰ ਸਾਨੂੰ ਇਹ ਕਹਿਣ ਵਿਚ ਝਿਜਕ ਨਹੀਂ ਕਿ 'ਸ਼ਰਫ' ਵਾਂਗ ਤੀਰ ਵੀ ਆਪਣੇ ਉਸਤਾਦ ਤੋਂ ਕਵਿਤਾ ਵਿਚ ਬਹੁਤ ਅਗੇ ਲੰਘ ਗਿਆ ਹੈ । 'ਤੀਰ' ਉਤੇ ਸ਼ਰਫ ਵਾਂਗ ਫਾਰਸੀ, ਉਰਦੂ ਦਾ ਅਸਰ ਨਹੀਂ, ਨਾ ਹੀ ਮੁਸਲਮਾਨ ਰੋਮਾਂਸਿਕ ਪ੍ਰਭਾਵ ਹੈ । ਨਾ ਉਸਨੇ ਅੰਗਰੇਜ਼ੀ ਜਾਂ ਹਿੰਦੀ ਦਾ ਸਾਹਿਤ ਪੜ੍ਹਿਆ ਹੈ, ਇਸ ਲਈ ਤੀਰ ਦਾ ਢੰਗ, ਵਲਵਲਾ, ਸੋਚਣ ਢੰਗ ਅਤੇ ਵਰਣਨ ਢੰਗ ਸ਼ੁਧ-ਭਾਂਤ ਪੰਜਾਬੀ ਹੈ ਅਤੇ ਇਸੇ ਲਈ ਪੰਜਾਬੀ ਮਨਾਂ ਉਤੇ ਸਿਧਾ ਅਤੇ ਤੀਖਣ ਪ੍ਰਭਾਵ ਉਸਦੀ ਕਵਿਤਾ ਦਾ ਪੈਂਦਾ ਹੈ । ਤੀਰ ਨੇ ਕਵਿਤਾ ਨੂੰ ਵਾਰਸ ਸ਼ਾਹ ਦੇ ਬੈਂਤਾਂ ਜਾਂ ਮਿਰਜ਼ੇ ਦੀਆਂ ਸੱਦਾਂ ਦੀ ਧਾਰਨਾ ਵਿਚ ਕਵੀ ਦਰਬਾਰਾਂ ਵਿਚ ਗਾ ਕੇ ਪੜ੍ਹਨ ਦਾ ਰਿਵਾਜ ਤੋਰਿਆ । ਉਸਦੇ ਗਾਉਣ ਵਿਚ ਇਕ ਵਿਸ਼ੇਸ਼ ਜ਼ੋਰ ਹੁੰਦਾ ਸੀ ਜੋ ਪੰਜਾਬੀ ਦੀਆਂ ਲਗ ਭਗ ਸਾਰੀਆਂ ਪੁਰਾਤਨ ਧੁਨੀਆਂ ਵਿਚ ਦਿਸਦਾ ਹੈ । ਉਸਦੇ ਦ੍ਰਿਸ਼ਟਾਂਤਾਂ, ਅਲੰਕਾਰਾਂ ਅਤੇ ਬੋਲੀ ਸਭ ਵਿਚ ਵਿਸ਼ੇਸ਼ ਪੰਜਾਬੀ ਰੰਗ ਹੁੰਦਾ ਹੈ । ਇਸ ਲਈ ਉਸਦੀ ਰਚਨਾ ਵਿਚ ਪੰਜਾਬੀ ਮੁਹਾਵਰਿਆਂ ਦੀ ਜੜ੍ਹਤ ਅਤੇ ਸ਼ਬਦਾਂ ਦੇ ਅਨੁਪ੍ਰਾਸ ਉਸਦੇ ਕਵਿਤਾ ਵਿਚ ਆਏ ਵਲਵਲੇ ਨੂੰ ਬਹੁਤ ਚਮਕਾ ਦਿੰਦੇ ਹਨ । ਇਉਂ ਅਸੀਂ ਵੇਖਦੇ ਹਾਂ ਕਿ ਤੀਰ ਦੀ ਕਵਿਤਾ ਵਿਚ 'ਸ਼ਰਫ' ਵਾਲੀ ਜੜਤਕਾਰੀ ਤਾਂ ਹੈ ਪਰ ਉਹ ਜੜਤ ਫਾਰਸੀ ਦੀ ਥਾਂ ਪੰਜਾਬੀ ਰੰਗ ਦੀ ਹੈ । ਕਿਤੇ ਕਿਤੇ ਫਜ਼ਲ-ਸ਼ਾਹ ਅਤੇ ਹਮਦਮ ਵਾਂਗ ਉਹ ਇਕ ਇਕ ਸ਼ਬਦ ਨੂੰ ਵਾਰ ਵਾਰ ਵਰਤ ਕੇ ਨਾਦ ਉਤਪੰਨ ਕਰਦਾ ਹੈ ਪਰ ਉਹ ਹਮਦਮ ਵਾਂਗ ਖਾਹ ਮੁਖਾਹ ਖਿਚ ਧੂ ਕੇ ਅਜੇਹੇ ਸ਼ਬਦ ਨਹੀਂ ਵਰਤਦਾ ਅਤੇ ਓਪਰੇ ਅਰਥ ਨਹੀਂ ਕਢਦਾ ਹਾਂ, ਸ਼ਬਦ-ਚਮਤਕਾਰ ਦਾ ਸ਼ੌਕ ਤੀਰ ਨੂੰ ਵੀ ਹੈ ਪਰ ਉਸ ਦਾ ਇਹ ਸ਼ੌਕ ਓਪਰਾ ਨਹੀਂ ਜਾਪਦਾ । ਤੀਰ ਨੇ ਵੀ ਕਈ ਥਾਈਂ 'ਸ਼ਰਫ' ਵਾਂਗ ਕਵਿਤਾ ਨੂੰ ਉਤਮ ਪੁਰਖ ਦੀ ਕਹਾਣੀ ਨਾਲ ਹੀ ਅਰੰਭ ਕੀਤਾ ਹੈ ।[5]

'ਤੀਰ' ਜੀ ਨੂੰ ਸਟੇਜ ਤੇ ਗਾਉਂਦਿਆਂ ਵੇਖ ਕੇ ਸ੍ਰੋਤੇ ਕੀਲੇ ਜਾਂਦੇ ਸਨ । ਉਨ੍ਹਾਂ ਦੇ ਦੋ ਮਸ਼ਹੂਰ ਸਮਕਾਲੀ ਪੰਜਾਬੀ ਦਰਬਾਰੀ ਕਵੀ ਬਾਬੂ ਫੀਰੋਜ਼ਦੀਨ ਸ਼ਰਫ ਤੇ ਉਸਤਾਦ ਮੁਹੰਮਦ ਰਮਜ਼ਾਨ ਹਮਦਮ ਸਨ । ਇਨ੍ਹਾਂ ਦੋਵਾਂ ਨਾਲ ਆਪ ਦੀ ਛੇੜ-ਛਾੜ ਤੇ ਅਦਬੀ ਚੁੰਝਾਂ ਹੁੰਦੀਆਂ ਰਹਿੰਦੀਆਂ ਸਨ । ਬਾਬੂ ਫੀਰੋਜ਼ਦੀਨ ਸ਼ਰਫ ਨਾਲ ਤੀਰ ਜੀ ਦੇ 28 ਮੁਕਾਬਲੇ ਹੋਏ ਤੇ ਇਨ੍ਹਾਂ ਵਿਚ ਬਾਈ ਵਾਰੀ ਤੀਰ ਜੀ ਜਿਤੇ ਤੇ ਛੇ ਵਾਰੀ ਸ਼ਰਫ । ਪਰ ਉਦੋਂ ਤਕ ਵਿਧਾਤਾ ਸਿੰਘ ਤੀਰ ਕਵੀ ਦਰਬਾਰਾਂ ਵਿਚ ਸ਼ਰਫ ਨੂੰ ਮਾਤ ਪਾਉਣ ਲਗ ਪਿਆ ਸੀ । ਜੱਜਾਂ ਲਈ ਕਈ ਵਾਰ ਇਹ ਨਿਰਣਾ ਕਰਨਾ ਕਠਿਨ ਹੋ ਜਾਂਦਾ ਸੀ ਕਿ ਉਹ ਇਨ੍ਹਾਂ ਦੋਹਾਂ ਵਿਚੋਂ ਕਿਸ ਨੂੰ ਅਵਲ ਕਹਿਣ । ਤੀਰ ਦੀ ਕਵਿਤਾ ਸੰਬੰਧੀ ਸ. ਅਭੈ ਸਿੰਘ ਨੇ ਠੀਕ ਹੀ

ਲਿਖਿਆ ਹੈ ਕਿ ਉਹ ਉਨ੍ਹਾਂ ਉੱਚ ਉਡਾਰੀਆਂ ਮਾਰਨ ਵਾਲੇ ਕਵੀਸ਼ਰਾਂ ਵਿਚੋਂ ਹਨ ਜਿਨ੍ਹਾਂ ਦੀ ਰਚਨਾ ਪੜ੍ਹ ਕੇ ਜਾਂ ਸੁਣ ਕੇ ਦੁਨੀਆਂ ਦੇ ਟੋਇਆਂ ਟਿੱਬਿਆਂ ਵਿਚ ਫਸਿਆ ਮਨੁਖੀ ਦਿਲ ਆਪਣੀਆਂ ਜ਼ੰਜੀਰਾਂ ਤੋੜ ਕੇ ਗਗਨ ਮੰਡਲ ਵਿਚ ਉਡਾਰੀਆਂ ਲੈਂਦਾ ਹੈ ਅਤੇ ਅਨੁਭਵ ਕਰਦਾ ਹੈ ਕਿ ਮੇਰਾ ਹਡ, ਮਾਸ, ਚੰਮ ਦੇ ਥੈਲੇ ਤੋਂ ਪਰੇ ਅਰਸ਼ੀ ਤੱਤਾਂ ਦਾ ਬਣਿਆ ਹੋਇਆ ਹੈ। ਕਵੀ ਦਰਬਾਰਾਂ ਵਿਚ ਕਈ ਐਸੀਆਂ ਕਵਿਤਾਵਾਂ ਤੇ ਲੋਕੀ ਵਾਹ ਵਾਹ ਕਰਦੇ ਹਨ ਜਿਨ੍ਹਾਂ ਨੂੰ ਲਿਖਤ ਵਿਚ ਵੇਖਕੇ ਛੰਦਾ ਬੰਦੀ ਦੇ ਔਗੁਣ ਪਏ ਨਜ਼ਰ ਆਉਂਦੇ ਹਨ ਪਰ ਵਿਧਾਤਾ ਸਿੰਘ ਤੀਰ ਦੀ ਕਵਿਤਾ ਬਾਬਤ ਮੇਰਾ ਆਪਣਾ ਵਿਚਾਰ ਹੈ ਕਿ ਜਿਥੇ ਇਹ ਸੁੱਤਿਆਂ ਨੂੰ ਵਿੰਨਦੇ ਹਨ ਉਥੇ ਪਾਠਕਾਂ ਉਤੇ ਵੀ ਚੋਭਵੇਂ ਤੀਰ ਚਲਾਉਣ ਲਗਿਆਂ ਤਰਸ ਨਹੀਂ ਕਰਦੇ।[6] ਤੀਰ ਦੀ ਕਵਿਤਾ ਦੇ ਸਲਾਹੇ ਜਾਣ ਦਾ ਇਕ ਕਾਰਣ ਇਹ ਵੀ ਹੈ ਕਿ ਉਨ੍ਹਾਂ ਦੇ ਖਿਆਲ ਬੜੇ ਜੋਸ਼ੀਲੇ ਤੇ ਸੁਧਾਰਕ ਹੁੰਦੇ ਸਨ।

ਤੀਰ ਜੀ ਨੇ ਧਾਰਮਕ ਕਵੀ ਦਰਬਾਰਾਂ ਵਿਚ ਜੋ ਕਵਿਤਾਵਾਂ ਪੜ੍ਹੀਆਂ, ਉਨ੍ਹਾਂ ਵਿਚੋਂ ਕੁਝ ਦਾ ਵੇਰਵਾ ਇਸ ਪ੍ਰਕਾਰ ਹੈ। ਉਨ੍ਹਾਂ ਨੇ "ਪਿਆਰਾ ਗੁਰੂ ਨਾਨਕ" ਕਵਿਤਾ ਰਾਵਲਪਿੰਡੀ ਵਿਖੇ 1924 ਦੇ ਕਵੀ ਦਰਬਾਰ ਵਿਚ ਪੜ੍ਹੀ ਤੇ ਪਹਿਲੇ ਦਰਜੇ ਦਾ ਇਨਾਮ ਪ੍ਰਾਪਤ ਕੀਤਾ। ਇਸ ਵਿਚ ਤੀਰ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਨੂੰ ਦਰਸਾਉਂਦੇ ਹੋਏ ਕਿਹਾ ਹੈ ਕਿ ਕਵੀ ਨੇ ਵੀ ਉਸੇ ਦੇ ਦਰ ਤੋਂ ਹੀ ਸ਼ਕਤੀ ਪਾਈ ਹੈ।

'ਅਮ੍ਰਿਤ ਧਿਆਲ ਕੇ' ਨਾਂ ਦੀ ਕਵਿਤਾ ਪੋਹ ਸੁਦੀ ਸਤਵੀਂ 1925 ਦੇ ਲਾਇਲਪੁਰ ਕਵੀ ਦਰਬਾਰ ਵਿਚ ਪੜ੍ਹੀ। ਪਹਿਲਾਂ ਇਸ ਕਵਿਤਾ ਵਿਚ ਦਸਮ ਪਾਤਸ਼ਾਹ ਦੀ ਪੰਜ ਪਿਆਰਿਆਂ ਦੀ ਚੋਣ ਬਾਰੇ ਲਿਖਿਆ ਹੈ ਕਿ ਕਿਵੇਂ ਆਪ ਨੇ ਉਹਨਾਂ ਨੂੰ ਆਪਣੇ ਹੱਥੀਂ ਤਿਆਰ ਕਰਕੇ ਵੈਰੀ ਨੂੰ ਮਾਰਨ ਲਈ ਤੋਰਿਆ। ਇਸ ਕਵਿਤਾ ਲਈ ਤੀਰ ਜੀ ਨੂੰ ਦੂਜੇ ਦਰਜੇ ਦਾ ਇਨਾਮ ਮਿਲਿਆ।

ਪੋਹ ਸੁਦੀ ਸਤਵੀਂ 1976 ਦੇ ਲਾਇਲਪੁਰ ਕਵੀ ਦਰਬਾਰ ਵਿਚ ਆਪਣੇ 'ਤੋੜ ਦਿੱਤੇ' ਨਾਂ ਦੀ ਕਵਿਤਾ ਪੜ੍ਹੀ। ਜਿਸ ਵਿਚ ਕਵੀ ਦਸਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸੰਸਾਰ ਵਿਚ ਆ ਕੇ ਹਨੇਰਾ ਦੂਰ ਕਰ ਦਿਤਾ, ਏਕਤਾ ਦਾ ਬੀਜ ਬੀਜਿਆ ਤੇ ਚਾਰੇ ਪਾਸੇ ਚਾਨਣਾ ਖਿਲਾਰ ਦਿਤਾ। ਇਸ ਕਵਿਤਾ ਲਈ ਵੀ ਆਪ ਨੂੰ ਇਨਾਮ ਮਿਲਿਆ।

ਇਸ ਤਰ੍ਹਾਂ ਆਪ ਨੂੰ ਹਰ ਗੁਰਪੁਰਬ ਉਤੇ ਕੋਈ ਨ ਕੋਈ ਧਾਰਮਿਕ ਕਵਿਤਾ ਲਿਖ ਕੇ ਬੋਲਣ ਦੀ ਚੇਟਕ ਲਗੀ ਹੋਈ ਸੀ। 1927 ਵਿਚ ਖਾਨੇਵਾਲ ਦੇ ਕਵੀ ਦਰਬਾਰ ਵਿਚ ਆਪ ਨੇ 'ਮੂਸਾ ਢੂੰਡਦਾ ਫਿਰੇ ਕੋਹਤੂਰ ਐਵੇਂ' ਨਾਮੀ ਕਵਿਤਾ ਪੜ੍ਹੀ ਜਿਸ ਵਿਚ ਆਪ ਨੇ ਲੋਕਾਂ ਨੂੰ ਦਸਿਆ ਕਿ ਪਰਮਾਤਮਾ ਸਾਡੇ ਬਹੁਤ ਨੇੜੇ ਵਸਦਾ ਹੈ। ਉਸਨੂੰ ਲਭਣ ਲਈ ਲੋਕੀ ਐਵੇਂ ਤੁਰੇ ਫਿਰਦੇ ਹਨ। ਉਹ ਤਾਂ ਸਰਬ-ਵਿਆਪਕ ਹੈ, ਸਿਰਫ ਦੂਈ ਦਾ ਪਰਦਾ ਪਾੜਨ ਦੀ ਲੋੜ ਹੈ ਤੇ ਉਹ ਝੱਟ ਨਜ਼ਰੀ ਪੈ ਜਾਏਗਾ :

ਭੰਬਲ ਭੂਸਿਆਂ ਦੇ ਤੀਰ ਖਾ ਖਾ ਕੇ
ਭਟਕ ਭਟਕ ਹੁੰਦਾ ਚਕਨਾ ਚੂਰ ਐਵੇਂ
ਆਪਣੇ ਆਪ ਅੰਦਰ ਝਾਤੀ ਮਾਰਦਾ ਨਾਹੀਂ

ਮੂਸਾ ਢੂੰਡਦਾ ਫਿਰੇ ਕੋਹਤੂਰ ਐਵੇਂ ।[7]

ਇਸ ਕਵਿਤਾ ਨੇ ਸਰੋਤਿਆਂ ਨੂੰ ਬਹੁਤ ਪ੍ਰਭਾਵਿਤ ਕੀਤਾ ਸੀ ਤੇ ਉਹ ਅਸ਼ ਅਸ਼ ਕਰ ਉਠੇ ਸਨ। ਇਸ ਕਵਿਤਾ ਲਈ ਤੀਰ ਜੀ ਨੂੰ ਦੂਜੇ ਦਰਜੇ ਦਾ ਇਨਾਮ ਮਿਲਿਆ ਸੀ ।

ਫਿਰ ਉਨ੍ਹਾਂ 1929 ਦੇ ਖਾਨੇਵਾਲ ਦੇ ਕਵੀ ਦਰਬਾਰ ਵਿਚ 'ਦੀਦਾਰ ਦੀ ਸਿੱਕ' ਨਾਮੀ ਕਵਿਤਾ ਪੜ੍ਹੀ ਜਿਸ ਵਿਚ ਪਰਮਾਤਮਾ ਦੇ ਦਰਸ਼ਨਾਂ ਦੀ ਡੂੰਘੀ ਤਾਂਘ ਨੂੰ ਪੇਸ਼ ਕੀਤਾ :

ਤੈਥੋਂ ਵਿਛੜੀ ਰਾਤ ਦਿਨ ਜਾਨ ਮੇਰੀ
ਸੱਟਾ ਡਾਢੀਆਂ ਤੀਰ ਸਹਾਰਦੀ ਏ ।
ਮੈਨੂੰ ਆਪਣੇ ਆਪ ਵਿਚ ਲੀਨ ਕਰ ਲੈ,
ਮੈਨੂੰ ਸਹੁੰ ਮੇਰੇ ਪ੍ਰੇਮ ਪਿਆਰ ਦੀ ਏ ।[8]

ਇਸ ਕਵਿਤਾ ਲਈ ਆਪ ਨੂੰ ਪਹਿਲੇ ਦਰਜੇ ਦਾ ਇਨਾਮ ਮਿਲਿਆ ਸੀ। ਆਪ ਨੇ 1928 ਦੇ ਸਰਗੋਧਾ ਕਵੀ ਦਰਬਾਰ ਵਿਚ ਪਰਮ ਪੂੰਜ ਗੁਰੂ ਅਰਜਨ ਦੇਵ ਜੀ ਬਾਰੇ ਕਵਿਤਾ ਪੜ੍ਹੀ, ਜਿਸ ਵਿਚ ਗੁਰੂ ਜੀ ਦੀ ਸ਼ੋਭਾ ਪੇਸ਼ ਕੀਤੀ। ਇਸ ਕਵਿਤਾ ਲਈ ਵੀ ਆਪ ਨੂੰ ਪਹਿਲਾ ਇਨਾਮ ਪ੍ਰਾਪਤ ਹੋਇਆ। ਇਸ ਤਰ੍ਹਾਂ ਆਪ ਨੇ ਵੱਖ ਵੱਖ ਗੁਰਪੁਰਬਾਂ ਤੇ ਹੋਏ ਕਵੀ ਦਰਬਾਰਾਂ ਵਿਚ ਧਾਰਮਕ ਵਿਚਾਰਾਂ ਨੂੰ ਹਰ ਨੁਕਤੇ ਤੋਂ ਸ੍ਰੋਤਿਆਂ ਦੀ ਦ੍ਰਿਸ਼ਟੀਗੋਚਰ ਕੀਤਾ, ਇਨਾਮ ਪ੍ਰਾਪਤ ਕੀਤੇ ਤੇ ਕਵੀ ਦਰਬਾਰਾਂ ਦਾ ਅਨਿਖੜਵਾਂ ਅੰਗ ਬਣ ਗਏ।

ਇਸ ਤੋਂ ਇਲਾਵਾ ਤੀਰ ਜੀ ਨੇ ਭਾਈਚਾਰਕ ਵਿਸ਼ਿਆਂ ਤੇ ਵੀ ਕਵਿਤਾਵਾਂ ਲਿਖਕੇ ਕਵੀ ਦਰਬਾਰਾਂ ਵਿਚ ਬੋਲੀਆਂ। ਉਨ੍ਹਾਂ ਨੇ ਰਾਵਲਪਿੰਡੀ ਦੇ ਸੀਤਲ ਕਵੀ ਦਰਬਾਰ ਵਿਚ 'ਗ੍ਰਹਿਸਤ ਨਿਰਬਾਹ' ਨਾਮੀ ਕਵਿਤਾ ਪੜ੍ਹੀ। ਇਸ ਵਿਚ ਕਵੀ ਕਹਿੰਦਾ ਹੈ ਕਿ ਪਤੀ ਤੇ ਪਤਨੀ ਵਿਚ ਪਰਸਪਰ ਪ੍ਰੇਮ ਚਾਹੀਦਾ ਹੈ, ਉਹ ਇਕ ਦੂਜੇ ਲਈ ਜੀਣ ਤੇ ਮਰਨ, ਉਹ ਏਕ ਜੋਤਿ ਦੋਇ ਮੂਰਤੀ ਹੋਏ ਹੋਏ ਹੋਣ। ਆਪ ਲਿਖਦੇ ਹਨ :

ਨਾਰ ਸਤੀ ਪਤੀ ਬ੍ਰਤੀ ਪ੍ਰੇਮ-ਰਤੀ,
ਪਤੀ ਜਤੀ ਸਤੀ ਬਚਨ ਪਾਲ ਹੋਵੇ ।
ਏਕ ਜੋਤ ਦੋ ਮੂਰਤੀ ਹੋਣ ਕੱਠੇ,
ਪਹੀਏ ਰੱਥ ਵਾਂਗੂ ਇਕ ਚਾਲ ਹੋਵੇ ।[9]

ਆਪ ਨੇ ਸ਼ਰਾਬ ਪੀਣ ਦੇ ਨੁਕਸਾਨ ਦਸਣ ਲਈ ਕਵਿਤਾਵਾਂ ਲਿਖਕੇ ਸਟੇਜ ਤੇ ਬੋਲੀਆਂ। ਫਿਰ ਆਪ ਨੇ ਫਜ਼ੂਲ ਖਰਚ ਰੋਕਣ ਲਈ ਕੁਝ ਕਵਿਤਾਵਾਂ ਲਿਖਕੇ ਸਟੇਜ ਤੇ ਪੜ੍ਹੀਆਂ। ਇਹਨਾਂ ਤੋਂ ਇਲਾਵਾ ਬਾਲ ਵਿਧਵਾ ਦੇ ਹਉਕੇ, ਦੁਖਿਆਰੀ ਕੈਦਣ, ਵੱਡੇ ਨੱਕ ਵਾਲੀ, ਸੁਹੰਢਣਾ ਦਾਜ, ਵਕੀਲ ਦੀ ਮਾਂ, ਗਰੀਬ ਹਾਲੀ ਆਦਿ ਕਵਿਤਾਵਾਂ ਵੀ ਵਰਣਨ ਯੋਗ ਹਨ ਜੋ ਆਪ ਨੇ ਵੱਖ ਵੱਖ ਸਟੇਜਾਂ ਤੇ ਬੋਲੀਆਂ ਤੇ ਇਨਾਮ ਪ੍ਰਾਪਤ ਕੀਤੇ। ਆਪ ਦੀ ਸਮਾਜ-ਸੁਧਾਰ ਦੇ ਮਨੋਰਥ ਤੋਂ ਲਿਖੀਆਂ ਕਵਿਤਾਵਾਂ ਦੀ ਗਿਣਤੀ ਕਾਫੀ ਮਾਤ੍ਰਾ ਵਿਚ ਪ੍ਰਾਪਤ ਹੈ।

ਸਟੇਜਾਂ ਤੇ ਕਵੀ ਦਰਬਾਰਾਂ ਵਿਚ ਏਨੀ ਹਲਚਲ ਪੈਦਾ ਕਰਨ ਤੋਂ ਮਗਰੋਂ ਇਕ ਸਮਾਂ ਉਹ ਵੀ ਆਇਆ ਜਦੋਂ ਤੀਰ ਇਨ੍ਹਾਂ ਤੋਂ ਕੰਨੀ ਕਤਰਾਉਣ ਲਗਾ ਤੇ ਉਹ ਖਾਮੋਸ਼ੀ

ਨਾਲ ਰਚਨਾ ਕਰਨ ਦਾ ਵਧੇਰੇ ਇਛੁਕ ਬਣ ਗਿਆ। ਤੇਜਾ ਸਿੰਘ ਸਾਬਰ[10] ਦੇ ਸ਼ਬਦਾਂ ਵਿਚ ਵਿਧਾਤਾ ਸਿੰਘ ਤੀਰ ਬਹੁਤ ਸਫਲ ਸਟੇਜੀ ਕਵੀ ਸੀ ਪਰ ਉਸ ਦੀ ਕਲਾ ਸਟੇਜਾਂ ਜਾਂ ਕਵੀ ਦਰਬਾਰਾਂ ਤਕ ਹੀ ਸੀਮਿਤ ਨਹੀਂ ਸੀ ਉਹ ਸਾਹਿਤਿਕ ਤੌਰ ਤੇ ਵੀ ਸ੍ਰੇਸ਼ਠ ਕਵੀ ਸੀ। ਸ.ਸ. ਅਮੋਲ ਅਨੁਸਾਰ "ਇਸ ਤੋਂ ਪਤਾ ਲਗਦਾ ਹੈ ਕਿ ਉਹ ਜਨ ਸਮਾਗਮ ਦਾ ਸਫਲ ਕਵੀ ਹੋਣ ਦੇ ਨਾਲ ਨਾਲ ਵਿਚਾਰਵਾਨ ਤੇ ਸੂਝਵਾਨ ਪਾਠਕਾਂ ਦਾ ਕਵੀ ਵੀ ਹੈ। ਉਹ ਵੀ ਆਧੁਨਿਕ ਤਜਰਬੇ ਕਰਦਾ ਹੈ ਅਤੇ ਜਿਵੇਂ ਉਪਰ ਦਸਿਆ ਹੈ ਉਹ ਕਿੱਸੇ ਅਤੇ ਇਤਿਹਾਸਕ ਕਾਵਿ ਆਦਿ ਲਿਖਣ ਵਿਚ ਵੀ ਬੜਾ ਸਫਲ ਰਹਿਆ ਹੈ। ਉਸ ਦੀਆਂ ਕਵਿਤਾਵਾਂ ਵਿਚੋਂ ਹਾਸ ਰਸ ਅਤੇ ਸ਼ਿੰਗਾਰ ਰਸ ਦੇ ਨਮੂਨੇ ਵੀ ਮਿਲ ਜਾਂਦੇ ਹਨ ਅਤੇ ਕਈ ਥਾਈਂ ਕੁਦਰਤ ਦੇ ਕੁਝ ਨਮੂਨੇ ਲੈ ਕੇ ਆਪਣੀ ਕਵਿਤਾ ਦਾ ਉਸਨੇ ਚਮਤਕਾਰ ਵਿਖਾਇਆ ਹੈ।"[11]

ਵਿਧਾਤਾ ਸਿੰਘ ਤੀਰ ਦੀ ਕਵਿਤਾ ਸਗੋਂ ਇਹ ਸਿੱਧ ਕਰਦੀ ਹੈ ਕਿ ਪੰਜਾਬੀ ਦੀ ਸਟੇਜੀ ਕਵਿਤਾ ਵੀ ਕਿਸੇ ਤਰ੍ਹਾਂ ਘਟ ਮਹੱਤਵਪੂਰਨ ਨਹੀਂ। ਇਸਨੂੰ ਬਾਕੀ ਦੀ ਸਾਹਿਤਕ ਕਵਿਤਾ ਦੇ ਮੁਕਾਬਲੇ ਤੇ ਰਖਿਆ ਜਾ ਸਕਦਾ ਹੈ। ਇਸ ਵਿਚ ਬਾਕੀ ਦੀ ਸਾਹਿਤਕ ਕਵਿਤਾ ਵਾਂਗ ਹੀ ਡੂੰਘਾਈ ਮੌਜੂਦ ਹੈ, ਕੇਵਲ ਵਕਤੀ ਤੇ ਸਤੱਈ ਗੱਲਾ ਹੀ ਨਹੀਂ ਹਨ। ਸਟੇਜੀ ਕਵਿਤਾ ਵਿਚ ਸਗੋਂ ਇਕ ਵਾਧਾ ਨਜ਼ਰ ਆਉਂਦਾ ਹੈ, ਉਹ ਇਹ ਕਿ ਇਸ ਵਿਚ ਕਵੀ ਖੁਦ ਮੰਚ ਉਤੇ ਸਰੋਤਿਆਂ ਦੇ ਸਾਹਮਣੇ ਮੌਜੂਦ ਹੁੰਦਾ ਹੈ। ਉਹ ਕਵਿਤਾ ਪੜ੍ਹਦਾ ਵੀ ਹੈ ਤੇ ਆਪਣੇ ਅੰਗਾਂ ਤੇ ਹਾਵਾਂਭਾਵਾਂ ਦੀ ਵਰਤੋਂ ਨਾਲ ਸਰੋਤਿਆਂ ਨੂੰ ਪ੍ਰਭਾਵਤ ਵੀ ਕਰਦਾ ਹੈ। ਉਸਦਾ ਸੰਬੋਧਨ ਸਿੱਧਾ ਜਿਉਂਦੇ ਜਾਗਦੇ ਸਰੋਤਿਆਂ ਤੇ ਹੁੰਦਾ ਹੈ ਤੇ ਇਸ ਸਮੇਂ ਕਵੀ ਤੇ ਸਰੋਤਿਆਂ ਵਿਚ ਬੜਾ ਸਜੀਵ ਸੰਪਰਕ ਦਿਖਾਈ ਦੇਂਦਾ ਹੈ। ਇਸ ਵਿਚ ਹੀ ਸਟੇਜੀ ਕਵਿਤਾ ਦਾ ਬਹੁਤਾ ਪ੍ਰਭਾਵ ਵੀ ਲੁਕਿਆ ਹੁੰਦਾ ਹੈ। ਇਸ ਤਰ੍ਹਾਂ ਸਟੇਜੀ ਕਵਿਤਾ ਵਿਚ ਇਕ ਪਾਸੇ ਸਾਹਿਤਕਤਾ ਦਾ ਮਿਆਰ ਵੀ ਕਾਇਮ ਕੀਤਾ ਜਾਂਦਾ ਹੈ। ਇਸ ਨਾਲ ਸਟੇਜੀ ਕਵਿਤਾ ਸਗੋਂ ਦੂਹਰੀ ਵਿਸ਼ੇਸ਼ਤਾ ਦੀ ਮਾਲਕ ਹੋ ਜਾਂਦੀ ਹੈ।

ਵਿਧਾਤਾ ਸਿੰਘ ਤੀਰ ਇਕ ਲੰਮੇ ਅਰਸੇ ਤਕ ਪੰਜਾਬੀ ਦੀ ਸਟੇਜੀ ਕਵਿਤਾ ਨਾਲ ਸੰਬੰਧਤ ਰਿਹਾ ਹੈ। ਸਮੇਂ ਦੇ ਇਤਿਹਾਸ ਵਿਚ ਉਸਨੇ ਸਮੇਂ ਦੀਆਂ ਸਥਿਤੀਆਂ ਨਾਲ ਸੰਬੰਧਿਤ ਵੱਖ ਵੱਖ ਥੀਮ ਛੋਹੇ ਅਤੇ ਕਈ ਤਰ੍ਹਾਂ ਦੇ ਕਾਵਿ ਰੂਪਾਂ ਤੇ ਕਾਵਿ-ਜੁਗਤਾਂ ਦੀ ਵਰਤੋਂ ਕੀਤੀ। ਇਸ ਪਖੋਂ ਵੀ ਉਸਦੀ ਕਵਿਤਾ ਵਿਲੱਖਣ ਕਾਵਿ ਗੁਣਾਂ ਦੀ ਸੂਚਕ ਹੈ, ਜੋ ਸਟੇਜ ਦੇ ਪਖੋਂ ਬੇਮਿਸਾਲ ਕਹੇ ਜਾ ਸਕਦੇ ਹਨ। ਵਿਧਾਤਾ ਸਿੰਘ ਤੀਰ ਦੀ ਕਵਿਤਾ ਵਿਚ ਸਾਨੂੰ ਲੋਕ ਨੇੜ੍ਹਤਾ ਦਾ ਪੱਖ ਖਾਸ ਤੌਰ ਤੇ ਦਿਖਾਈ ਦੇਂਦਾ ਹੈ। ਜਿਥੇ ਉਹ ਸਰੋਤਿਆਂ ਦੇ ਭਾਵਾਂ ਦੇ ਅਨੁਕੂਲ ਸ਼ਬਦਾਵਲੀ ਅਤੇ ਕਲਾ ਜੁਗਤਾਂ ਦੀ ਵਰਤੋਂ ਕਰਦਾ ਹੈ। ਕਵਿਤਾ ਵਿਚ ਰੋਚਕਤਾ ਲਿਆਉਣ ਲਈ ਅਤੇ ਸਰੋਤਿਆਂ ਨਾਲ ਡੂੰਘੀ ਨੇੜਤਾ ਬਣਾਉਣ ਲਈ ਤੀਰ ਦੀ ਕਵਿਤਾ ਵਿਚ ਲੋੜ ਅਨੁਸਾਰ ਮੁਹਾਵਰੇ ਤੇ ਅਖਾਣਾਂ ਦੀ ਵਰਤੋਂ ਕੀਤੀ ਗਈ ਹੈ, ਜੋ ਆਮ ਲੋਕਾਂ ਵਿਚ ਪ੍ਰਚਲਿਤ ਤੇ ਪ੍ਰਸਿਧ ਸਨ।

ਸਟੇਜੀ ਕਵਿਤਾ ਵਿਚ ਅਲੰਕਾਰਾਂ, ਬਿੰਬਾਂ, ਸੰਕੇਤਾਂ ਅਤੇ ਛੰਦਾਂ ਦਾ ਵਿਸ਼ੇਸ਼ ਸਥਾਨ ਹੁੰਦਾ ਹੈ ਕਿਉਂਕਿ ਇਹ ਜੁਗਤਾਂ ਸਰੋਤਿਆਂ ਤਕ ਭਾਵਾਂ ਨੂੰ ਪਹੁੰਚਾਉਣ ਵਿਚ ਬੜੀਆਂ

ਸਹਾਇਕ ਹੁੰਦੀਆਂ ਹਨ ਅਤੇ ਕਵਿਤਾ ਦੇ ਰਸ ਵਿਚ ਵੀ ਵੱਡਾ ਵਾਧਾ ਕਰਦੀਆਂ ਹਨ।

'ਤੀਰ' ਦੀ ਕਵਿਤਾ ਵਿਚ ਚਿਤਰ ਸਿਰਜਨ ਤੇ ਦ੍ਰਿਸ਼ ਵਰਣਨ ਦੀ ਕਲਾ ਬੜੇ ਖੂਬਸੂਰਤ ਰੂਪ ਵਿਚ ਨਜ਼ਰ ਆਉਂਦੀ ਹੈ। ਇਸੇ ਲਈ ਅਸੀਂ ਦੇਖਦੇ ਹਾਂ ਕਿ ਸਮਕਾਲੀ ਸਟੇਜੀ ਕਵੀਆਂ ਵਿਚ ਤੀਰ ਕਾਫੀ ਸ੍ਰੇਸ਼ਠ ਤੇ ਪ੍ਰਭਾਵਸ਼ਾਲੀ ਸੀ।

'ਤੀਰ' ਦੀ ਸਟੇਜੀ ਕਵਿਤਾ ਦਾ ਇਕ ਜ਼ਰੂਰੀ ਪੱਖ ਇਸਦਾ ਲੋਕ ਮੁਹਾਵਰਾ ਤੇ ਲੋਕ ਬੋਲੀ ਦੀ ਵਰਤੋਂ ਹੈ। ਉਸਨੇ ਆਪਣੇ ਵਿਸ਼ਿਆਂ ਦਾ ਨਿਭਾਅ ਆਮ ਸਰੋਤਿਆਂ ਦੇ ਪੱਧਰ ਅਨੁਸਾਰ ਕੀਤਾ ਹੈ। ਸਟੇਜੀ ਕਵਿਤਾ ਵਿਚ ਭਾਵੇਂ ਕਵੀ ਸਰੋਤਿਆਂ ਦੇ ਸਾਹਮਣੇ ਹੁੰਦਾ ਹੈ ਪਰ ਸ਼ਬਦਾਵਲੀ ਤੇ ਭਾਸ਼ਾ ਦੀ ਸ਼ਕਤੀ ਰਾਹੀਂ ਹੀ ਉਸਨੇ ਆਪਣੇ ਸਰੋਤਿਆਂ ਨੂੰ ਕੀਲਣਾ ਹੁੰਦਾ ਹੈ। ਇਸ ਸਮੇਂ ਲੋਕ ਭਾਸ਼ਾ ਤੇ ਸਾਹਿਤਕ ਭਾਸ਼ਾ ਇਕਮਿਕ ਹੋ ਕੇ ਸਰੋਤਿਆਂ ਦੇ ਮਨੋਭਾਵਾਂ ਨੂੰ ਟੁੰਬਦੇ ਹਨ। ਸਟੇਜੀ ਕਵਿਤਾ ਦੇ ਸਰੋਤੇ ਕਿਉਂਕਿ ਆਮ ਲੋਕ ਹੁੰਦੇ ਹਨ ਇਸ ਲਈ ਇਸਦੀ ਭਾਸ਼ਾ ਵੀ ਸਾਧਾਰਣ ਲੋਕਾਂ ਦੀ ਪਕੜ ਵੀ ਆਉਣ ਵਾਲੀ ਹੁੰਦੀ ਹੈ। 'ਤੀਰ' ਦੀ ਕਵਿਤਾ ਦੀ ਭਾਸ਼ਾ ਦੀ ਨੁਹਾਰ ਲੋਕ ਪੱਖੀ ਹੈ। ਉਸਨੇ ਲੋਕਾਂ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਜਜ਼ਬਿਆਂ ਨੂੰ ਲੋਕਾਂ ਦੀ ਆਮ ਬੋਲੀ ਵਿਚ ਹੀ ਪੇਸ਼ ਕੀਤਾ ਹੈ। ਉਸਦੇ ਕਈ ਗੀਤ ਤਾਂ ਲੋਕ ਗੀਤਾਂ ਦੇ ਬਹੁਤ ਨੇੜੇ ਪਹੁੰਚ ਜਾਂਦੇ ਹਨ :

ਵਾਹ ਵਾਹ, ਰੂਪ ਤੇਰਾ ਏ ਸੱਜਦਾ।
ਜੱਟ ਵੀ ਤਕ ਤਕ, ਕੇ ਨਹੀਂ ਰੱਜਦਾ।
ਨੀ ਫੁਲ-ਪਰੀਏ, ਜੋਬਨ-ਭਰੀਏ।
ਕੀ ਕਰਦੀ ਏ ? ਮਹਿਕੀ- ਠਰੀਏ।
ਬਿਨ ਪੁਛਿਆਂ ਖੋਹ ਕੇ ਟੁਰ ਪਈਏ
ਭੋਲੇ ਜੱਟ ਦਾ ਸਾਰਾ।
ਨੀ ਪੀਲੀ ਪੀਲੀ ਚੁੰਨੀ ਵਾਲੀਏ।[12]

ਤੀਰ ਦੀ ਭਾਸ਼ਾ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਮਾਝੀ ਬੋਲੀ ਉਪਰ ਬੜਾ ਅਧਿਕਾਰ ਰਖਦਾ ਸੀ। ਉਸਨੇ ਭਾਵੇਂ ਕਈ ਸੋਮਿਆਂ ਤੋਂ ਸ਼ਬਦਾਂ ਦੀ ਵਰਤੋਂ ਕੀਤੀ ਪਰ ਉਸਦੀ ਕਾਵਿ ਰਚਨਾ ਦਾ ਠੇਠ ਤੇ ਸਾਹਿਤਕ ਮੁਹਾਵਰਾ ਉਸਨੂੰ ਬਾਕੀਆਂ ਨਾਲੋਂ ਵਿਸ਼ੇਸ਼ ਤੇ ਵਿਲੱਖਣ ਬਣਾਉਂਦਾ ਸੀ। ਉਹ ਪੇਂਡੂ ਤੇ ਸ਼ਹਿਰੀ ਦੋਹਾਂ ਦੇ ਮੁਹਾਵਰੇ ਤੋਂ ਚੰਗੀ ਤਰ੍ਹਾਂ ਪਰਿਚਿਤ ਸੀ।

ਟਿਪਣੀਆਂ ਤੇ ਹਵਾਲੇ

1. ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 213
2. ਉਹੀ, ਪੰਨਾ 554 ਤੋਂ ਉਧ੍ਰਿਤ
3. ਤੇਜਾ ਸਿੰਘ ਸਾਬਰ, ਜਗਦੀਆਂ ਜੋਤਾਂ, ਪੰਨਾ 2 ਤੋਂ ਉਧ੍ਰਿਤ
4. ਅਣੀਆਂ, ਭੂਮਿਕਾ, ਪੰਨਾ 6-7
5. ਪੰਜਾਬੀ ਸਾਹਿਤ ਵਿਚਾਰ, ਪੰਨਾ 132
6. ਉਹੀ, ਪੰਨਾ 131 ਤੋਂ ਉਧ੍ਰਿਤ
7. ਅਣਿਆਲੇ ਤੀਰ, ਪੰਨਾ 18

8. ਉਹੀ, ਪੰਨਾ 14
9. ਅਣਿਆਲੇ ਤੀਰ, ਪੰਨਾ 117
10. ਤੇਜਾ ਸਿੰਘ ਸਾਬਰ, ਜਗਦੀਆਂ ਜੋਤਾਂ, ਪੰਨਾ 22
11. ਪੰਜਾਬੀ ਸਾਹਿਤ ਵਿਚਾਰ, ਪੰਨਾ 153
12. ਗੂੰਗੇ ਗੀਤ, ਪੰਨਾ 42

5

ਤੀਰ ਦੀ ਕਵਿਤਾ ਵਿਚ ਪੰਜਾਬੀ ਸਭਿਆਚਾਰ ਅਤੇ ਲੋਕ ਤੱਤ

ਤੀਰ ਦੀ ਕਵਿਤਾ ਪੰਜਾਬੀ ਸਾਹਿਤ, ਭਾਸ਼ਾ ਅਤੇ ਸਭਿਆਚਾਰ ਦੇ ਅਮੀਰ ਵਿਰਸੇ ਨਾਲ ਸੰਬੰਧਿਤ ਹੈ। ਉਸਦੀ ਕਵਿਤਾ ਵਿਚ ਪੰਜਾਬੀ ਲੋਕਾਂ ਦੀਆਂ ਭਾਵਨਾਵਾਂ ਨੂੰ ਬਹੁਤ ਨੇੜਿਉਂ ਹੋ ਕੇ ਪ੍ਰਗਟਾਇਆ ਗਿਆ ਹੈ ਤੇ ਇਸ ਵਿਚ ਸਮੇਂ ਦੇ ਬਦਲਦੇ ਹੋਏ ਸਭਿਆਚਾਰਕ ਰੰਗ ਵੀ ਪੇਸ਼ ਹੋਏ ਹਨ। ਪੰਜਾਬ ਦਾ ਸਭਿਆਚਾਰ ਤੇ ਪੰਜਾਬ ਦਾ ਇਤਿਹਾਸ ਤੀਰ ਦੀ ਕਵਿਤਾ ਦੇ ਮਨ ਭਾਉਂਦੇ ਵਿਸ਼ੇ ਰਹੇ ਹਨ। 'ਤੀਰ' ਦੀ ਕਵਿਤਾ ਦਾ ਪਿਛੋਕੜ ਸਿੱਖ ਗੁਰੂਆਂ ਦੀ ਪਾਵਨ ਛੋਹ, ਪੰਜਾਬ ਦੇ ਲੋਕਾਂ ਦੀ ਸੂਰਬੀਰਤਾ, ਪੰਜਾਬ ਦੀਆਂ ਬੀਰ ਨਾਇਕਾਵਾਂ ਅਤੇ ਅਲਬੇਲੇ ਗਭਰੂਆਂ ਦੀਆਂ ਸਧਰਾਂ ਤੇ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਉਸ ਨੇ ਪੰਜਾਬ ਦੇ ਲੋਕਾਂ ਦੀ ਬਹਾਦਰੀ ਦੇ ਨਾਲ ਨਾਲ ਪਿਆਰ ਅਤੇ ਕੁਰਬਾਨੀ ਤੇ ਦੇਸ਼ ਉਸਾਰੀ ਦੇ ਪੱਖਾਂ ਨੂੰ ਖਾਸ ਤੌਰ ਤੇ ਪੇਸ਼ ਕੀਤਾ ਹੈ।

'ਤੀਰ' ਦੀ ਕਵਿਤਾ ਵਿਚ ਸਾਂਝਾ ਪੰਜਾਬੀ ਸਭਿਆਚਾਰ ਧੜਕਦਾ ਹੋਇਆ ਸੁਣਾਈ ਦੇਂਦਾ ਹੈ। ਜਿਸ ਦੇ ਮਗਰ ਭਾਵੇਂ ਕਈ ਵੱਖ ਵੱਖ ਸ਼ਕਤੀਆਂ ਕਾਰਜ ਕਰਦੀਆਂ ਹੋਈਆਂ ਨਜ਼ਰ ਆਉਂਦੀਆਂ ਹਨ, ਪਰ 'ਤੀਰ' ਨੇ ਇਨ੍ਹਾਂ ਵਿਚੋਂ ਸਭ ਤੋਂ ਵੱਡਾ ਪ੍ਰਭਾਵ ਸਿੱਖ ਗੁਰੂ ਸਾਹਿਬਾਨ ਦੀ ਪਾਵਨ ਛੋਹ ਨੂੰ ਮੰਨਿਆ ਹੈ ਅਤੇ ਸਾਰੇ ਪੰਜਾਬ ਵਿਚ ਉਹਨਾਂ ਦੀਆਂ ਬਖਸ਼ਿਸ਼ਾਂ ਤੇ ਯੋਗਦਾਨ ਨੂੰ ਨਮਸਕਾਰ ਕੀਤਾ ਹੈ।

ਵਿਧਾਤਾ ਸਿੰਘ ਤੀਰ ਦੀ ਕਵਿਤਾ ਵਿਚ ਲੋਕ ਤੱਤਾਂ ਨੂੰ ਵਿਸ਼ੇਸ਼ ਤੌਰ ਤੇ ਸਥਾਨ ਮਿਲਿਆ ਹੈ। ਉਹ ਇਸ ਲਈ ਕਿ ਉਸ ਦੀ ਕਵਿਤਾ ਲੋਕ ਭਾਵਨਾਵਾਂ ਦੀ ਪ੍ਰਤੀਨਿਧਤਾ ਕਰਦੀ ਹੈ। ਉਹ ਲੋਕਾਂ ਦੀ ਮਾਨਸਿਕਤਾ ਨੂੰ ਅਨੁਭਵ ਕਰਕੇ ਕਵਿਤਾ ਵਿਚ ਪੇਸ਼ ਕਰਦਾ ਹੈ, ਇਸ ਲਈ ਉਸ ਦੀ ਕਵਿਤਾ ਲੋਕ ਚੇਤਨਾ ਨਾਲ ਇਕ ਸੁਰ ਹੈ ਅਤੇ ਪੰਜਾਬੀ ਜੀਵਨ ਤੇ ਸਭਿਆਚਾਰ ਦੀ ਭਰਪੂਰ ਝਲਕ ਪੇਸ਼ ਕਰਦੀ ਹੈ। ਵਿਧਾਤਾ ਸਿੰਘ ਤੀਰ ਨੇ ਲੋਕ ਧਰਮ ਅਤੇ ਲੋਕ ਸ਼ਰਧਾ ਬਾਰੇ ਵੀ ਬੜੀਆਂ ਸੁੰਦਰ ਕਵਿਤਾਵਾਂ ਲਿਖੀਆਂ ਹਨ। ਉਸ ਦੀ ਕਵਿਤਾ ਵਿਚ ਕਈ ਤਰ੍ਹਾਂ ਦੇ ਸੰਸਕਾਰਾਂ ਤੇ ਜੀਵਨ ਢੰਗਾਂ ਨੂੰ ਪੇਸ਼ ਹੀ ਨਹੀਂ ਕੀਤਾ ਗਿਆ ਸਗੋਂ ਕਈਆਂ ਥਾਵਾਂ ਤੇ ਕਰਮ ਕਾਂਡਾਂ, ਪਾਖੰਡਾਂ ਤੇ ਵਹਿਮਾਂ ਭਰਮਾਂ ਨੂੰ ਬੜੀ ਵਿਅੰਗਾਤਮਕ ਚੋਭ ਨਾਲ ਭੰਡਿਆ ਵੀ ਗਿਆ ਹੈ।। 'ਤੀਰ' ਦੀ ਕਵਿਤਾ ਵਿਚ ਲੋਕ ਭਾਸ਼ਾ, ਲੋਕ ਛੰਦ ਅਤੇ ਲੋਕ ਚੇਤਨਾ ਦਾ ਬੜਾ ਸਹਿਜ ਪ੍ਰਗਟਾਵਾ ਮਿਲਦਾ ਹੈ।

ਲੋਕ ਵਿਸ਼ਵਾਸ ਅਤੇ ਲੋਕ ਧਰਮ ਦਾ ਸਾਧਾਰਣ ਮਨੁੱਖੀ ਜੀਵਨ ਵਿਚ ਵਡਮੁੱਲਾ ਸਥਾਨ ਹੁੰਦਾ ਹੈ। ਲੋਕ ਧਰਮ ਦੀਆਂ ਰਹੁ-ਰੀਤਾਂ, ਪੂਜਾ ਪਾਠ ਦੀਆਂ ਵਿਧੀਆਂ, ਲੋਕ ਜੀਵਨ ਦਾ ਜ਼ਰੂਰੀ ਅੰਗ ਹਨ। ਲੋਕ ਧਰਮ ਅਤੇ ਲੋਕ ਜੀਵਨ ਦਾ ਆਪਸ ਵਿਚ ਡੂੰਘਾ

ਸੰਬੰਧ ਹੈ। ਲੋਕ ਜੀਵਨ ਦੇ ਲਗਭਗ ਹਰ ਪਹਿਲੂ ਵਿਚ ਲੋਕ ਧਰਮ ਭਾਵਨਾ ਕੰਮ ਕਰਦੀ ਹੋਈ ਦਿਖਾਈ ਦੇਂਦੀ ਹੈ। ਤੀਰ ਦੀ ਕਵਿਤਾ ਵਿਚ ਲੋਕ ਧਰਮ ਦੇ ਕਈ ਪੱਖ ਪੇਸ਼ ਹੋਏ ਹਨ।

ਪਹਿਲਾ ਪੱਖ ਉਹ ਹੈ ਜਿਥੇ ਤੀਰ ਦੇ ਵਿਚਾਰਾਂ ਵਿਚ ਰਬ, ਕਿਸਮਤ, ਸਵਰਗ ਨਰਕ, ਮੁਕਤੀ, ਪਰਮਾਰਥ, ਭਾਣਾ, ਹੁਕਮ, ਪਰਲੋਕ ਆਦਿ ਬਾਰੇ ਪੂਰਾ ਵਿਸ਼ਵਾਸ ਕੰਮ ਕਰਦਾ ਹੈ। ਇਸ ਦੌਰ ਦੀ ਤੀਰ ਦੀ ਕਵਿਤਾ ਵਿਚ ਸਾਨੂੰ ਧਾਰਮਿਕ ਵਿਸ਼ਵਾਸਾਂ ਨੂੰ ਮੰਨਣ ਦੀ ਪੂਰੀ ਮਰਯਾਦਾ ਤੇ ਰੁਚੀ ਦਿਖਾਈ ਦੇਂਦੀ ਹੈ। ਇਥੇ ਤੀਰ ਦੀ ਕਵਿਤਾ ਵਿਚ ਦੂਜੇ ਧਰਮਾਂ ਦੀਆਂ ਭਾਵਨਾਵਾਂ ਨੂੰ ਵੀ ਸਥਾਨ ਮਿਲਿਆ ਹੈ, ਜਿਵੇਂ ਨਲ ਦਮਯੰਤੀ ਤੇ ਸ਼ਕੁੰਤਲਾ ਦੀਆਂ ਕਥਾਵਾਂ ਦੀ ਚੋਣ ਉਹ ਹਿੰਦੂ ਧਰਮ ਵਿਚੋਂ ਕਰਦਾ ਹੈ।

ਧਰਮ ਭਾਵਨਾ ਦਾ ਦੂਜਾ ਪੱਖ ਸਿੱਖ ਗੁਰੂ ਸਾਹਿਬਾਨ ਪ੍ਰਤਿ ਸ਼ਰਧਾ ਤੇ ਸਤਿਕਾਰ ਹੈ ਜੋ ਤੀਰ ਦੀ ਕਵਿਤਾ ਵਿਚ ਇਕ ਨਿਰੰਤਰ ਥੀਮ ਦੇ ਰੂਪ ਵਿਚ ਉਜਾਗਰ ਹੁੰਦਾ ਹੈ। ਉਸਦੀ ਕਵਿਤਾ ਭਾਵੇਂ ਕਈ ਹੋਰ ਪ੍ਰਭਾਵਾਂ ਨੂੰ ਕਬੂਲ ਕਰਦੀ ਹੈ ਅਤੇ ਕਈ ਵੱਖ ਵੱਖ ਰੰਗਾਂ ਨੂੰ ਉਭਾਰਦੀ ਹੈ, ਪਰ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਸਿੱਖ ਗੁਰੂਆਂ ਦੇ ਯੋਗਦਾਨ ਨੂੰ ਉਹ ਪੂਰੀ ਤਰ੍ਹਾਂ ਪ੍ਰਵਾਨ ਕਰਦਾ ਹੈ।

ਤੀਰ ਦੀ ਕਵਿਤਾ ਦਾ ਤੀਜਾ ਪੱਖ ਨਵੀਆਂ ਬਿਰਤੀਆਂ ਤੇ ਆਧੁਨਿਕਤਾ ਦੇ ਰੰਗ ਦਾ ਸੂਚਕ ਹੈ ਜਿਥੇ ਉਹ ਸਮਕਾਲੀ ਯਥਾਰਥ ਤੋਂ ਪ੍ਰੇਰਿਤ ਹੁੰਦਾ ਹੈ ਅਤੇ ਅਗਾਂਹਵਧੂ ਤੇ ਭੌਤਿਕ ਸੁਰ ਨੂੰ ਪੇਸ਼ ਕਰਦਾ ਹੈ। ਇਥੇ ਉਹ ਪੁਰਾਣੇ ਵਿਚਾਰਾਂ ਨੂੰ ਛੱਡ ਕੇ ਕਿਸਾਨਾਂ ਤੇ ਮਜ਼ਦੂਰਾਂ ਦੀ ਜਾਗਰਤੀ ਦੀ ਗਲ ਕਰਦਾ ਹੈ ਤੇ ਆਪਣੀ ਕਿਸਮਤ ਆਪ ਘੜਨ ਦਾ ਪੈਗਾਮ ਦਿੰਦਾ ਹੈ।

'ਤੀਰ' ਨੇ ਨਰਕ-ਸਵਰਗ, ਵਹਿਮ-ਭਰਮ ਤੇ ਹੋਰ ਕਈ ਵਿਸ਼ਵਾਸਾਂ ਦੀ ਗੱਲ ਤਾਂ ਕੀਤੀ ਹੈ ਪਰ ਉਸ ਦੀ ਰਚਨਾ ਗੁਰਮਤ ਸਿੱਧਾਂਤਾਂ ਦੀ ਅਨੁਯਾਈ ਹੋਣ ਕਰਕੇ ਇਹ ਦਿਸ਼ਾ ਅਪਣਾਉਂਦੀ ਹੈ ਕਿ ਨਰਕ ਸਵਰਗ ਬਨਾਉਣਾ ਇਨਸਾਨ ਦੇ ਆਪਣੇ ਹੱਥ ਹੁੰਦਾ ਹੈ ਤੇ ਉਹ ਲੋਕਾਂ ਨੂੰ ਨਿਕੰਮੇ ਵਿਸ਼ਵਾਸਾਂ ਨੂੰ ਤਿਆਗਣ ਦਾ ਪੈਗਾਮ ਵੀ ਦੇਂਦਾ ਹੈ। ਯੁੱਗਾਂ ਯੁਗਾਂਤਰਾਂ ਤੋਂ ਵਧੀਕੀਆਂ ਸਹਿਣ ਵਾਲੀ ਨਾਰੀ ਨੂੰ ਇੰਝ ਹੱਲਾ ਸ਼ੇਰੀ ਦੇਂਦਾ ਹੈ :

ਤੇਰੇ ਹਥ ਹੈ ਇਸ ਦੁਨੀਆਂ ਨੂੰ
ਨਰਕ ਬਨਾਉਣਾ ਸੁਰਗ ਬਨਾਉਣਾ

....

ਵਸਣ ਲਈ ਜਗਤ ਦੇ ਹੁਣ ਤੂੰ
ਕਰ ਜੀਵਨ ਦੀ ਨਵੀਂ ਉਸਾਰੀ।
ਫੂਕ ਨਿਕੰਮੇ ਵਿਸ਼ਵਾਸਾਂ ਨੂੰ
ਨਾਰ ਰੂਪ ਹੋ ਕੇ ਹੇ ਨਾਰੀ।[1]

ਤੀਰ ਦੀ ਕਵਿਤਾ ਦੇ ਲੋਕ ਪੱਖਾਂ ਵਿਚ ਇਕ ਪ੍ਰਮੁੱਖ ਪੱਖ ਸਦਾਚਾਰ ਦਾ ਹੈ। ਉਹ ਬਹੁਤੇ ਭਰਮਾਂ ਵਹਿਮਾਂ, ਜਾਦੂ ਟੂਣੇ, ਜੰਤਰਾਂ ਮੰਤਰਾਂ ਵਿਚ ਯਕੀਨ ਨਹੀਂ ਕਰਦਾ, ਇਸ ਲਈ ਉਸ ਦੇ ਕਿੱਸਿਆਂ ਤੇ ਗੀਤ ਰਚਨਾ ਵਿਚ ਇਨ੍ਹਾਂ ਪ੍ਰਵਿਰਤੀਆਂ ਦੀ ਬਹੁਤੀ ਪ੍ਰਧਾਨਤਾ ਵੀ ਨਹੀਂ ਹੈ। ਉਸ ਦੇ ਕਿੱਸਿਆਂ ਤੇ ਗੀਤਾਂ ਵਿਚ ਸਦਾਚਾਰਕ ਪੱਖਾਂ ਦੀ ਜ਼ਿਆਦਾ ਪ੍ਰਧਾਨਤਾ

ਹੈ। ਧਰੂਅ ਭਗਤ, ਨਲ ਦਮਯੰਤੀ ਬੰਦਾ ਬਹਾਦਰ ਆਦਿ ਕਿੱਸਿਆਂ ਵਿਚ ਉਹ ਸਦਾਚਾਰਕ ਕੀਮਤਾਂ ਨੂੰ ਦ੍ਰਿੜ ਬਣਾਉਣ ਦੀ ਪ੍ਰੇਰਨਾ ਦੇਂਦਾ ਹੈ ਅਤੇ ਵਿਆਪਕ ਸਮਾਜਕ ਸਚਾਈਆਂ ਨੂੰ ਨਿਭਾਉਣ ਦਾ ਰਸਤਾ ਸਮਝਾਉਂਦਾ ਹੈ। ਇਸੇ ਲਈ ਤੀਰ ਦੀ ਰਚਨਾ ਵਿਚ ਥਾਂ ਪੁਰ ਥਾਂ ਉਪਦੇਸ਼ਾਤਮਕ ਕਥਨ ਜ਼ਰੂਰ ਮਿਲ ਜਾਂਦੇ ਹਨ। ਉਸ ਦੀ ਕਵਿਤਾ ਦੇ ਸਦਾਚਾਰਕ ਤੇ ਉਪਦੇਸ਼ਾਤਮਕ ਪੱਖ ਮੁੱਖ ਤੌਰ ਤੇ ਗੁਰਬਾਣੀ ਦੇ ਅਨੁਕੂਲ ਹਨ ਪਰ ਉਸ ਦੀ ਵਿਸ਼ੇਸ਼ਤਾ ਇਹ ਹੈ ਕਿ ਤੀਰ ਨੇ ਇਨ੍ਹਾਂ ਨੂੰ ਲੋਕ ਅਨੁਭਵ ਤੇ ਲੋਕ ਜੀਵਨ ਵਿਚ ਆਪਣੀ ਮੌਲਿਕ ਸੂਝ-ਬੂਝ ਨਾਲ ਪੇਸ਼ ਕੀਤਾ ਹੈ।

'ਤੀਰ' ਦੀ ਕਾਵਿ ਰਚਨਾ ਵਿਚੋਂ ਉਦਾਹਰਣ ਰੂਪ ਵਿਚ ਕੁੱਝ ਸਿਖਿਆਵਾਂ ਹੇਠ-ਲਿਖੇ ਅਨੁਸਾਰ ਹਨ :

1. ਵਚਨ ਨਿਭਾਉਣਾ
2. ਵਿਆਹ ਦੀ ਸਿਖਿਆ
3. ਜੂਏ ਦੀ ਵਾਦੀ
4. ਚੜ੍ਹਦੀ ਕਲਾ
5. ਨੇਕੀ ਤੇ ਬਦੀ

1. ਵਚਨ ਨਿਭਾਉਣਾ

ਤੀਰ ਜੀ ਦਾ ਵਿਚਾਰ ਹੈ ਕਿ ਮੂੰਹ ਵਿਚੋਂ ਕੁਝ ਸ਼ਬਦ ਜੋ ਇਨਸਾਨ ਕਦੀ ਵਾਇਦੇ ਦੇ ਰੂਪ ਵਿਚ ਕਢਦਾ ਹੈ, ਨੂੰ ਸਿਰੇ ਚਾੜਣਾ ਉਸਦਾ ਪਹਿਲਾ ਤੇ ਆਖ਼ਰੀ ਫਰਜ਼ ਹੋਣਾ ਚਾਹੀਦਾ ਹੈ। ਇਸ ਅਸੂਲ ਦਾ ਪ੍ਰਗਟਾਵਾ ਉਨ੍ਹਾਂ ਨੇ 'ਨਲ' ਦੇ ਸੁਭਾ ਰਾਹੀਂ ਪ੍ਰਗਟ ਕੀਤਾ ਹੈ, ਜਦੋਂ ਉਹ ਦਮਯੰਤੀ ਨੂੰ ਵਿਆਹੁਣ ਵਿਦਰਭ ਜਾਂਦਾ ਹੈ ਤਾਂ ਰਾਹ ਵਿਚ ਹੀ ਇੰਦਰ ਦੇਵਤਾ, ਅਗਨ ਦੇਵਤਾ, ਵਰਨ ਦੇਵਤਾ ਤੇ ਧਰਮ ਰਾਜ ਦੀ ਚਾਲ ਦਾ ਨਿਸ਼ਾਨਾ ਬਣਦਾ ਹੈ। ਨਲ ਬਿਨਾਂ ਸੋਚਿਆਂ ਸਮਝਿਆਂ ਦੇਵਤਿਆਂ ਨੂੰ ਵਚਨ ਦੇ ਦੇਂਦਾ ਹੈ ਕਿ ਦੇਵਤਿਆਂ ਦੀ ਆਗਿਆ ਦਾ ਪਾਲਣ ਕਰੇਗਾ। 'ਨਲ' ਵਚਨ ਦੇ ਕੇ ਬੜਾ ਪਛਤਾਇਆ। ਉਸਨੇ ਦੇਵਤਿਆਂ ਨੂੰ ਬੇਨਤੀਆਂ ਕੀਤੀਆਂ ਪਰ ਦੇਵਤਿਆਂ ਨੂੰ ਤਰਸ ਨਾ ਆਇਆ। ਸਗੋਂ ਇੰਦਰ ਦੇਵਤਾ ਨੇ ਨਲ ਨੂੰ ਚੇਤੰਨੇ ਕਰਨ ਲਈ ਉਪਦੇਸ਼ ਦਿੱਤਾ :

"ਮਰਦ ਉਹ ਜੋ ਧਰੇ ਨ ਪੈਰ ਪਿੱਛੇ ਹੱਸ ਹੱਸ ਕੇ ਮਰੇ ਇਕਰਾਰ ਉਤੇ
ਮਰਦ ਉਹ ਜੋ ਕੌਲ ਤੇ ਜਾਨ ਵਾਰੇ ਖੱਟ ਨਾਮਣਾ ਏਸ ਸੰਸਾਰ ਉਤੇ।"[2]

'ਤੀਰ' ਜੀ ਨੇ ਵਚਨ ਦਾ ਪੱਕਾ ਹੋਣ ਬਾਰੇ ਕੁਝ ਕੁ ਅਟਲ ਸਚਾਈਆਂ ਦਿੱਤੀਆਂ ਹਨ ਜਿਵੇਂ :

'ਤੀਰ' ਮਰਦ ਜਹਾਨ ਤੇ ਉਹ ਹੁੰਦੇ, ਜੇਹੜੇ ਬੋਲ ਨੂੰ ਪਾਲ ਵਿਖਾਵਦੇ ਨੇ।[3]

2. ਵਿਆਹ ਦੀ ਸਿਖਿਆ

ਵਿਦਰਭ ਦਾ ਰਾਜਾ ਭੀਮਸੈਨ ਆਪਣੀ ਲਾਡਲੀ ਧੀ ਦਮਯੰਤੀ ਨੂੰ ਨਲ ਦੇ ਸਪੁਰਦ ਕਰਕੇ, ਆਪਣੇ ਧੀ ਜੁਆਈ ਨੂੰ ਘਰ ਗ੍ਰਹਿਸਤੀ ਚਲਾਉਣ ਲਈ ਤੇ ਖਾਸ ਕਰਕੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਸਿਖਿਆਵਾਂ ਦੇਂਦੇ ਹਨ :

"ਮੈਂ ਹਥ ਤੇਰੇ ਸੌਂਪੀ ਅੱਜ ਤੋਂ ਹ, ਪੇਕੀ ਸਾਹੁਰੀ ਪੱਤ ਦੀ ਲੱਜ ਬਚੀ
ਕਢੀ ਨਾਮਣਾ ਜੱਗ ਤੇ ਪੇਕਿਆਂ ਦਾ ਦਸੀ ਆਪਣਾ ਸਦਾ ਸੁਦੱਜ ਬੱਚੀ।"[4]

ਜਿਥੇ ਮਾ ਬਾਪ ਨੇ ਧੀ ਨੂੰ ਜੀਵਨ ਜਾਚ ਦਸੀ, ਉਥੇ ਪ੍ਰੋਹਤ ਜੀ ਨੇ ਵੀ ਨਲ ਨੂੰ ਕੁਝ ਕੁ ਉਪਦੇਸ਼ ਦਿਤੇ ਹਨ :

"ਦਮਾ ਨਾਲ ਦਮਯੰਤ ਦਾ ਸਾਥ ਪਾਲੀ, ਕਰਕੇ ਏਸ ਨੂੰ ਕਦੇ ਨਾ ਵੱਖ ਰੱਖੀ,
..........................!
ਸਦਾਚਾਰ ਦੇ ਬਾਗ ਦਾ ਬਣੀ ਭੌਰਾ, ਨਾ ਤੂੰ ਵਾ ਵਿਭਚਾਰ ਦੀ ਭੱਖ ਵੇਖ।"[4]

'ਤੀਰ' ਨੇ ਵਿਆਹ ਸਬੰਧੀ ਕਈ ਢੁਕਵੀਆਂ ਸਿਖਿਆਵਾਂ ਦਿੱਤੀਆਂ ਹਨ, ਜਿਨ੍ਹਾਂ ਦਾ ਮੁੱਲ ਆਉਣ ਵਾਲੇ ਸਮੇਂ ਵਿਚ ਵੀ ਪੈਂਦਾ ਰਹੇਗਾ।

3. ਜੂਏ ਦੀ ਵਾਦੀ

ਤੀਰ ਜੀ ਨੇ ਆਪਣੇ ਕਿੱਸੇ ਨਲ ਦਮਯੰਤੀ ਵਿਚ ਜੂਏ ਦੇ ਹਸ਼ਰ ਤੋਂ ਵਾਕਿਫ ਕਰਾਂਦਿਆਂ ਹਰ ਇਨਸਾਨ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਜੂਏ ਦੀ ਵਾਦੀ ਭੈੜੀ ਹੈ। ਨਲ ਦਮਯੰਤੀ ਕਿੱਸੇ ਵਿਚ ਕਵੀ ਨੇ ਦਸਿਆ ਹੈ ਕਿ ਕਿਸ ਤਰ੍ਹਾਂ ਨਲ ਜੂਏ ਵਿਚ ਰਾਜ ਹਕੂਮਤ, ਧਨ ਦੌਲਤ ਤੇ ਇਜ਼ਤ ਗੁਆ ਬੈਠਦਾ ਹੈ। ਹਰ ਕੋਈ ਜੂਏ ਦੀ ਭੈੜੀ ਵਾਦੀ ਤੋਂ ਜਾਣੂ ਹੁੰਦਿਆਂ ਹੋਇਆਂ ਵੀ ਇਹ ਆਦਤ ਨਹੀਂ ਛੱਡਦਾ। ਕਿਉਂਕਿ ਉਨ੍ਹਾਂ ਦੇ ਦਿਲਾਂ ਵਿਚ ਇਹ ਵਿਚਾਰ ਘਰ ਕਰ ਗਿਆ ਹੈ ਕਿ :

"ਜੇੜਾ ਦਿਨ ਦਿਵਾਲੀ ਦੇ ਖੇਡਦਾ ਨਾ, ਜੂਨ ਖੋਤੇ ਦੀ ਵਿਚ ਉਹ ਜਾਂਵਦਾ ਏ।"[5]

ਪਰ ਅਸਲ ਵਿਚ ਇਹ ਜ਼ਿੰਦਗੀ ਦੀ ਸਭ ਤੋਂ ਵਡੀ ਕਮਜ਼ੋਰੀ ਹੈ। ਇਨਸਾਨ ਭੁੱਲ ਕਰ ਬੈਠਦਾ ਹੈ ਪਰ ਫਿਰ ਪਛਤਾਉਂਦਾ ਹੈ ਕਿਉਂਕਿ ਜੂਆ ਹੀ ਹਰ ਬੁਰਾਈ ਦਾ ਦਰ ਖੋਲਦਾ ਹੈ। ਇਸ ਲਈ 'ਤੀਰ ਜੀ' ਨੇ ਆਪਣੇ ਕਿੱਸੇ ਨਲ ਦਮਯੰਤੀ ਵਿਚ ਮਨੁੱਖ ਨੂੰ ਹਰ ਮੁਮਕਿਨ ਢੰਗ ਨਾਲ ਭੈੜੀ ਵਾਦੀ ਤੋਂ ਹਟਾਣ ਦੀ ਕੋਸ਼ਿਸ਼ ਕੀਤੀ ਹੈ। 'ਤੀਰ' ਜੀ ਨੇ ਫੋਕੀਆਂ ਸਿਖਿਆਵਾਂ ਹੀ ਨਹੀਂ ਦਿੱਤੀਆ, ਸਗੋਂ ਜਿਊਂਦੀ ਜਾਗਦੀ ਕਾਰਵਾਂ ਪਾਂਡਵਾਂ ਦੀ ਕਥਾ ਵੀ ਸੁਣਾਈ ਹੈ : ਜਿਵੇਂ

"ਲਖੋ ਕਖ-ਕੀਤਾ ਫੜ ਕੇ ਕੌੜੀਆਂ ਨੇ, ਖੇਡ ਖੇਡ ਕੌਡੀ ਕੌੜੀ ਹਾਰਿਆ
ਜੂਆ ਉਸਨੂੰ ਵੇਖ ਲੌ ਚਾਰ ਗਿਆ, ਜਿੰਨੇ ਸਭ ਜਹਾਨ ਨੂੰ ਚਾਰਿਆ।"[6]

4. ਚੜ੍ਹਦੀ ਕਲਾ

ਜ਼ਿੰਦਗੀ ਵਿਚ ਖੁਸ਼ੀ ਗਮ, ਹਸਣਾ ਤੇ ਰੋਣਾ ਆਉਂਦੇ ਹੀ ਰਹਿੰਦੇ ਹਨ। ਸਗੋਂ ਕਈ ਵੇਰ ਇਨ੍ਹਾਂ ਵਿਚੋਂ ਜਦੋਂ ਇਕ ਚੀਜ਼ ਨਾ ਹੋਵੇ ਤਾਂ ਜ਼ਿੰਦਗੀ ਵਿਚ ਬੇਰੌਣਕ ਤੇ ਅਕੇਵਾਂ ਆ ਜਾਂਦਾ ਹੈ। ਹੰਝੂ ਤੇ ਹਾਸੇ ਨਾਲ ਨਾਲ ਹੀ ਚਲਦੇ ਹਨ ਤੇ ਜ਼ਰੂਰੀ ਵੀ ਹਨ। ਤੀਰ ਨੇ ਵੀ ਇਹੀ ਸਿਖਿਆ ਦਿਤੀ ਹੈ ਕਿ ਜਦੋਂ ਭਾਰੂ ਸਮਾਂ ਆਵੇ ਤਾਂ ਬੰਦੇ ਨੂੰ ਢੇਰੀ ਢਾਹ ਕੇ ਬੈਠ ਨਹੀਂ ਜਾਣਾ ਚਾਹੀਦਾ ਕਿਉਂਕਿ ਚੰਗਾ ਵਕਤ ਜਾਂ ਬੁਰਾ ਵਕਤ ਹਰੇਕ ਉਤੇ ਆਉਂਦਾ ਹੈ। ਇਹ ਸਮੇਂ ਦੀ ਚਾਲ ਹੈ ਕਿ ਜੇ ਚੰਗੇ ਦਿਨ ਨਹੀਂ ਰਹੇ ਤਾਂ ਬੁਰੇ ਦਿਨ ਵੀ ਨਹੀਂ ਰਹਿਣ ਵਾਲੇ। ਕਾਰਵਾਂ ਪਾਂਡਵਾਂ ਦੇ ਪ੍ਰਸੰਗ ਵਿਚ ਪਾਂਡਵਾਂ ਨੂੰ ਅਜੇਹੀ ਸਿਖਿਆ ਦਿਤੀ ਗਈ ਹੈ ਕਿ

ਮਨੁੱਖ ਨੂੰ ਦੁਖ ਤੇ ਵਿਯੋਗ ਦੀ ਹਾਲਤ ਵਿਚ ਡੋਲਣਾ ਨਹੀਂ ਚਾਹੀਦਾ, ਕਿਉਂਕਿ ਦੁੱਖ ਤੇ ਸੁੱਖ ਹਰ ਮਨੁਖ ਦੀ ਜ਼ਿੰਦਗੀ ਦੇ ਸਾਝੇ ਗੁਣ ਹਨ। 'ਤੀਰ' ਜੀ ਦੀ ਇਹ ਸਿਖਿਆ ਪਾਂਡਵਾਂ ਨੂੰ ਹੀ ਨਹੀਂ, ਸਗੋਂ ਸੰਸਾਰ ਦੇ ਹਰ ਪ੍ਰਾਣੀ ਨੂੰ ਹੈ। ਉਹ ਮਨੁਖ ਨੂੰ ਹੌਂਸਲੇ ਨਾਲ ਜ਼ਿੰਦਗੀ ਜਿਊਣ ਲਈ ਹੱਲਾ ਸ਼ੇਰੀ ਦੇਂਦਾ ਹੈ ਤੇ ਦੁਖ ਤੇ ਸੁਖ ਨੂੰ ਸਮ ਕਰ ਜਾਨਣ ਦਾ ਰਾਹ ਵਿਖਾਉਂਦਾ ਹੈ, ਜਿਵੇਂ :

"ਸਦਾ ਲਈ ਨਾ ਕੋਈ ਗਰੀਬ ਰਿਹਾ, ਸਦਾ ਰਿਹਾ ਨਾ ਕੋਈ ਸੁਲਤਾਨ ਲੋਕੋ,
ਸਦਾ ਬਾਲ ਤੇ ਰਹੀ ਬਹਾਰ ਨਾਹੀਂ, ਸਦਾ ਰਹਿਣ ਨਾ ਵਹਿਣ ਰਵਾਨ ਲੋਕੋ,
ਸਦਾ ਰਹਿਣ ਨ ਕਦੇ ਵੀ ਕੇਸ ਕਾਲੇ, ਸਦਾ ਰਿਹਾ ਨ ਕੋਈ ਜਵਾਨ ਲੋਕੋ,
ਸਦਾ ਫਿਰੇ ਨਾ ਇਕ ਥਾਂ ਖੜੇ ਸਾਇਆ, ਸਦਾ ਰਹੇ ਨਾ ਅੰਬਰੀ ਭਾਨ ਲੋਕੋ।"[7]

5. ਨੇਕੀ ਬਦੀ

ਇਨਸਾਨ ਗਲਤੀਆਂ ਦਾ ਪੁਤਲਾ ਹੈ ਜਿਸ ਵਿਚ ਚੰਗਿਆਈਆਂ ਹੁੰਦੀਆਂ ਹਨ, ਉਸ ਵਿਚ ਕਈ ਬੁਰਾਈਆਂ ਵੀ ਹੁੰਦੀਆਂ ਹਨ। ਇਹ ਇਕ ਹਕੀਕਤ ਹੈ ਕਿ ਨਾ ਕਿਸੇ ਵਿਚ ਪੂਰੀਆਂ ਚੰਗਿਆਈਆਂ ਹੁੰਦੀਆਂ ਹਨ ਤੇ ਨਾ ਕਿਸੇ ਵਿਚ ਪੂਰੀਆਂ ਬੁਰਿਆਈਆਂ। ਮਨੁਖੀ ਸੋਚ ਇਹ ਜ਼ਰੂਰ ਦਸਦੀ ਹੈ ਕਿ ਇਨਸਾਨ ਨੂੰ ਨੇਕੀ ਦਾ ਪੱਲਾ ਨਹੀਂ ਛਡਣਾ ਚਾਹੀਦਾ। ਇਹ ਮਨੁੱਖ ਦੀ ਵਿਸ਼ੇਸ਼ਤਾ ਵੀ ਹੈ। ਵਿਧਾਤਾ ਸਿੰਘ ਤੀਰ ਨੇ ਇਹ ਗੱਲ ਨਲ ਦਮਯੰਤੀ ਵਿਚ ਬੜੇ ਸੋਹਣੇ ਢੰਗ ਨਾਲ ਪੇਸ਼ ਕੀਤੀ ਹੈ ਕਿ ਨਲ ਦੇਵਤਿਆਂ ਨੂੰ ਬੁਰਾਈ ਦਾ ਬਦਲਾ ਬੁਰਾਈ ਨਾਲ ਨਹੀਂ ਚੁਕਾਉਂਦਾ ਸਗੋਂ ਉਨ੍ਹਾਂ ਦੀ ਬੁਰੀ ਨਜ਼ਰ ਤੇ ਬੁਰੀ ਨੀਅਤ ਦੇ ਮੁਕਾਬਲੇ ਤੇ ਉਨ੍ਹਾਂ ਨੂੰ ਬੁਰਾ ਨਹੀਂ ਸਮਝਦਾ ਅਤੇ ਆਪਣੇ ਨੇਕੀ ਦੇ ਸੁਭਾਅ ਉਤੇ ਕਾਇਮ ਰਹਿੰਦਾ ਹੈ। ਦੁਖ ਦਾ ਬਦਲਾ ਦੁਖ ਨਾਲ ਚੁਕਾਉਣ ਦੀ ਥਾਂ ਬਖਸ਼ ਦੇਣ ਨੂੰ ਜ਼ਰੂਰੀ ਮੰਨਿਆ ਗਿਆ ਹੈ :

"ਤੂੰ ਤੇ ਦੁਖ ਦਿਤਾ ਜੀ ਮੈਨੂੰ, ਮੈਂ ਕਿਉਂ ਬਦਲਾ ਦੇਂਦਾ
ਜਾਹ ਬਖਸ਼ਿਆ ਤੈਨੂੰ ਵੀਰਾ, ਦਿਲ ਚੋਂ ਗੱਲ ਗਵਾਈ।"[8]

ਲੋਕ ਕਹਾਣੀ ਦੇ ਤੱਤ

ਪੰਜਾਬ ਦੀਆਂ ਲੋਕ ਕਹਾਣੀਆਂ ਬਹੁਤ ਪ੍ਰਸਿੱਧ ਹਨ ਜਿਨ੍ਹਾਂ ਵਿਚ ਕਈ ਪਰੰਪਰਾਗਤ ਬਿਰਤਾਂਤ ਪੀੜੀਓ ਪੀੜ੍ਹੀ ਚਲਦੇ ਆ ਰਹੇ ਹਨ। ਇਨ੍ਹਾਂ ਵਿਚ ਮਨੁਖੀ ਜਜ਼ਬਿਆਂ ਦਾ ਭੰਡਾਰ ਪਿਆ ਹੋਇਆ ਹੈ ਅਤੇ ਜਾਤੀ ਜਾਂ ਕੌਮ ਦੇ ਇਤਿਹਾਸ ਦੀ ਨੁਹਾਰ ਇਸ ਵਿਚੋਂ ਪੂਰੀ ਤਰ੍ਹਾਂ ਪ੍ਰਗਟ ਹੁੰਦੀ ਹੈ। ਪੰਜਾਬੀ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਲੋਕ ਕਹਾਣੀ ਦੇ ਪਾਤਰਾਂ, ਘਟਨਾਵਾਂ ਅਤੇ ਰੂੜੀਆਂ ਦਾ ਪੂਰੀ ਖੁਲ੍ਹ ਦਿਲੀ ਨਾਲ ਵਰਣਨ ਕੀਤਾ ਹੈ। ਇਨ੍ਹਾਂ ਵਿਚੋਂ ਕੁਝ ਕੁ ਕਹਾਣੀਆਂ ਪੌਰਾਣਿਕ ਕਥਾਵਾਂ ਉਤੇ ਆਧਾਰਿਤ ਹਨ ਅਤੇ ਕੁਝ ਦੰਤ ਕਥਾਵਾਂ ਦੇ ਰੂਪ ਵਿਚ ਪ੍ਰਚਲਿਤ ਹਨ। ਵਿਧਾਤਾ ਸਿੰਘ ਤੀਰ ਨੇ ਇਸ ਪਰੰਪਰਾ ਵਿਚ ਨਲ ਦਮਯੰਤੀ ਦੀ ਕਥਾ ਨੂੰ ਲੋਕ ਰੂੜੀਆਂ ਦੇ ਸਹਾਰੇ ਨਾਲ ਕਿੱਸੇ ਵਿਚ ਬਿਆਨ ਕੀਤਾ ਹੈ। ਇਹ ਕਥਾ ਪ੍ਰਾਚੀਨ ਭਾਰਤੀ ਸੋਮੇ ਨਾਲ ਸੰਬੰਧਿਤ ਹੈ ਜਿਸ ਦਾ ਉਲੇਖ ਰਮਾਇਣ ਤੇ ਮਹਾਂਭਾਰਤ ਵਿਚ ਵੀ ਆਉਂਦਾ ਹੈ ਅਤੇ ਪੌਰਾਣਾਂ ਵਿਚ ਵੀ ਇਸ ਦਾ ਵਰਣਨ ਹੋਇਆ ਹੈ।

ਪੰਜਾਬੀ ਸਾਹਿਤ ਵਿਚ ਇਸ ਕਥਾ ਨੂੰ ਕਾਵਿ-ਰਸ ਵਿਚ ਢਾਲਣਾ ਵਿਧਾਤਾ ਸਿੰਘ ਤੀਰ ਦੀ ਹੀ ਵਿਸ਼ੇਸ਼ਤਾ ਸੀ । ਵਿਧਾਤਾ ਸਿੰਘ 'ਤੀਰ' ਨੇ ਸਭ ਤੋਂ ਪਹਿਲਾਂ ਇਸ ਕਥਾ ਨੂੰ ਕਿੱਸਾ-ਕਾਵਿ ਦੇ ਰੂਪ ਵਿਚ ਢਾਲਿਆ । ਕਿੱਸਾ ਨਲ-ਦਮਯੰਤੀ ਦੀ ਕਥਾ ਨੂੰ ਮਹਾਂ ਭਾਰਤ ਵਿਚੋਂ ਲੈ ਕੇ ਕਿੱਸਾ ਰਚਨਾ ਕੀਤੀ। ਇਸ ਕਥਾ ਦਾ ਆਰੰਭ ਕੌਰਵਾਂ ਪਾਂਡਵਾਂ ਦੇ ਪ੍ਰਸੰਗ ਨਾਲ ਕੀਤਾ ਗਿਆ ਹੈ । ਇਸ ਕਥਾ ਵਿਚ ਲੋਕ ਜੀਵਨ ਦੇ ਕਈ ਪੱਖ ਪੇਸ਼ ਹੋਏ ਹਨ ਜਿਨ੍ਹਾਂ ਵਿਚੋਂ ਕੁਝ ਪਿਆਰ ਨਾਲ ਸੰਬੰਧਿਤ ਹਨ, ਕੁਝ ਨੈਤਿਕਤਾ ਨਾਲ ਤੇ ਕੁਝ ਇਤਿਹਾਸ-ਮਿਥਿਹਾਸ ਨਾਲ । ਜਿਵੇਂ ਹੰਸ ਪ੍ਰੇਮ ਦੂਤ ਦੇ ਰੂਪ ਵਿਚ ਆਪਣੇ ਗੱਲ ਨਾਲ ਚਿੱਠੀ ਬੰਨ੍ਹ ਕੇ ਦਮਯੰਤੀ ਪਾਸ ਪਹੁੰਚਾਂਦਾ ਹੈ, ਸਵੰਬਰ ਦਾ ਸਮਾਰੋਹ ਰਚਿਆ ਜਾਂਦਾ ਹੈ, ਇਸ ਤੋਂ ਇਲਾਵਾ ਅਜਗਰ ਨਾਗ, ਬਬਰ ਸ਼ੇਰ ਆਦਿ ਕਈ ਮਿਥਿਹਾਸਕ ਵਰਣਨ ਆਉਂਦੇ ਹਨ ।

ਨਲ ਦਮਯੰਤੀ ਕਿੱਸੇ ਵਿਚ ਔਰਤ ਅਤੇ ਮਰਦ ਪਾਤਰਾਂ ਤੋਂ ਇਲਾਵਾ ਕਈ ਦੇਵਤੇ ਪਾਤਰ ਵੀ ਆਉਂਦੇ ਹਨ ਇੰਦਰ, ਨਾਰਦ ਮੁਨੀ, ਕਲੂ ਕਾਲ, ਆਦਿ । ਇਹ ਕਿੱਸਾ ਕਈ ਰੰਗ ਬਦਲਦਾ ਹੈ ਤੇ ਵੱਖ ਵੱਖ ਤਰ੍ਹਾਂ ਦੇ ਲੋਕ ਪੱਖਾਂ ਦੀ ਪ੍ਰਤਿਨਿਧਤਾ ਕਰਦਾ ਹੈ, ਜਿਵੇਂ ਸ਼ਿੰਗਾਰ, ਭਿਆਨਕ, ਕਰੁਣਾ, ਅਦਭੁਤ ਆਦਿ । ਇਸ ਤੋਂ ਇਲਾਵਾ ਇਸ ਕਿੱਸੇ ਵਿਚ ਕਈ ਸਦਾਚਾਰਕ ਤੱਤ ਪੇਸ਼ ਹੋਏ ਹਨ ਜੋ ਲੋਕ ਜੀਵਨ ਦਾ ਵਡਮੁਲਾ ਸਰਮਾਇਆ ਹਨ । ਕਈ ਗੀਤ ਹਨ ਜਿਵੇਂ ਬਾਰਾਮਾਂਹ, ਸਤਵਾਰਾ ਆਦਿ ਜੋ ਲੋਕ ਗੀਤਾਂ ਦੇ ਪ੍ਰਸਿਧ ਰੂਪ ਵਿਚ ਹਨ ਅਤੇ ਇਨ੍ਹਾਂ ਦੀ ਵਰਤੋਂ ਨਲ ਦਮਯੰਤੀ ਵਿਚ ਬੜੇ ਸੁਭਾਵਕ ਰੂਪ ਵਿਚ ਕੀਤੀ ਗਈ ਹੈ ।

ਕਿੱਸਾ ਧਰੂਅ ਭਗਤ ਵਿਚ ਵੀ ਕਵੀ ਨੇ ਧਰੂਅ ਭਗਤ ਦੇ ਜੀਵਨ ਬਿਰਤਾਂਤ ਨੂੰ ਪੇਸ਼ ਕਰਦੇ ਹੋਏ ਕਈ ਲੋਕ ਤੱਤਾਂ ਦੀ ਵਰਤੋਂ ਕੀਤੀ ਹੈ। ਧਰੂਅ ਭਗਤ ਪ੍ਰਸਿੱਧ ਪੌਰਾਣਿਕ ਕਥਾ ਹੈ । ਜਿਸ ਵਿਚ ਉਹ ਆਪਣੇ ਪ੍ਰਭੂ ਵਿਸ਼ਵਾਸ ਵਿਚ ਦ੍ਰਿੜ੍ਹ ਰਹਿੰਦਾ ਹੋਇਆ ਅਮਰ ਪਦਵੀ ਪ੍ਰਾਪਤ ਕਰਦਾ ਹੈ । ਇਸ ਕਿੱਸੇ ਵਿਚ ਵਿਧਾਤਾ ਸਿੰਘ ਤੀਰ ਨੇ ਜਿਨ੍ਹਾਂ ਹੋਰ ਵੱਖ ਵੱਖ ਪੌਰਾਣਿਕ ਪੁਰਸ਼ਾਂ ਤੇ ਘਟਨਾਵਾਂ ਆਦਿ ਦੇ ਸੰਕੇਤ ਦਿਤੇ ਹਨ ਉਨ੍ਹਾਂ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ :

1. ਪੌਰਾਣ ਕਥਾ ਅਨੁਸਾਰ ਬ੍ਰਹਮਾ ਸਾਰੀ ਸ੍ਰਿਸ਼ਟੀ ਦਾ ਰਚਣਹਾਰ ਹੈ । ਉਹ ਚਾਰ ਵੇਦਾਂ ਦਾ ਗਿਆਤਾ ਅਤੇ ਲੋਕਾਂ ਨੂੰ ਸਿਖਿਆ ਦੇਣ ਵਾਲਾ ਹੈ । ਵਿਧਾਤਾ ਸਿੰਘ ਤੀਰ ਨੇ ਵੀ ਬ੍ਰਹਮਾ ਨੂੰ ਉਪਦੇਸ਼ ਦੇਣ ਵਾਲੇ ਪਾਤਰ ਦੇ ਰੂਪ ਵਿਚ ਲਿਆ ਹੈ ਜੋ ਅਸੀਸ ਤੇ ਸਿਖਿਆ ਵੀ ਦੇਂਦਾ ਹੈ ।

2. ਨਾਰਦ ਸੰਬੰਧੀ ਕਈ ਲੋਕ ਕਥਾਵਾਂ ਪ੍ਰਚਲਿਤ ਹਨ । ਇਸ ਦੀ ਉਤਪਤੀ ਬ੍ਰਹਮਾ ਦੇ ਮਥੇ ਵਿਚੋਂ ਮੰਨੀ ਜਾਂਦੀ ਹੈ । ਇਸ ਨੂੰ ਰਿਗਵੇਦ ਦੇ ਮੰਤਰਾਂ ਤੇ ਕਈ ਗਰੰਥਾਂ ਦਾ ਕਰਤਾ ਵੀ ਮੰਨਿਆ ਜਾਂਦਾ ਹੈ । ਧਰੂਅ ਭਗਤ ਵਿਚ ਵਿਧਾਤਾ ਸਿੰਘ ਤੀਰ ਨੇ ਧਰੂਅ ਨੂੰ ਨਾਰਦ ਨਾਲ ਮੇਲ ਕਰਾਉਣ ਸਮੇਂ ਨਾਰਦ ਨੂੰ ਰਿਸ਼ੀ ਦੇ ਰੂਪ ਵਿਚ ਪੇਸ਼ ਕੀਤਾ ਹੈ ਜੋ ਆਪਣਾ ਕੰਮ ਧਰਮ ਉਪਦੇਸ਼ ਦੇਣਾ ਦਸਦਾ ਹੈ । ਇਥੇ ਨਾਰਦ ਭੁਲੇ ਭਟਕਿਆਂ ਨੂੰ ਰਾਹੇ ਪਾਉਣ ਵਾਲੇ ਰੂਪ ਵਿਚ ਆਉਂਦਾ ਹੈ । ਧਰੂਅ ਨੂੰ ਦ੍ਰਿੜ੍ਹ ਵਿਸ਼ਵਾਸੀ ਦੇਖਕੇ ਨਾਰਦ ਜੀ ਉਸਨੂੰ ਵਡਮੁਲਾ ਉਪਦੇਸ਼ ਕਰਦੇ ਹਨ । ਇਸ ਤੋਂ ਇਲਾਵਾ ਇਸ ਕਿੱਸੇ ਵਿਚ ਕਈ ਪੌਰਾਣਿਕ ਰਿਸ਼ੀਆਂ

ਮੁਨੀਆਂ ਜਿਵੇਂ : ਸੁਰਿਚ, ਉਤਾਨਪਾਦ, ਸਯਭੂੰ, ਮਨੂ ਆਦਿ ਦਾ ਵਰਣਨ ਵੀ ਆਉਂਦਾ ਹੈ।

ਰੂਪਰਾਣੀ ਸ਼ਕੁੰਤਲਾ ਵਿਚ ਰਾਜਾ ਦੁਸ਼ਯੰਤ ਤੇ ਸ਼ਕੁੰਤਲਾ ਦੀ ਮਿਥਿਹਾਸਕ ਪ੍ਰੇਮ ਕਹਾਣੀ ਨੂੰ ਬਿਆਨ ਕਰਦੇ ਹੋਏ ਲੋਕ ਜੀਵਨ ਦੇ ਕਈ ਵਿਸ਼ਵਾਸ ਦੇਵੀ ਦੇਵਤੇ ਆਦਿ ਦਾ ਵਰਣਨ ਹੋਇਆ ਹੈ।

ਸ਼ਕੁੰਤਲਾ ਦੀ ਕਹਾਣੀ ਦਾ ਸੰਬੰਧ ਵਿਸ਼ਵਾਮਿਤਰ, ਇੰਦਰ ਅਤੇ ਮੇਨਕਾ ਅਪੱਛਰਾ ਦੀ ਪੌਰਾਣਿਕ ਕਥਾ ਨਾਲ ਸੰਬੰਧਿਤ ਹੈ। ਜਿਥੇ ਰਿਸ਼ੀ ਵਿਸਵਾਮਿਤਰ ਮੇਨਕਾ ਦੇ ਕਾਮ ਜਾਲ ਵਿਚ ਫਸ ਜਾਂਦਾ ਹੈ। ਮੇਨਕਾ ਦੇ ਕੁੱਖੋਂ ਜੋ ਕੁੜੀ ਜੰਮਦੀ ਹੈ ਉਸਦਾ ਪਾਲਣ-ਪੋਸ਼ਣ ਕੰਨਵ ਰਿਖੀ ਕਰਦਾ ਹੈ ਤੇ ਉਹ ਜਵਾਨ ਹੋ ਕੇ ਸ਼ਕੁੰਤਲਾ ਬਣਦੀ ਹੈ।

ਇਸ ਕਿੱਸੇ ਵਿਚ ਸਾਡੇ ਲੋਕ ਜੀਵਨ ਦੇ ਕਈ ਪੱਖ ਪੇਸ਼ ਹੋਏ ਹਨ ਜਿਵੇਂ ਪ੍ਰਾਕ੍ਰਿਤਕ ਜੀਵਨ, ਫਲਾਂ ਫੁਲਾਂ ਤੇ ਪੰਛੀਆਂ ਦਾ ਵਰਣਨ, ਪ੍ਰੇਮ ਮਿਲਾਪ, ਵਿਆਹ ਆਦਿ। ਇਨ੍ਹਾਂ ਸਾਰਿਆਂ ਪ੍ਰਸੰਗਾਂ ਤੋਂ ਵਧ-ਚੜ੍ਹ ਕੇ ਇਸ ਕਿੱਸੇ ਵਿਚ ਦੋ ਪ੍ਰਸੰਗ ਅਜੇਹੇ ਹਨ ਜੋ ਸਾਡੇ ਲੋਕ-ਜੀਵਨ ਦਾ ਬੜਾ ਭਾਵਪੂਰਤ ਚਿਤਰਣ ਕਰਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਖੂਬਸੂਰਤ ਪ੍ਰਸੰਗ ਵਿਆਹ ਦੇ ਮੌਕੇ ਦਾ ਹੈ ਅਤੇ ਦੂਜਾ ਇਸ ਤੋਂ ਵੀ ਵਧੇਰੇ ਬਾਬਲ ਵਲੋਂ ਧੀ ਨੂੰ ਤੋਰਨ ਦੇ ਸਮੇਂ ਦਾ ਹੈ। ਇਸ ਮੌਕੇ ਉਤੇ ਕਵੀ ਨੇ ਪਿਓ ਤੇ ਧੀ ਵਿਚ ਜਜ਼ਬਾਤ ਦਾ ਇਨਾਂ ਭਾਰੀ ਹੜ੍ਹ ਦਿਖਾਇਆ ਹੈ ਕਿ ਤੁਰਨ ਸਮੇਂ ਜਦੋਂ ਪਿਓ ਤੇ ਧੀ ਦਾ ਮੇਲ ਹੁੰਦਾ ਹੈ ਤਾਂ ਨਾ ਹੀ ਪਿਓ ਬੋਲ ਸਕਦਾ ਹੈ ਅਤੇ ਨਾ ਹੀ ਧੀ :

ਵਿਚ ਦਿਲਾਂ ਦੇ ਝਾਤੀਆਂ ਪਾਣ ਦੋਵੇਂ, ਨਾਹੀਂ ਪਿਓ ਬੋਲੇ ਨਾਹੀਂ ਧੀ ਬੋਲੇ
ਰੋਣ ਰੋਕਦੇ ਲਾ ਲਾ ਤਾਣ ਦੋਵੇਂ, ਨਾਹੀਂ ਪਿਓ ਬੋਲੇ ਨਾਹੀਂ ਧੀ ਬੋਲੇ
ਦਿਲੋਂ-ਲੱਖ ਦਲੀਲ ਦੁੜਾਣ ਦੋਵੇਂ, ਨਾਹੀਂ ਪਿਓ ਬੋਲੇ ਨਾਹੀਂ ਧੀ ਬੋਲੇ
ਕਿਸੇ ਸੋਚ ਅੰਦਰ ਰੁੜ੍ਹੇ ਜਾਣ ਦੋਵੇਂ, ਨਾ ਹੀ ਪਿਓ ਬੋਲੇ ਨਾ ਹੀ ਧੀ ਬੋਲੇ।[9]

ਵਿਧਾਤਾ ਸਿੰਘ ਤੀਰ ਮੁੱਖ ਤੌਰ ਤੇ ਅਜੇਹਾ ਸ਼ਾਇਰ ਸੀ ਜੋ ਸਟੇਜੀ ਕਵੀ ਹੋਣ ਦੇ ਨਾਲ ਨਾਲ ਲੋਕ ਭਾਵਨਾਵਾਂ ਨੂੰ ਲੋਕ ਬੋਲੀ ਵਿਚ ਅਭਿਵਿਅਕਤ ਕਰਨ ਦੀ ਬਹੁਤ ਇੱਛਾ ਰਖਦਾ ਸੀ। ਇਸ ਲਈ ਸੁਭਾਵਕ ਸੀ ਕਿ ਉਸ ਦੀ ਰਚਨਾ ਵਿਚ ਲੋਕ ਵਿਰਸੇ ਦੇ ਅਨੇਕਾਂ ਤੱਤ ਆਪ ਮੁਹਾਰੇ ਰਚ-ਮਿਚ ਗਏ ਹੋਣ। ਉਸਦੀ ਕਵਿਤਾ ਦਾ ਇਕ ਹੋਰ ਪੱਖ ਲੋਕ ਕਾਵਿ ਦੇ ਵੱਖ ਵੱਖ ਤੱਤਾਂ ਨਾਲ ਸੰਬੰਧਿਤ ਹੈ ਜਿਸ ਵਿਚ ਲੋਕ ਕਾਵਿ ਰੂਪ, ਲੋਕ ਧੁਨਾਂ, ਲੋਕ ਬੋਲੀ ਦੇ ਪੱਖ ਆਦਿ ਪ੍ਰਮੁੱਖ ਹਨ। ਉਸਦੀ ਕਾਵਿ ਰਚਨਾ ਵਿਚ ਲੋਕ-ਕਾਵਿ ਦਾ ਅੰਗ ਬਨਣ ਦੀ ਤੀਖਣ ਰੁਚੀ ਮੌਜੂਦ ਹੈ। ਸਮੁੱਚੇ ਲੋਕ ਵਿਰਸੇ ਦੀ ਛਾਪ ਉਸਦੀ ਕਾਵਿ-ਸ਼ੈਲੀ ਉਪਰ ਪੈਣੀ ਸੁਭਾਵਕ ਹੀ ਕਹੀ ਜਾ ਸਕਦੀ ਹੈ ਕਿਉਂਕਿ 'ਤੀਰ' ਲੋਕ ਪ੍ਰਿਯ ਰੁਚੀਆਂ ਦਾ ਸ਼ਾਇਰ ਸੀ ਅਤੇ ਉਸਨੇ ਬਹੁਤੀ ਲੋਕ ਪੱਧਰ ਦੀ ਕਵਿਤਾ ਹੀ ਲਿਖੀ ਸੀ। ਵਿਧਾਤਾ ਸਿੰਘ ਤੀਰ ਦੀ ਗੀਤ ਰਚਨਾ ਵਿਚ ਸਾਨੂੰ ਲੋਕ ਗੀਤਾਂ ਤੇ ਲੋਕ ਕਾਵਿ ਰੂਪਾਂ ਦੀਆਂ ਧਾਰਣਾਂ ਮਿਲਦੀਆਂ ਹਨ। ਜੋ ਲੋਕ ਜੀਵਨ ਦੀ ਚਿਤ੍ਰਾਤਮਕ ਅਭਿਵਿਅਕਤੀ ਪੇਸ਼ ਕਰਦੇ ਹਨ। 'ਤੀਰ' ਦੀਆਂ ਬਹੁਤੀਆਂ ਕਵਿਤਾਵਾਂ ਵਿਚ ਲੋਕ ਗੀਤਾਂ ਵਾਲੇ ਵਜ਼ਨ ਅਤੇ ਲੋਕ ਕਾਵਿ ਰੂਪਾਂ ਨੂੰ ਵਰਤਿਆ ਗਿਆ ਹੈ ਜਿਵੇਂ ਲੋਰੀ, ਬਾਰਾਮਾਹ, ਸਤਵਾਰਾਂ, ਅਲਾਹੁਣੀ, ਨਾਚ, ਵਾਰ, ਸੀਹਰਫੀ,

ਚੌਂਕੜੀਆਂ ਆਦਿ ।

'ਤੀਰ' ਦੀਆਂ ਰਚਨਾਵਾਂ ਵਿਚ ਲੋਕ ਗੀਤਾਂ ਦੀਆਂ ਜੁਗਤਾਂ ਦੇ ਕਈ ਪਛਾਣ ਚਿੰਨ੍ਹ ਨਜ਼ਰ ਆਉਂਦੇ ਹਨ। ਇਸੇ ਲਈ ਉਸਦੀ ਕਵਿਤਾ ਲੋਕ ਕਾਵਿ ਦੇ ਨੇੜੇ ਦੀ ਵਸਤੂ ਬਣ ਗਈ ਹੈ। ਉਸ ਨੇ ਲੋਕ ਕਾਵਿ ਦੀਆਂ ਕਈ ਰੂੜ੍ਹੀਆਂ ਨੂੰ ਆਪਣੀ ਰਚਨਾ ਦਾ ਆਧਾਰ ਬਣਾਇਆ ਹੈ ।

ਲੋਕ ਗੀਤਾਂ ਦੀ ਸ਼ੈਲੀ ਵਿਚ ਦੁਹਰਾਓ ਨੂੰ ਇਕ ਜ਼ਰੂਰੀ ਜੁਗਤ ਦਾ ਦਰਜਾ ਪ੍ਰਾਪਤ ਹੈ। ਦੁਹਰਾਓ ਦੀ ਵਿਸ਼ੇਸ਼ਤਾ ਲੋਕ-ਕਾਵਿ ਦੀ ਪਛਾਣ ਚਿੰਨ੍ਹ ਹੀ ਨਹੀਂ, ਸਗੋਂ ਉਸਦਾ ਸਾਰੰਸ਼ ਵੀ ਹੈ। ਵਿਧਾਤਾ ਸਿੰਘ ਤੀਰ ਨੇ ਦੁਹਰਾਓ ਦੀ ਜੁਗਤ ਨੂੰ ਬਹੁਤ ਵਰਤਿਆ ਹੈ ਜਿਵੇਂ ਓ ਨਿਕਿਆ ਰੱਬਾ, ਜਾਗੋ, ਆਲੇ ਭੋਲੇ, ਮਕੱਈ ਦੀ ਛੱਲੀ ਆਦਿ ਕਵਿਤਾਵਾਂ ਵਿਚ ਦੁਹਰਾਓ ਦੀ ਜੁਗਤ ਨੂੰ ਬਹੁਤ ਵਰਤਿਆ ਗਿਆ ਹੈ । 'ਤੀਰ' ਨੇ ਗੀਤਾਂ ਵਿਚ ਤਾਂ ਅਜੇਹਾ ਸੁਭਾਵਕ ਜਿਹਾ ਦੁਹਰਾਓ ਕੀਤਾ ਹੀ ਹੈ ਉਸ ਦੀ ਇਹ ਪ੍ਰਵਿਰਤੀ ਕਿੱਸਿਆਂ ਵਿਚ ਵੀ ਦਿਖਾਈ ਦੇਂਦੀ ਹੈ ਜਿਵੇਂ ਰੂਪਰਾਣੀ ਸ਼ਕੁੰਤਲਾ ਵਿਚ ਪਿਓ ਧੀ ਦੇ ਮਿਲਾਪ ਸਮੇਂ ਨਾ ਧੀ ਬੋਲੇ ਨਾ ਪਿਓ ਦੀ ਜੁਗਤ ਨੂੰ ਇੰਝ ਦੁਹਰਾਇਆ ਗਿਆ ਹੈ :

ਭਰੀ, ਡੁਲਣੋਂ ਅੱਖ ਬਚਾਣ ਦੋਵੇਂ, ਨਾਹੀਂ ਪਿਓ ਬੋਲੇ ਨਾਹੀਂ ਧੀ ਬੋਲੇ
ਲਗੇ ਅੱਜ ਤੋਂ ਸਾਕ ਮੁਕਾਣ ਦੋਵੇਂ, ਨਾਹੀਂ ਪਿਓ ਬੋਲੇ ਨਾਹੀਂ ਧੀ ਬੋਲੇ
ਪਲੋ ਪੱਲ ਵਿਚ ਰੰਗ ਵਟਾਣ ਦੋਵੇਂ, ਨਾਹੀਂ ਪਿਓ ਬੋਲੇ ਨਾਹੀਂ ਧੀ ਬੋਲੇ,
'ਤੀਰ' ਸਭ ਵੇਖਣ ਖੱਲੇ ਘਾਣ ਦੋਵੇਂ, ਨਾਹੀਂ ਪਿਓ ਬੋਲੇ ਨਾਹੀਂ ਧੀ ਬੋਲੇ ।[16]

ਵਿਧਾਤਾ ਸਿੰਘ ਤੀਰ ਨੇ ਬਾਲ ਕਵਿਤਾਵਾਂ ਵਿਚ ਖਾਸ ਤੌਰ ਤੇ ਲੋਕ ਤੱਤਾਂ ਦੀ ਬਹੁਤ ਖੂਬਸੂਰਤ ਵਰਤੋਂ ਕੀਤੀ ਹੈ। ਬੱਚਿਆਂ ਨੂੰ ਸਿਖਿਆ ਦੇਣ ਲਈ ਅਤੇ ਉਨ੍ਹਾਂ ਦਾ ਮਨੋਰੰਜਨ ਕਰਨ ਲਈ ਕਈ ਸਿਖਿਆਦਾਇਕ ਲੋਕ ਕਹਾਣੀਆਂ ਨੂੰ ਖੂਬਸੂਰਤ ਤੇ ਸਰਲ ਕਾਵਿ-ਰੂਪ ਦਿੱਤਾ ਹੈ। ਇਹ ਕਹਾਣੀਆਂ ਬੱਚਿਆਂ ਨੂੰ ਬੜੀਆਂ ਰੋਚਕ ਲਗਦੀਆਂ ਹਨ ਅਤੇ ਉਨ੍ਹਾਂ ਦੀ ਸੂਝ-ਬੂਝ ਵਿਚ ਵਾਧਾ ਵੀ ਕਰਦੀਆਂ ਹਨ। ਇਹੀ ਕਾਰਣ ਹੈ ਕਿ ਤੀਰ ਦੀ ਕਾਵਿ-ਰਚਨਾ 'ਮਿਠੇ ਮੇਵੇ' ਦੀਆਂ ਚਾਰ ਐਡੀਸ਼ਨਾਂ ਛਪ ਚੁਕੀਆਂ ਹਨ। ਮਿਸਾਲ ਵਜੋਂ 'ਮਾਸੀ ਭਣੇਵਾਂ' ਕਵਿਤਾ ਵਿਚ ਬੱਚਿਆਂ ਲਈ ਇਕ ਪ੍ਰਚਲਿਤ ਗਲ ਕਿ 'ਬਿੱਲੀ ਮਾਸੀ ਹੁੰਦੀ ਹੈ' ਨੂੰ ਬਿਆਨ ਕਰਦੇ ਹੋਏ ਚੂਹੇ ਅਤੇ ਬਿੱਲੀ ਦੀ ਕਹਾਣੀ ਵਿਚ ਚੂਹੇ ਦੀ ਚਲਾਕੀ ਬਾਰੇ ਦਸਿਆ ਗਿਆ ਹੈ। 'ਮਕਰਾ ਖੋਤਾ' ਵਿਚ ਦਸਿਆ ਗਿਆ ਹੈ ਕਿ ਕਿਵੇਂ ਖੋਤਾ ਲੂਣ ਲਦ ਕੇ ਪਾਣੀ ਵਿਚ ਬੈਠ ਜਾਂਦਾ ਸੀ ਤੇ ਫਿਰ ਇਕ ਦਿਨ ਰੂੰ ਲਦੇ ਹੋਣ ਕਰਕੇ ਉਸਦਾ ਬੁਰਾ ਹਾਲ ਹੁੰਦਾ ਹੈ। ਸ਼ੇਰ ਤੇ ਖਰਗੋਸ਼ ਦੀ ਪ੍ਰਸਿੱਧ ਲੋਕ ਕਹਾਣੀ ਕਿ ਕਿਵੇਂ ਜੰਗਲ ਦੇ ਜੀਆਂ ਨੂੰ ਬਚਾਉਣ ਲਈ ਖਰਗੋਸ਼ ਚਾਲ ਚਲਦਾ ਹੈ। ਸ਼ੇਰ ਖੂਹ ਵਿਚ ਝਾਕਦਾ ਹੈ ਤੇ ਆਪਣੇ ਪਰਛਾਵੇਂ ਨੂੰ ਦੂਜਾ ਸ਼ੇਰ ਸਮਝ ਕੇ ਖੂਹ ਵਿਚ ਛਾਲ ਮਾਰਦਾ ਹੈ ਤੇ ਮਰ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਤਿੰਨ ਬਿੱਲੀਆਂ, ਬਾਬੇ ਦਾ ਝੋਲਾ, ਦੋ ਥਥਲੇ, ਗੋਗੜ ਮਲ, ਕੁੰਜੀ ਜੰਦਰਾ ਆਦਿ ਅਜੇਹੀਆਂ ਕਵਿਤਾਵਾਂ ਹਨ ਜਿਨ੍ਹਾਂ ਵਿਚ ਪ੍ਰਚਲਿਤ ਲੋਕ-ਕਥਾਵਾਂ ਦੇ ਅੰਸ਼ ਪੇਸ਼ ਹੋਏ ਹਨ ।

ਲੋਕ ਕਿਥਾਇਲਾਵਾ ਤੋਂ 'ਮਿਠੇ ਮੇਵੇ' ਸੰਗ੍ਰਹਿ ਵਿਚ 'ਲੋਰੀ', 'ਪੀਂਘ ਦਾ ਗੀਤ',

'ਅਜ ਵਿਸਾਖੀ ਏ' ਆਦਿ ਰਚਨਾਵਾਂ ਵੀ ਲੋਕ ਜੀਵਨ ਨਾਲ ਸੰਬੰਧਿਤ ਹਨ। ਇਨ੍ਹਾਂ ਤੋਂ ਇਲਾਵਾ ਕੁਝ ਕਵਿਤਾਵਾਂ ਬੱਚਿਆਂ ਦੀਆਂ ਆਮ ਖੇਡਾਂ ਨਾਲ ਵੀ ਸੰਬੰਧਿਤ ਹਨ ਜੋ ਸਾਡੇ ਲੋਕ ਜੀਵਨ ਦਾ ਵਡਮੁੱਲਾ ਹਿੱਸਾ ਹਨ ਜਿਵੇਂ ਮੇਰੀ ਗੁਡੀ, ਮੇਰੀ ਚਰਖੀ, ਮੇਰੀਆਂ ਖੇਡਾਂ, ਕਾਠ ਦਾ ਘੋੜਾ, ਮੇਰੀ ਬੇੜੀ ਆਦਿ :

ਵਾਹ ਵਾਹ ਜੀ, ਇਹ ਮੇਰਾ ਘੋੜਾ। ਤਿੱਖਾ ਜੀ, ਇਹ ਉਡਣਾ ਲੋਹਾੜਾ।
ਖੁੱਲ੍ਹੀਆਂ ਜੀ, ਇਹ ਦੌੜਾਂ ਲਾਵੇ। ਜਾਂਦਾ ਜੀ, ਇਹ ਹੱਥ ਨਾ ਆਵੇ।
ਇਸਨੂੰ ਜੀ ਮੈਂ ਜਦ ਵੀ ਚਾਹਵਾਂ। ਦੁੜਕੀ ਜੀ ਮੈਂ ਖੂਬ ਦੁੜਾਵਾਂ।
ਤੁਰਦਾ ਜੀ, ਇਹ ਬੰਜਰ ਰੌੜੇ, ਖਡ ਤੋਂ ਜੀ, ਇਹ ਟਪ ਟਪ ਦੌੜੇ।
ਕਹਿੰਦਾ ਜੀ, ਏਹ ਸਦਾ ਅਲਾਣਾ। ਖਾਂਦਾ ਜੀ, ਨਹੀਂ ਘਾਹ ਤੇ ਦਾਣਾ।
ਦੁੜਕੀ ਜੀ, ਪੋਈਏ ਦੀਆਂ ਚਾਲਾਂ। ਜਾਣੇ ਜੀ, ਇਹ ਟਾਪ ਰਵਾਲਾਂ।
ਲੱਤਾ ਜੀ, ਨਹੀਂ ਇਸਨੂੰ ਲੱਗੀਆਂ। ਅੱਖਾਂ ਜੀ ਹਨ, ਨਿਰੀਆਂ ਠੱਗੀਆਂ।
ਲੰਮਾ ਜੀ, ਇਹ ਲੰਮ ਸਲੰਮਾ। ਰਹਿੰਦਾ ਜੀ, ਨਾ ਕਦੇ ਨਿਕੰਮਾ।
ਬਣਿਆ ਜੀ, ਇਹ ਕਾਠ ਕਠੋੜਾ। ਆਹਾ ਜੀ, ਇਹ ਕਾਠੀ ਘੋੜਾ।[11]

ਵਿਧਾਤਾ ਸਿੰਘ ਤੀਰ ਨੇ ਲੋਕ ਜੀਵਨ ਵਿਚੋਂ ਕਈ ਚਿੰਨ੍ਹ, ਅਲੰਕਾਰ ਤੇ ਬਿੰਬ ਆਦਿ ਲੈ ਕੇ ਆਪਣੇ ਭਾਵਾਂ ਨੂੰ ਪ੍ਰਗਟਾਇਆ ਹੈ। ਕਵੀ ਦੇ ਵਰਤੇ ਹੋਏ ਲੋਕ ਰੂਪਕ ਤੇ ਉਪਮਾਵਾਂ ਸਾਡੇ ਲੋਕ ਜੀਵਨ ਦੀ ਨਵੀਨਤਾ ਤੇ ਸਜਰੇਪਨ ਨਾਲ ਸੰਬੰਧਿਤ ਹਨ ਤੇ ਉਨ੍ਹਾਂ ਰਾਹੀਂ ਅਲ੍ਹੜ ਭਾਵਨਾਵਾਂ ਤੇ ਸੂਖਮ ਛੋਹਾਂ ਨੂੰ ਪੇਸ਼ ਕੀਤਾ ਗਿਆ ਹੈ। ਲੋਕ ਗੀਤਾਂ ਵਿਚ ਅਮੂਰਤ ਵਰਣਨ ਨਹੀਂ ਹੁੰਦਾ। ਹਰ ਗਲ ਨੂੰ ਸਮੂਰਤ ਰੂਪ ਵਿਚ ਪੇਸ਼ ਕੀਤਾ ਹੁੰਦਾ ਹੈ। ਵਿਧਾਤਾ ਸਿੰਘ ਤੀਰ ਦੀ ਕਵਿਤਾ ਵਿਚ ਸਮੂਰਤੀਕਰਣ ਰਾਹੀਂ ਹੀ ਸਾਰੀਆਂ ਭਾਵਨਾਵਾਂ ਤੇ ਸੰਵੇਦਨਾਵਾਂ ਨੂੰ ਅੰਕਿਤ ਕੀਤਾ ਗਿਆ ਹੈ। ਵਿਧਾਤਾ ਸਿੰਘ ਤੀਰ ਦੀ ਕਵਿਤਾ ਵਿਚ ਲੋਕ ਕਥਾਵਾਂ ਤੇ ਪੌਰਾਣਿਕ ਕਥਾਵਾਂ ਦਾ ਜੋ ਵੀ ਆਧਾਰ ਹੈ ਉਹ ਸਮੂਰਤ ਸਿਰਜਣਾ ਨੂੰ ਹੀ ਪੇਸ਼ ਕਰਦਾ ਹੈ।

ਵਿਧਾਤਾ ਸਿੰਘ ਤੀਰ ਦੀ ਕਵਿਤਾ ਦੀ ਸਭ ਤੋਂ ਵਡੀ ਵਿਸ਼ੇਸ਼ਤਾ ਉਸ ਵਿਚ ਗਾਏ ਜਾਣ ਦਾ ਗੁਣ ਹੈ। ਉਸ ਦੀਆਂ ਕਈ ਕਵਿਤਾਵਾਂ ਲੋਕ ਧੁਨਾਂ ਉਤੇ ਆਧਾਰਿਤ ਹਨ ਜੋ ਆਮ ਲੋਕਾਂ ਦੇ ਮਨਾਂ ਨੂੰ ਬਹੁਤ ਟੁੰਬਦੀਆਂ ਹਨ। ਇਨ੍ਹਾਂ ਗੁਣਾਂ ਦੇ ਆਧਾਰ ਤੇ ਹੀ ਅਸੀਂ ਦੇਖਦੇ ਹਾਂ ਕਿ ਵਿਧਾਤਾ ਸਿੰਘ ਤੀਰ ਦੇ ਕਾਵਿ ਸੰਗ੍ਰਹਿ ਆਮ ਲੋਕਾਂ ਵਿਚ ਬਹੁਤ ਪ੍ਰਸਿੱਧ ਹੋਏ ਅਤੇ ਇਨ੍ਹਾਂ ਨੂੰ ਮਿਲੀ ਲੋਕ ਪ੍ਰਿਯਤਾ ਦਾ ਸਦਕਾ ਹੀ ਉਸਦੇ ਕਾਵਿ ਸੰਗ੍ਰਹਿ ਕਈ ਕਈ ਐਡੀਸ਼ਨਾਂ ਵਿਚ ਛਪਦੇ ਰਹੇ ਹਨ।

ਵਿਧਾਤਾ ਸਿੰਘ ਤੀਰ ਨੇ ਕਈ ਗੀਤ ਲੰਮੀ ਹੇਕ ਵਾਲੀਆਂ ਲੋਕ ਤਰਜ਼ਾਂ ਉਤੇ ਗਾਏ ਜਾਣ ਵਾਲੇ ਵੀ ਲਿਖੇ ਹਨ। ਜਿਵੇਂ : ਵਾਰ ਹਰਗੋਬਿੰਦਪੁਰੇ ਦੀ, ਰਾਵੀਏ ਨੀ, ਅਣਖੀਲੇ ਪੰਥ ਦੀ ਵਾਰ, ਪੁਰਾਤਨ ਜਥੇਦਾਰ ਦੀ ਵਾਰ, ਦਿੱਲੀ ਨੂੰ ਆਦਿ। ਇਨ੍ਹਾਂ ਕਵਿਤਾਵਾਂ ਵਿਚ ਸੰਗੀਤ ਦਾ ਤੱਤ ਵਿਸ਼ੇਸ਼ ਤੌਰ ਤੇ ਖਿੱਚ ਪਾਉਂਦਾ ਹੈ। ਤੀਰ ਦੇ ਲਿਖੇ ਹੋਏ ਕਈ ਗੀਤ ਸੰਗੀਤਕ ਧੁਨਾਂ ਉਪਰ ਆਧਾਰਿਤ ਹਨ ਜਿਵੇ : ਅਣਿਆਲੇ ਤੀਰ ਵਿਚਲੇ ਕੁਝ ਧਾਰਮਿਕ ਗੀਤ ਆਦਿ। ਸੰਗੀਤ ਨੂੰ ਉਪਜਾਉਣ ਲਈ ਵਿਧਾਤਾ ਸਿੰਘ ਤੀਰ ਨੇ ਸ਼ਬਦਾਵਲੀ, ਲੈਅ,

ਰਿਦਮ, ਚਾਲ ਆਦਿ ਗੁਣਾਂ ਦੀ ਬੜੀ ਸੁਚੱਜੀ ਵਰਤੋਂ ਕੀਤੀ ਹੈ । ਇਸੇ ਲਈ ਉਸਦੇ ਗੀਤ ਲੋਕਾਂ ਦੇ ਮੂੰਹ ਉਪਰ ਛੇਤੀ ਚੜ੍ਹ ਜਾਂਦੇ ਸਨ ।

ਵਿਧਾਤਾ ਸਿੰਘ ਤੀਰ ਨੇ ਹੇਠ-ਲਿਖੇ ਲੋਕ-ਕਾਵਿ ਰੂਪਾਂ ਨੂੰ ਵਰਤਿਆ ਹੈ :

1. ਬਾਰਾਮਾਂਹ

ਬਾਰਾਮਾਂਹ ਇਕ ਅਜੇਹਾ ਲੋਕ-ਕਾਵਿ ਰੂਪ ਹੈ ਜਿਸ ਵਿਚ ਮੁੱਖ ਤੌਰ ਤੇ ਵਿਯੋਗ ਦੀਆਂ ਭਾਵਨਾਵਾਂ ਨੂੰ ਪੇਸ਼ ਕੀਤਾ ਜਾਂਦਾ ਹੈ । ਇਸ ਵਿਚ ਬਿਕ੍ਰਮੀ ਸੰਮਤ ਦੇ ਬਾਰਾਂ ਮਹੀਨਿਆਂ ਨੂੰ ਆਧਾਰ ਬਣਾ ਕੇ ਵਰਣਨ ਗੋਚਰੇ ਭਾਵਾਂ ਨੂੰ ਪੇਸ਼ ਕੀਤਾ ਜਾਂਦਾ ਹੈ । ਇਸ ਕਾਵਿ-ਰੂਪ ਦੀ ਸੈਲੀ ਲਗਭਗ ਨਿਸ਼ਚਿਤ ਹੀ ਰਹੀ ਹੈ ਜਿਸ ਵਿਚ ਹਰ ਕਵੀ ਨੇ ਚੇਤਰ ਦੇ ਮਹੀਨੇ ਤੋਂ ਆਪਣੇ ਵਰਣਨ ਦਾ ਅਰੰਭ ਕਰਕੇ ਫਗਣ ਦੇ ਮਹੀਨੇ ਉਪਰ ਮੁਕਾਇਆ ਹੈ । ਇਸ ਕਾਵਿ ਰੂਪ ਦਾ ਛੰਦ ਰੂਪ ਸਥਿਰ ਨਹੀਂ ਹੁੰਦਾ ਕਿਉਂਕਿ ਕਵੀ ਕਿਸੇ ਵੀ ਛੰਦ ਦੀ ਵਰਤੋਂ ਕਰ ਸਕਦਾ ਹੈ ।

ਵਿਧਾਤਾ ਸਿੰਘ ਤੀਰ ਦੇ ਕਿੱਸਾ ਨਲ ਦਮਯੰਤੀ ਵਿਚ ਬਾਰਾਮਾਂਹ ਕਾਵਿ ਰੂਪ ਮਿਲਦਾ ਹੈ । ਬਾਰਾਮਾਂਹ ਵਿਚ ਆਮ ਤੌਰ ਤੇ ਹਰ ਮਹੀਨੇ ਦੀ ਵਿਸ਼ੇਸ਼ਤਾ ਦੇ ਆਧਾਰ ਤੇ ਵਿਯੋਗ ਦਾ ਵਰਣਨ ਕੀਤਾ ਜਾਂਦਾ ਹੈ ਤੇ ਇਸ ਤਰ੍ਹਾਂ ਵਿਯੋਗ ਦੇ ਦੁਖਾਂ ਨੂੰ ਗਿਣ ਗਿਣ ਕੇ ਗਿਆਰਾਂ ਮਹੀਨਿਆਂ ਵਿਚ ਤੜਫਾਂ ਭਰਿਆ ਵਰਣਨ ਚਲਦਾ ਹੈ । ਪਰ ਅਖੀਰ ਤੇ ਬਾਹਰਵੇਂ ਮਹੀਨੇ ਵਿਚ ਗਮਾਂ ਦੇ ਬਦਲ ਹਟ ਜਾਂਦੇ ਹਨ ਤੇ ਖੁਸ਼ੀ ਜਾਂ ਮਿਲਾਪ ਆ ਜਾਂਦਾ ਹੈ । ਪਰ ਰਾਣੀ ਦਮਯੰਤੀ ਦਾ ਵਿਯੋਗ ਏਨਾ ਡੂੰਘਾ ਸੀ ਕਿ ਕੰਤ ਨੂੰ ਮਿਲਣ ਲਈ ਉਹ ਸਾਰਾ ਸਾਲ ਹੀ ਵਿਛੋੜੇ ਵਿਚ ਬਿਤਾਉਂਦੀ ਹੈ । ਇਸ ਲਈ 'ਤੀਰ' ਨੇ ਦਮਯੰਤੀ ਨੂੰ ਪੂਰੇ ਬਾਰਾਂ ਮਹੀਨੇ ਤੜਫਦੀ ਹੋਈ ਦਰਸਾਇਆ ਹੈ । ਬਾਹਰਵੇਂ ਮਹੀਨੇ ਵੀ ਉਹ ਇਹ ਹੀ ਆਖਦੀ ਹੈ ਕਿ :

ਮੈਨੂੰ ਸਿਕਦੇ ਹੋਇਆ ਸਾਲ,
ਲਿਆ ਤਲ ਗਾਲ ਕਰਦਿਆਂ ਭਾਲ,
ਜਾਨ ਤੇ ਬਣੀਆ,
ਪੀਘਾਂ ਬਿਰਹੋਂ ਅੰਦਰ ਵਾਂਝ ਛਾਣਨੀ ਛਾਣਨੀ ।[12]

ਕਿੱਸਾ ਨਲ ਦਮਯੰਤੀ ਵਿਚ 'ਤੀਰ' ਜੀ ਨੇ ਬਾਰਾਮਾਂਹ ਉਦੋਂ ਲਿਆਂਦਾ ਹੈ ਜਦੋਂ ਦਮਯੰਤੀ ਰਾਜ ਤਖਤ ਖੁਸ ਜਾਣ ਤੇ ਪਤੀ ਮਿਲਾਪ ਲਈ ਵਿਛੋੜੇ ਵਿਚ ਦਰ ਦਰ ਦੀਆਂ ਠੋਕਰਾਂ ਖਾਂਦੀ ਅਖੀਰ ਵਿਦਰਭ ਮਾਂ ਬਾਪ ਕੋਲ ਰਾਜ ਮਹੱਲਾਂ ਵਿਚ ਆਉਂਦੀ ਹੈ ਅਤੇ ਪਤੀ ਮਿਲਾਪ ਲਈ ਤੜਫਦੀ ਆਪਣੀ ਡੂੰਘੀ ਵਿਯੋਗ ਭਾਵਨਾਂ ਨੂੰ ਬਾਰਾਮਾਂਹ ਵਿਚ ਪ੍ਰਗਟ ਕਰਦੀ ਹੈ ।

ਵਿਧਾਤਾ ਸਿੰਘ ਤੀਰ ਨੇ ਵੀ ਬਾਰਾਮਾਂਹ ਚੇਤਰ ਦੇ ਮਹੀਨੇ ਤੋਂ ਸ਼ੁਰੂ ਕੀਤਾ ਹੈ :

ਕੀ ਚੜ੍ਹਿਆ ਚੇਤਰ ਮਾਂਹ, ਪੀਆ ਘਰ ਨਾਂਹ,
ਨੀ ਮੇਰੀਏ ਮਾਂ ਮੈਂ ਕਰਮਾ ਮਾਰੀ,
ਮੇਰਾ ਲੂੰ ਲੂ ਕਰੇ ਪੁਕਾਰ ਹੋਈ ਦੁਖਿਆਰੀ ।[13]

ਚੇਤਰ ਤੋਂ ਲੈ ਕੇ ਫੱਗਣ ਤਕ ਤੀਰ ਜੀ ਨੇ ਦਮਯੰਤੀ ਦੀਆਂ ਵਿਲਕਣੀਆਂ ਨੂੰ

ਸ਼ਬਦਾਂ ਵਿਚ ਉਤਾਰਿਆ ਹੈ। ਉਸਦੀ ਹਰ ਘੜੀ, ਹਰ ਰਾਤ ਅਤੇ ਹਰ ਦਿਨ ਆਪਣੇ ਪਤੀ ਨਲ ਦੀ ਯਾਦ ਵਿਚ ਹੀ ਬੀਤਦਾ ਹੈ। ਉਸਨੂੰ ਕੋਈ ਹਾਰ ਸ਼ਿੰਗਾਰ ਵੀ ਨਹੀਂ ਭਾਉਂਦਾ :

...ਸਭ ਉਜੜੇ ਜਾਪਣ ਬਾਗ,
ਹਾਰ ਗਲ ਨਾਗ,
ਬਿੰਦੀ ਦੁਖ ਦਾਗ ਮੱਥੇ ਤੇ ਲਗਦੀ,
ਪਈ ਨੈਣਾਂ ਵਿਚੋਂ ਨੇਹ ਹੋ ਰਾਤ ਦੀ ਵਗਦੀ...[14]

ਇਸ ਬਾਰਾਮਾਂਹ ਵਿਚ ਤੀਰ ਜੀ ਨੇ ਪ੍ਰਕਿਰਤੀ ਵਿਚੋਂ ਬਸੰਤ, ਧੂੜ ਆਦਿ ਦਾ ਵਰਣਨ ਤਾਂ ਕੀਤਾ ਹੈ ਪਰ ਜਿਵੇਂ ਅਕਸਰ ਬਾਰਾਮਾਂਹ ਵਿਚ ਹੁੰਦਾ ਹੈ ਕਿ ਕਵੀ ਪ੍ਰਕਿਰਤੀ ਚਿਤਰਨ ਦਾ ਵਧੇਰੇ ਸਹਾਰਾ ਲੈਂਦਾ ਹੈ ਅਤੇ ਵਿਯੋਗਣੀ ਦੀਆਂ ਭਾਵਨਾਵਾਂ ਨੂੰ ਪ੍ਰਕਿਰਤੀ ਚਿਤਰਨ ਨਾਲ ਸੰਬੰਧਿਤ ਕਰਦਾ ਹੈ ਪਰ ਤੀਰ ਜੀ ਨੇ ਅਜੇਹਾ ਨਹੀਂ ਕੀਤਾ। ਉਨ੍ਹਾਂ ਨੇ ਕੁਦਰਤ ਦੇ ਚਿਤਰਾਂ ਨੂੰ ਘਟ ਹੀ ਵਰਤਿਆ ਹੈ। ਉਨ੍ਹਾਂ ਨੇ ਦਮਯੰਤੀ ਦੀਆਂ ਭਾਵਨਾਵਾਂ ਨੂੰ ਇਨ੍ਹਾਂ ਪ੍ਰਕਿਰਤੀ ਦੇ ਨਜ਼ਾਰਿਆਂ ਨਾਲ ਸਾਂਝ ਵਿਚ ਪੇਸ਼ ਨਹੀਂ ਕੀਤਾ ਸਗੋਂ ਬਹੁਤਾ ਦਮਯੰਤੀ ਦੇ ਹਾਵਾਂ ਭਾਵਾਂ ਦਾ ਹੀ ਵਰਣਨ ਕੀਤਾ ਹੈ। ਇਸ ਲਈ ਹਰ ਮਹੀਨੇ ਦੇ ਬਿਆਨ ਵਿਚ ਦੀਦ ਦੀ ਖਿਚ, ਮਿਲਾਪ ਲਈ ਅਰਦਾਸ ਤੇ ਸੰਯੋਗ ਦੀ ਕਾਮਨਾ ਹੀ ਜ਼ਿਆਦਾ ਬਿਆਨ ਕੀਤੀ ਗਈ ਹੈ।

2. ਸਤਵਾਰਾ

ਗੀਤਾਂ ਵਿਚ ਹਫਤੇ ਦੇ ਸਤ ਦਿਨਾਂ ਦਾ ਵਰਣਨ ਵੀ ਆਉਂਦਾ ਹੈ ਤੇ ਕਈ ਗੀਤ ਜੋ ਇਨ੍ਹਾਂ ਦਿਨਾਂ ਨਾਲ ਸਬੰਧਤ ਹੁੰਦੇ ਹਨ ਉਨ੍ਹਾਂ ਨੂੰ ਸਤਵਾਰਾ ਕਿਹਾ ਜਾਂਦਾ ਹੈ।

ਇਸ ਕਵਿਤਾ ਦਾ ਬੰਦ ਹਰ ਹਫਤੇ ਦੇ ਦਿਨ ਨਾਲ ਕ੍ਰਮਵਾਰ ਆਰੰਭ ਹੁੰਦਾ ਹੈ ਅਤੇ ਸੱਤ ਦਿਨ ਦੇ ਨਾਵਾਂ ਉਤੇ ਕਵਿਤਾ ਰਚੀ ਜਾਂਦੀ ਹੈ। ਆਮ ਤੌਰ ਤੇ ਸਤਵਾਰਾ ਐਤਵਾਰ ਤੋਂ ਸ਼ੁਰੂ ਕੀਤਾ ਜਾਂਦਾ ਹੈ, ਪਰ ਮੁਸਲਮਾਨ ਕਵੀ ਸ਼ਨੀਵਾਰ ਤੋਂ ਸ਼ੁਰੂ ਕਰਦੇ ਹਨ ਕਿਉਂਕਿ ਉਨਾਂ ਦਾ ਹਫਤਾ ਸ਼ਨੀਵਾਰ ਤੋਂ ਸ਼ੁਰੂ ਹੁੰਦਾ ਹੈ। ਸੱਤਵਾਰੇ ਦਾ ਵਿਸ਼ਾ ਆਮ ਤੌਰ ਤੇ ਬਿਰਹਾ ਤੇ ਵਿਯੋਗ ਹੀ ਹੁੰਦਾ ਹੈ। ਭਾਵ ਪ੍ਰੀਤਮ ਦੇ ਵਿਛੋੜੇ ਦਾ ਦੁਖ ਜਾਂ ਉਸਦੇ ਮਿਲਾਪ ਦੀ ਸਿੱਕ।

ਵਿਧਾਤਾ ਸਿੰਘ ਤੀਰ ਨੇ 'ਕਿੱਸਾ ਨਲ ਦਮਯੰਤੀ' ਵਿਚ ਸਤਵਾਰੇ ਦੀ ਰਚਨਾ ਕੀਤੀ ਹੈ ਜਦੋਂ ਦਮਯੰਤੀ ਆਪਣੇ ਪਤੀ ਤੋਂ ਵਿਛੜ ਕੇ ਉਸਦੀ ਭਾਲ ਅੰਦਰ ਜੰਗਲਾਂ ਵਿਚ ਭਟਕਦੀ ਫਿਰਦੀ ਹੈ ਤਾਂ ਉਹ ਕਈ ਦੁੱਖਾਂ ਦਾ ਸ਼ਿਕਾਰ ਹੁੰਦੀ ਹੈ। ਜਦੋਂ ਉਹ ਬਬਰ ਸ਼ੇਰ ਤੋਂ ਜਾਨ ਬਚਾ ਕੇ ਚਲਦੀ ਹੈ ਤਾਂ ਉਸਦੇ ਵਿਯੋਗ ਨੂੰ ਕਵੀ ਨੇ ਸਤਵਾਰਾ ਕਾਵਿ ਰੂਪ ਵਿਚ ਪੇਸ਼ ਕੀਤਾ ਹੈ। 'ਤੀਰ' ਦੀ ਵਿਸ਼ੇਸ਼ਤਾ ਇਹ ਹੈ ਕਿ ਉਸਨੇ ਪਰੰਪਰਾ ਅਨੁਸਾਰ ਸਤਵਾਰੇ ਨੂੰ ਨਾ ਐਤਵਾਰ ਤੋਂ ਸ਼ੁਰੂ ਕੀਤਾ ਹੈ ਅਤੇ ਨਾ ਸ਼ਨੀਵਾਰ ਤੋਂ ਸਗੋਂ ਵਖਰੇ ਰੂਪ ਵਿਚ ਇਸਨੂੰ ਮੰਗਲਵਾਰ ਤੋਂ ਸ਼ੁਰੂ ਕੀਤਾ ਹੈ।

ਵਿਧਾਤਾ ਸਿੰਘ ਤੀਰ ਨੇ ਰੂਪਰਾਣੀ ਸ਼ਕੁੰਤਲਾ ਵਿਚ ਵੀ ਇਕ ਸਤਵਾਰੇ ਦੀ ਰਚਨਾ ਕੀਤੀ ਹੈ ਪਰ ਇਹ ਸਤਵਾਰਾ ਉਨ੍ਹਾਂ ਨੇ ਪਰੰਪਰਾ ਅਨੁਸਾਰ ਐਤਵਾਰ ਤੋਂ ਹੀ ਸ਼ੁਰੂ ਕੀਤਾ ਹੈ :

ਆਇਤ, ਆਪ ਗਿਆ ਦਿਲ ਜਾਨੀ, ਮੈਨੂੰ ਲਾ ਬਿਰਹੋਂ ਦੀ ਕਾਨੀ,
ਨੀ ਮੈਂ ਝੱਲੀ ਅਤੇ ਦੀਵਾਨੀ, ਰਹਿ ਗਈ ਕਰਮਾਂ ਮਾਰੀ ਨੀ,
ਨਿਕਰਮਣ ਰੋ ਰੋ ਹਾਰੀ ਨੀ..........[15]

'ਤੀਰ' ਜੀ ਦੇ ਇਨ੍ਹਾਂ ਦੋਹਾਂ ਸਤਵਾਰਿਆਂ ਵਿਚ ਤੜਪਦੀ ਤੇ ਲੁਛਦੀ ਪ੍ਰੇਮਿਕਾ ਦੇ ਵਿਯੋਗ ਦੀ ਪੂਰਣ ਤਸਵੀਰ ਮਿਲਦੀ ਹੈ। ਜਿਸਦਾ ਇਕ ਇਕ ਪਲ ਸਾਲ ਵਿਚ ਬੀਤਦਾ ਹੈ। ਉਧਰ ਦਮਯੰਤੀ ਪ੍ਰੀਤਮ ਮਿਲਾਪ ਦੀ ਸਿੱਕ ਵਿਚ ਪਾਗਲਾਂ ਵਾਂਗ ਜੰਗਲ ਬੇਲਿਆਂ ਵਿਚ ਆਪਣੇ ਪਤੀ ਨੂੰ ਢੂੰਡਦੀ ਫਿਰਦੀ ਹੈ ਤੇ ਇਧਰ ਰੂਪਰਾਣੀ ਸ਼ਕੁੰਤਲਾ ਆਪਣੇ ਪਤੀ ਦੁਸ਼ਯੰਤ ਦੀ ਲੰਬੀ ਉਡੀਕ ਕਰਨ ਤੋਂ ਮਗਰੋਂ ਉਸਨੂੰ ਲੱਭਣ ਲਈ ਇਕਲੀ ਚਲ ਪੈਂਦੀ ਹੈ। ਇਨ੍ਹਾਂ ਦੋਹਾਂ ਦੇ ਵਿਯੋਗ ਨੂੰ ਤੀਰ ਜੀ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਉਘਾੜਿਆ ਹੈ ਅਤੇ ਸਤਵਾਰੇ ਰਾਹੀਂ ਇਨ੍ਹਾਂ ਨੇ ਦੋਹਾਂ ਦੀ ਦੁਖੀ ਹਾਲਤ ਦਾ ਬੜਾ ਸਹੀ ਵਰਣਨ ਕੀਤਾ ਹੈ। ਅਤੇ ਇਹ ਕਿਹਾ ਜਾ ਸਕਦਾ ਹੈ ਕਿ ਸਤਵਾਰਿਆਂ ਵਿਚ ਤੀਰ ਜੀ ਨੇ ਵਿਯੋਗ ਦਾ ਜਿਨਾਂ ਚੰਗਾ ਵਰਣਨ ਕੀਤਾ ਹੈ, ਉਹ ਬਾਰਾਮਾਂਹ ਵਿਚ ਨਜ਼ਰੀ ਨਹੀਂ ਪੈਂਦਾ।

3. ਵਾਰ

ਵਾਰ ਪੰਜਾਬ ਦਾ ਨਵੇਕਲਾ ਲੋਕ ਕਾਵਿ ਰੂਪ ਹੈ, ਜੋ ਪੰਜਾਬੀ ਸਾਹਿਤ ਅਤੇ ਸਭਿਆਚਾਰ ਵਿਚ ਆਰੰਭ ਤੋਂ ਹੀ ਪ੍ਰਚਲਿਤ ਹੈ। ਵਾਰ ਦਾ ਰੂਪ ਲੋਕ ਸਮੂਹ ਨਾਲ ਸੰਬੰਧਿਤ ਹੈ ਕਿਉਂਕਿ ਇਸ ਵਿਚ ਅਕਸਰ ਲੋਕ ਸਮੂਹ ਇਕਠਿਆਂ ਗਾ ਉਠਦਾ ਹੈ ਅਤੇ ਉਨ੍ਹਾਂ ਦੇ ਗਾਣ ਵਿਚ ਸਮੂਹਿਕ ਜੀਵਨ ਪ੍ਰਤਿਬਿੰਬਤ ਹੁੰਦਾ ਹੈ। ਇਹ ਸਮੂਹਿਕਤਾ ਹੀ ਵਾਰ ਦਾ ਨਵੇਕਲਾ ਪਛਾਣ ਚਿਨ ਹੈ। 'ਤੀਰ' ਦੀ ਕਵਿਤਾ ਵਿਚ ਲੋਕ ਸੰਬੋਧਨ ਇਕ ਵਿਸ਼ੇਸ਼ ਜੁਗਤ ਵਜੋਂ ਮੌਜੂਦ ਹੈ। ਇਸ ਲਈ ਉਨ੍ਹਾਂ ਨੇ ਵਾਰਾਂ ਦੀ ਬਹੁਤ ਜ਼ਿਆਦਾ ਰਚਨਾ ਕੀਤੀ ਹੈ ਕਿਉਂਕਿ ਵਾਰਾਂ ਵਿਚ ਲੋਕ ਸੰਬੋਧਨ ਦਾ ਬਹੁਤ ਜਰੂਰੀ ਆਧਾਰ ਹੁੰਦਾ ਹੈ। ਲੋਕ ਸੰਪਰਕ ਇਸ ਕਾਵਿ ਰੂਪ ਦੀ ਰਗ ਰਗ ਵਿਚ ਸਮਾਇਆ ਹੋਇਆ ਹੈ। ਵਾਰਾਂ ਵਿਚ ਲੋਕ ਸਮੂਹ ਇਤਨਾ ਪ੍ਰਤਿਨਿਧ ਬਣ ਜਾਂਦਾ ਹੈ ਕਿ ਕਵੀ ਦਾ ਆਪਣਾ ਵਿਅਕਤਿਤਵ ਵੀ ਪਿੱਛੇ ਰਹਿ ਜਾਂਦਾ ਹੈ।

ਵਿਧਾਤਾ ਸਿੰਘ ਤੀਰ ਨੇ ਸਿੱਖ ਇਤਿਹਾਸ ਦੇ ਕਈ ਬਿਰਤਾਤਾਂ ਨੂੰ ਆਧਾਰ ਬਣਾ ਕੇ ਉਨ੍ਹਾਂ ਨੂੰ ਵਾਰਾਂ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਸਦੇ ਨਾਲ ਹੀ ਲੋਕ ਸਮੂਹ ਦੀਆਂ ਭਾਵਨਾਵਾਂ ਨੂੰ ਬੜੀ ਚੰਗੀ ਤਰ੍ਹਾਂ ਬਿਆਨ ਕੀਤਾ ਗਿਆ ਹੈ, ਕਿਉਂਕਿ ਇਹ ਪੱਖ ਪੰਜਾਬੀ ਜੀਵਨ ਤੇ ਸਭਿਆਚਾਰ ਦੇ ਗੌਰਵਮਈ ਇਤਿਹਾਸ ਨਾਲ ਸੰਬੰਧਿਤ ਸਨ। ਇਸੇ ਲਈ ਇਨ੍ਹਾਂ ਵਿਚ ਲੋਕ ਅਪੀਲ ਵੀ ਬਹੁਤ ਵਧੇਰੇ ਸੀ। ਕਹਿਣ ਦਾ ਭਾਵ ਇਹ ਕਿ ਸਮੁੱਚਾ ਲੋਕ ਸਮੂਹ ਆਪਣੇ ਸਰਵ ਪ੍ਰਵਾਨਿਤ ਨਾਇਕ/ਨਾਇਕਾਵਾਂ ਤੇ ਸਰਬ ਸਾਂਝੇ ਸਭਿਆਚਾਰਕ ਪੱਖਾਂ ਨੂੰ ਪੂਰੀ ਲਗਨ ਤੇ ਭਾਵਨਾਵਾਂ ਨਾਲ ਸੁਣਦਾ ਤੇ ਅਨੰਦ ਮਾਣਦਾ ਸੀ।

ਵਿਧਾਤਾ ਸਿੰਘ ਤੀਰ ਦੁਆਰਾ ਲਿਖੀਆਂ ਹੋਈਆਂ ਕੁਝ ਪ੍ਰਮੁੱਖ ਵਾਰਾਂ ਹੇਠ ਲਿਖੇ ਅਨੁਸਾਰ ਹਨ :

ਵਾਰ ਹਰਗੋਬਿੰਦਪੁਰੇ ਦੀ, ਪੁਰਾਤਨ ਜਥੇਦਾਰ ਦੀ ਵਾਰ, ਅਕਾਲੀ ਝੰਡੇ ਦੀ ਵਾਰ,

ਅਣਖੀਲੇ ਪੰਥ ਦੀ ਵਾਰ ।

ਕਾਵਿ ਸੰਗ੍ਰਹਿ ਤੋਂ ਛੁੱਟ ਵਿਧਾਤਾ ਸਿੰਘ ਤੀਰ ਨੇ ਕਿੱਸਿਆਂ ਵਿਚ ਵੀ ਵਾਰ ਰੂਪ ਦੀ ਰਚਨਾ ਕੀਤੀ ਜਿਵੇਂ ਦਸਮੇਸ਼ ਦਰਸ਼ਨ ਅਤੇ ਬੰਦਾ ਬਹਾਦਰ ਵਿਚ ।

4. **ਮਿਰਜ਼ਾ**

ਮਿਰਜ਼ੇ ਦੀ ਸਦ ਲੰਮੀ ਹੇਕ ਨਾਲ ਗਾਇਆ ਜਾਣ ਵਾਲਾ ਇਕ ਲੋਕ ਪ੍ਰਿਯ ਪੇਂਡੂ ਗੀਤ ਹੈ । ਪੰਜਾਬੀ ਲੋਕ ਜੀਵਨ ਵਿਚ ਇਸ ਕਾਵਿ ਰੂਪ ਦੀ ਬਹੁਤ ਮਹੱਤਾ ਹੈ । ਮਿਰਜ਼ੇ ਦੀ ਤਰਜ਼ ਪੰਜਾਬੀ ਦੇ ਲੋਕ ਗੀਤਾਂ ਦਾ ਸ਼ਿੰਗਾਰ ਹੈ ਜੋ ਲੰਮੀ ਹੇਕ ਵਿਚ ਗਾ ਕੇ ਬੜਾ ਉਤਸ਼ਾਹੀ ਪ੍ਰਭਾਵ ਸਿਰਜਦੀ ਹੈ । ਵਿਧਾਤਾ ਸਿੰਘ ਤੀਰ ਨੇ ਮਿਰਜ਼ੇ ਦੀ ਤਰਜ਼ ਨੂੰ ਬੜੇ ਅਗਰਗਾਮੀ ਪ੍ਰਭਾਵ ਲਈ ਵਰਤਿਆ ਹੈ । ਇਸ ਬੀਰ ਰਸੀ ਸੁਰ ਵਾਲੀ ਤਰਜ ਦੀ ਵਰਤੋਂ ਕਰਕੇ ਉਸਨੇ ਸੁੱਤੇ ਹੋਏ ਕਿਸਾਨਾਂ ਨੂੰ ਹਲੂਣ ਕੇ ਜਗਾਇਆ ਹੈ :

ਉਠ ਕਿਸਾਨਾ ! ਸੁੱਤਿਆ, ਉਠ ! ਤੇ ਅੱਖੀਆਂ ਖੋਲ੍ਹ ।
ਸੁੱਤਿਆ ਸੁੱਤਿਆ ਹੀਰਿਆ, ਤੇਰਾ ਲੁੱਟਿਆ ਜਾ ਰਿਹਾ ਬੋਲ੍ਹ ।
ਡਾਕੂ ਨੀ ਲੈ ਜਾ ਰਹੇ, ਚੋਰੀ ਭਰ ਭਰ ਝੋਲ ।
ਤੇਰੇ ਲਈ ਵਣਜਾਰਿਆ, ਰੱਖ ਲਏ ਕਾਣੇ ਤੋਲ ।[16]

5. **ਅਲਾਹੁਣੀ**

ਅਲਾਹੁਣੀ ਅਜੇਹਾ ਗੀਤ ਹੈ ਜਿਸ ਵਿਚ ਕਿਸੇ ਮੋਏ ਹੋਏ ਪ੍ਰਾਣੀ ਦੇ ਗੁਣ ਗਾਏ ਜਾਂਦੇ ਹਨ । ਇਹ ਮਾਤਮੀ ਗੀਤ ਹੈ ਜਿਸਦੀ ਪੰਜਾਬੀ ਕਾਵਿ ਵਿਚ ਅਮੀਰ ਪਰੰਪਰਾ ਹੈ । ਪੰਜਾਬੀ ਲੋਕ ਜੀਵਨ ਵਿਚ ਅਲਾਹੁਣੀਆਂ ਗਾਉਣ ਦਾ ਬਹੁਤ ਪੁਰਾਣਾ ਰਿਵਾਜ ਹੈ ਜਿਥੇ ਕਿਸੇ ਮੋਏ ਹੋਏ ਸੰਬੰਧੀ ਦਾ ਸਿਆਪਾ ਕਰਨ ਲਈ ਤੀਵੀਆਂ ਇਕੱਠੀਆਂ ਹੁੰਦੀਆਂ ਹਨ ਤੇ ਨੈਣ ਜਾਂ ਕੋਈ ਵਡੇਰੀ ਤੀਵੀਂ ਅਲਾਹੁਣੀ ਦੀ ਤੁੱਕ ਨੂੰ ਛੁਹਦੀ ਹੈ ਤੇ ਬਾਕੀ ਦੀਆਂ ਪਿਛੇ ਗਾਉਂਦੀਆਂ ਰੋਂਦੀਆਂ ਪਿਟਦੀਆਂ ਹਨ । ਵਿਧਾਤਾ ਸਿੰਘ ਤੀਰ ਨੇ ਇਸ ਕਾਵਿ ਰੂਪ ਦੀ ਰਚਨਾ ਕੀਤੀ ਹੈ । ਉਸਦੀ ਇਸ ਰੂਪ ਵਾਲੀ ਵਿਸ਼ੇਸ਼ ਰਚਨਾ 'ਮੋਏ ਪੁਤਰ ਦੀ ਯਾਦ ਵਿਚ' ਹੈ ਜਿਸ ਵਿਚ ਉਸਨੇ ਬਾਵਾ ਬੁੱਧ ਸਿੰਘ ਦੀ ਮੌਤ ਸਮੇਂ ਮਰਸੀਆਂ ਲਿਖਿਆ ਸੀ ਅਤੇ ਪੰਜਾਬੀ ਮਾਂ ਵਲੋਂ ਡੂੰਘਾ ਦੁੱਖ ਪ੍ਰਗਟਾਇਆ ਸੀ ।

6. **ਚੌਂਕੜੀਆਂ**

ਇਹ ਰੁਬਾਈ ਵਰਗਾ ਕਾਵਿ ਰੂਪ ਹੈ, ਜਿਸਨੂੰ ਤੀਰ ਜੀ ਨੇ ਚੌਂਕੜੀਆਂ ਦਾ ਨਾਂ ਦਿੱਤਾ ਹੈ । ਇਸ ਵਿਚ ਚਾਰ ਤੁੱਕਾਂ ਹੁੰਦੀਆਂ ਹਨ ਅਤੇ ਇਸੇ ਵਿਚ ਹੀ ਇਸਦਾ ਪੈਟਰਨ ਬੱਝਾ ਹੁੰਦਾ ਹੈ । ਰੁਬਾਈ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਇਸ ਵਿਚ ਪਹਿਲੀ, ਦੂਜੀ ਅਤੇ ਚੌਥੀ ਤੁੱਕ ਇਕੋ ਕਾਫੀਏ ਵਿਚ ਹੁੰਦੀ ਹੈ ਅਤੇ ਤੀਜੀ ਤੁੱਕ ਵਖਰੀ ਹੁੰਦੀ ਹੈ । ਵਿਧਾਤਾ ਸਿੰਘ ਤੀਰ ਨੇ ਇਸੇ ਹੀ ਨਿਯਮ ਦੀ ਵਰਤੋਂ ਕੀਤੀ ਹੈ । ਪਰ ਇਨ੍ਹਾਂ ਨੂੰ ਪੰਜਾਬੀ ਦੇ ਸੁਭਾਅ ਅਨੁਕੂਲ ਢਾਲ ਕੇ ਚੌਂਕੜੀ ਦਾ ਨਾਂ ਦਿਤਾ ਹੈ । ਤੀਰ ਨੇ ਚੌਂਕੜੀਆਂ ਵਿਚ ਜੀਵਨ ਦੇ ਕਈ ਸੰਜੀਦਾ ਪੱਖ ਛੋਏ ਹਨ ਜਿਵੇਂ ਮਾਂ, ਜੀਵਨ ਮੌਤ, ਆਵਾਗਵਣ, ਸਾਧੂ ਮੌਤ ਸੁਨੇਹੇ ਆਦਿ । ਇਨ੍ਹਾਂ ਵਿਚ ਕਵੀ ਨੇ ਚਾਰ ਤੁੱਕਾਂ ਦੇ ਸੰਖੇਪ ਰੂਪ ਵਿਚ ਰਹਿੰਦੇ ਹੋਏ ਵੀ ਬੜਾ ਸੰਜੀਦਾ

ਪ੍ਰਭਾਵ ਸਿਰਜਿਆ ਹੈ ਜਿਵੇਂ :

ਉਛਲੇ ਜੋਸ਼ ਜਵਾਨੀ ਅੰਦਰ, ਫ਼ਰਕਣ ਤੇਰੇ ਡੋਲੇ ।
ਡੁਲ੍ਹ ਡੁਲ੍ਹ ਪਏ ਰੂਪ ਤੇ ਜਿਉਂ ਜਿਉਂ ਪੈਣ ਇਸ਼ਕ ਦੇ ਝੋਲੇ ।
ਹੁਸਨ, ਜਵਾਨੀ ਖੇਡ ਦਿਨਾਂ ਦੀ, ਕੀ ਤੂੰ ਏਹ ਨਹੀਂ ਸੁਣਿਆ ।
ਮੌਤ ਸੁਨੇਹੇ ਲੈ ਕੇ ਆਉਂਦੇ ਬੰਦੇ ਦੇ ਲਈ ਧੌਲੇ ।[17]

ਸਾਡੇ ਰੋਜ਼ਾਨਾ ਦੇ ਜੀਵਨ ਵਿਚ ਲੋਕ ਤੱਤਾਂ ਦੀ ਬੇਸ਼ੁਮਾਰ ਵਰਤੋਂ ਹੁੰਦੀ ਹੈ । ਅਮਲ ਵਿਚ ਲੋਕਯਾਨ ਦੀ ਸਾਮਗਰੀ ਇਤਨੀ ਵਿਸ਼ਾਲ ਹੈ ਕਿ ਉਸਨੂੰ ਕੁਝ ਕੁ ਤੱਤਾਂ ਵਿਚ ਸਮੇਟਿਆ ਨਹੀਂ ਜਾ ਸਕਦਾ । ਲੋਕ ਵਿਸ਼ਵਾਸ਼ਾਂ ਲੋਕ ਕਹਾਣੀਆਂ, ਲੋਕ ਗੀਤਾਂ ਤੋਂ ਇਲਾਵਾ ਹੋਰ ਵੀ ਅਜੇਹੇ ਤੱਤ ਹਨ, ਜਿਨ੍ਹਾਂ ਦਾ ਵਰਣਨ ਵਿਧਾਤਾ ਸਿੰਘ ਤੀਰ ਦੀਆਂ ਕਵਿਤਾਵਾਂ ਵਿਚ ਆਮ ਮਿਲਦਾ ਹੈ । ਮਿਸਾਲ ਦੇ ਤੌਰ ਤੇ ਲੋਕ ਮਨੋਰੰਜਨ ਤੇ ਲੋਕ ਨਾਚ ਆਦਿ ਇਨ੍ਹਾਂ ਤੋਂ ਇਲਾਵਾ ਲੋਕ ਨਾਟ ਮੇਲੇ ਤੇ ਤਿਓਹਾਰਾਂ ਨੂੰ ਵੀ ਸ਼ਾਮਿਲ ਕੀਤਾ ਜਾ ਸਕਦਾ ਹੈ । ਲੋਕ ਧੰਦੇ ਤੇ ਲੋਕ ਪਹਿਰਾਵਾ ਤੇ ਲੋਕ ਗਹਿਣਿਆ ਦੀ ਵੀ ਨਵੇਕਲੀ ਮਹੱਤਾ ਕਵਿਤਾ ਵਿਚ ਪੇਸ਼ ਹੁੰਦੀ ਰਹਿੰਦੀ ਹੈ ।

ਲੋਕ ਮਨ ਦੀ ਇਕ ਮੁੱਖ ਪ੍ਰਵਿਰਤੀ ਲੋਕ ਮਨੋਰੰਜਨ ਹੈ। ਮਨੋਰੰਜਨ ਦੀ ਪ੍ਰਕ੍ਰਿਆ ਵਿਚ ਆਮ ਜੀਵਨ ਦੇ ਹਾਸੇ ਖੇਡਾਂ, ਮਨ ਪ੍ਰਚਾਵੇ, ਮੇਲੇ ਤੇ ਤਿਓਹਾਰ ਬੜੇ ਸੁੰਦਰ ਰੂਪ ਵਿਚ ਪੇਸ਼ ਹੁੰਦੇ ਹਨ । ਲੋਕ ਨਾਚ ਪੰਜਾਬੀਆਂ ਦੇ ਮਨੋਰੰਜਨ ਦਾ ਪ੍ਰਮੁੱਖ ਸਾਧਨ ਹੈ । ਵਿਧਾਤਾ ਸਿੰਘ ਤੀਰ ਦੀ ਕ੍ਰਿਤ ਵਿਚ ਪੰਜਾਬ ਦੇ ਲੋਕ ਨਾਚਾਂ ਵਿਚੋਂ ਗਿੱਧਾ ਤੇ ਕਿਕਲੀ ਦਾ ਖਾਸ ਤੌਰ ਤੇ ਵਰਣਨ ਮਿਲਦਾ ਹੈ । ਗਿੱਧੇ ਵਿਚ ਨਚਦੀਆਂ ਮੁਟਿਆਰਾਂ ਕਿਵੇਂ ਆਪਣਾ ਆਪ ਭੁੱਲ ਜਾਂਦੀਆਂ ਹਨ, ਇਸਦਾ ਚਿੱਤਰ ਤੀਰ ਜੀ ਨੇ ਇੰਝ ਖਿੱਚਿਆ ਹੈ :

ਗਿੱਧੇ ਦਿਆ, ਖੜਕਾਰਾਂ ਅੰਦਰ ।
ਚੂੜੇ ਦਿਆ, ਛਣਕਾਰਾਂ ਅੰਦਰ ।
ਪੱਬਾਂ ਦਿਆਂ, ਧਮਕਾਰਾਂ ਅੰਦਰ ।
ਗੀਤਾਂ ਦਿਆਂ, ਮਲਾਰਾਂ ਅੰਦਰ ।
ਭੁਲਾ ਤੈਨੂੰ, ਆਪਣਾ ਆਪ ?
ਕੀ ਗਿੱਧੇ ਦਾ ਚੜ੍ਹਿਆ ਤਾਪ ?
ਆ ਨੀ ! ਰਾਹ ਤੇ ਆ । ਕੁੜੀਏ......[18]

ਸਾਵਣ ਦੇ ਮਹੀਨੇ ਵਿਚ ਤੀਆਂ ਦੀ ਖਾਸ ਮਹੱਤਾ ਹੈ । ਇਸ ਮਹੀਨੇ ਵਿਚ ਪੀਂਘਾਂ ਝੂਟਦੀਆਂ, ਗਿੱਧਾ ਤੇ ਕਿਕਲੀਆਂ ਪਾਉਂਦੀਆਂ ਮੁਟਿਆਰਾਂ ਦਾ ਵਰਣਨ ਵੀ ਤੀਰ ਕਾਵਿ ਵਿਚ ਹੋਇਆ ਹੈ । ਇਸ ਤੋਂ ਇਲਾਵਾ ਮਿਰਜ਼ੇ ਤੇ ਹੀਰ ਦੀਆਂ ਸੱਦਾ ਲਾਉਂਦੇ ਗੱਭਰੂ ਵੀ ਪੇਸ਼ ਹੋਏ ਹਨ ।

ਪੰਜਾਬੀ ਜੀਵਨ ਵਿਚ ਲੋਕ ਧੰਦਿਆਂ ਦਾ ਵਿਸ਼ੇਸ਼ ਮਹੱਤਵ ਹੈ । ਇਨ੍ਹਾਂ ਪਰੰਪਰਾਗਤ ਸੰਦ, ਗਹਿਣੇ, ਭਾਂਡੇ ਅਤੇ ਕਈ ਜਦੀ ਪੁਸ਼ਤੀ ਕੰਮ ਆਉਂਦੇ ਹਨ । 'ਤੀਰ' ਕਾਵਿ ਵਿਚ ਕਈ ਲੋਕ ਧੰਦਿਆਂ ਦਾ ਵਰਣਨ ਮਿਲਦਾ ਹੈ । ਜਿਵੇਂ ਤੂੰਬਣਾ, ਕਤਣਾ, ਸਿਊਣਾ, ਪਰੋਣਾ

ਆਦਿ। ਉਸਨੇ ਚਰਖਾ ਡਾਹ ਕੇ ਤ੍ਰਿੰਝਣ ਵਿਚ ਬੈਠੀਆਂ ਮੁਟਿਆਰਾਂ ਦਾ ਵਰਣਨ ਵੀ ਕੀਤਾ ਹੈ। ਮਰਦਾਂ ਦੇ ਕੰਮਾਂ ਵਿਚ ਉਸਨੇ ਕਿਰਸਾਨੀ ਜੀਵਨ ਦਾ ਹੀ ਜ਼ਿਆਦਾ ਵਰਣਨ ਕੀਤਾ ਹੈ।

ਲੋਕ ਬੋਲੀ ਰਾਹੀਂ ਲੋਕ ਮਨ ਦਾ ਪ੍ਰਗਟਾਵਾ ਭਲੀ ਭਾਂਤ ਕੀਤਾ ਜਾ ਸਕਦਾ ਹੈ। ਲੋਕ ਬੋਲੀ ਦਾ ਸਬੰਧ ਜਨ ਸਮੂਹ ਦੀ ਆਮ ਬੋਲ ਚਾਲ ਦੀ ਭਾਸ਼ਾ ਨਾਲ ਹੈ। ਸਾਹਿਤਕਾਰ ਨੇ ਕਿਉਂ ਕਿ ਆਪਣੀ ਗਲ ਨੂੰ ਲੋਕਾਂ ਤੱਕ ਪਹੁੰਚਾਣਾ ਹੁੰਦਾ ਹੈ। ਇਸੇ ਲਈ ਲੋਕ ਬੋਲੀ ਜਾਂ ਲੋਕ ਭਾਸ਼ਾ ਦੇ ਅੰਸ਼ ਉਸਦੇ ਹਥ ਵਿਚ ਬੜੇ ਵਧੀਆ ਹਥਿਆਰ ਹੁੰਦੇ ਹਨ। ਲੋਕ ਬੋਲੀ ਅਤੇ ਮੁਹਾਵਰੇ ਦੀ ਵਰਤੋਂ ਰਾਹੀਂ ਉਹ ਲੋਕ ਜੀਵਨ ਨੂੰ ਬੜੀ ਸਫ਼ਲਤਾ ਨਾਲ ਚਿੱਤਰ ਸਕਦਾ ਹੈ। ਵਿਧਾਤਾ ਸਿੰਘ ਤੀਰ ਦੀਆਂ ਦੋ ਵਿਸ਼ੇਸ਼ਤਾਵਾਂ ਹਨ ਇਕ ਤਾਂ ਉਹ ਲੋਕ ਬੋਲੀ ਦੇ ਟਕਸਾਲੀ ਰੂਪ ਨਾਲ ਸੰਬੰਧਤ ਅਤੇ ਏਸੇ ਦੀ ਵਰਤੋਂ ਕਰਦਾ ਹੈ। ਉਸਦੀ ਕਵਿਤਾ ਵਿਚ ਲੋਕ ਬੋਲੀ ਦੇ ਠੇਠ ਰੂਪ ਦੀ ਬੜੀ ਸੁਚੱਜੀ ਵਰਤੋਂ ਕੀਤੀ ਹੋਈ ਮਿਲਦੀ ਹੈ। ਦੂਜੇ ਉਹ ਪੰਜਾਬੀ ਦੀ ਮਿੱਟੀ ਦੀ ਖ਼ੁਸ਼ਬੂ ਨੂੰ ਪੇਸ਼ ਕਰਨ ਵਾਲਾ ਕਵੀ ਹੈ। ਉਸਦੀ ਹਰ ਗੱਲ ਪੰਜਾਬ ਤੇ ਪੰਜਾਬੀਅਤ ਦੀ ਛੋਹ ਨਾਲ ਭਰੀ ਹੋਈ ਹੈ ਅਤੇ ਇਥੋਂ ਹੀ ਧਰਤੀ ਤੇ ਲੋਕਾਂ ਦੀ ਅਗਵਾਈ ਕਰਨ ਵਾਲੀ ਹੈ। ਇਸੇ ਲਈ ਲੋਕ ਭਾਵਨਾ ਨਾਲ ਇਕ ਸੁਰ ਹੋਣ ਕਰਕੇ ਉਹ ਬੋਲੀ ਦੇ ਕਈ ਅੰਸ਼ਾਂ ਬਿੰਬਾਂ ਤੇ ਮੁਹਾਵਰਿਆਂ ਦੀ ਬੜੀ ਸਫਲ ਵਰਤੋਂ ਕਰਦਾ ਹੈ। ਵਿਧਾਤਾ ਸਿੰਘ ਤੀਰ ਦੀ ਰਚਨਾ-ਸ਼ੈਲੀ ਮੁੱਖ ਰੂਪ ਵਿਚ ਪਰੰਪਰਾਗਤ ਰੰਗ ਵਾਲੀ ਹੈ। ਜਿਸ ਵਿਚ ਲੋਕ ਭਾਸ਼ਾ, ਲੋਕ ਛੰਦ ਤੇ ਲੋਕ ਚੇਤਨਾ ਬੜੇ ਸਹਿਜ ਰੂਪ ਵਿਚ ਪੇਸ਼ ਹੋਏ ਹਨ। ਉਸਨੇ ਆਪਣੀ ਰਚਨਾ ਨੂੰ ਲੋਕ ਪੱਧਰ ਦੇ ਨੇੜੇ ਲਿਆਉਣ ਲਈ ਆਮ ਜੀਵਨ ਦੀ ਭਾਸ਼ਾ ਤੇ ਇਸਦੇ ਮੁਹਾਵਰੇ ਨੂੰ ਕਵਿਤਾ ਵਿਚ ਉਤਾਰਿਆ ਹੈ।

ਉਸਦੀ ਕਾਵਿ ਰਚਨਾ ਵਿਚ ਲੋਕ ਸ਼ਬਦਾਵਲੀ ਦਾ ਵਡਮੁਲਾ ਆਧਾਰ ਕੰਮ ਕਰਦਾ ਹੋਇਆ ਦਿਖਾਈ ਦੇਂਦਾ ਹੈ। ਵਿਧਾਤਾ ਸਿੰਘ ਤੀਰ ਨੇ ਲੋਕ ਜੀਵਨ ਦੇ ਵੱਖ ਵੱਖ ਖੇਤਰਾਂ ਨਾਲ ਸੰਬੰਧਤ ਜੋ ਸ਼ਬਦਾਵਲੀ ਵਰਤੀ ਹੈ ਉਸਦੇ ਕੁਝ ਨਮੂਨੇ ਇਸ ਪ੍ਰਕਾਰ ਹਨ:

ਤ੍ਰੋੜ ਦਿਤੇ, ਕੀਰਨੇ, ਹਾਲੀ, ਮਲ੍ਹਮ, ਤਾਰ ਦਿਤਾ, ਭਾਲ, ਸੁਹੰਢਣਾ, ਜੁੰਡੀ, ਲੋਚ, ਸੰਸਾ, ਅਦਲ, ਪਾਂਡੀ, ਲੋਥ, ਸੱਦ, ਪੈਰ-ਪਿਆਦਾ, ਸੋਨ ਚਿੜੀ, ਚਰਖਾ, ਛਲੀ, ਮੁੰਨੇ, ਗੁਡੀਆਂ, ਮਕੱਈ, ਰਾਣੀ ਪਟਰਾਣੀ ਜਾਗੋ, ਤੜਾਗੀ, ਭੰਡਾਰੇ, ਧੂਣੀ, ਡੰਡੋਤ, ਗਪੌੜਾ, ਸਵਾਲੀ, ਦਰਦ ਰੰਞਾਣੇ, ਪੱਟਲ, ਧਾੜੇ-ਮਾਰ, ਕਾਤੀ, ਕਾਨੀ, ਘੁੰਘਰੂ, ਅਧਵਾਟ, ਲਾਂਬੂ, ਕੋਲ, ਡੱਕਰੇ, ਮਧੋਲ, ਫਾਲ, ਔਸੀ, ਚੂਰੀ, ਛੈਲ ਛਬੀਲਾ, ਜ਼ੀਊੜਾ, ਛਲਾਵਾ, ਚੂੜਾ, ਦੀਦ, ਵਾਗਾਂ, ਸੀਸ ਗੁੰਦਵਾਣ, ਤਾਂਘ ਕੇਲ।

ਵਿਧਾਤਾ ਸਿੰਘ ਤੀਰ ਦੀ ਕਾਵਿ ਰਚਨਾ ਵਿਚ ਮੁਹਾਵਰੇ ਤੇ ਅਖਾਣ ਦੀਆਂ ਕੁਝ ਉਦਾਹਰਣਾਂ ਹੇਠ ਲਿਖੇ ਅਨੁਸਾਰ ਹਨ:

1. ਇੱਟ ਮਹਿਲ ਦੀ ਮੋਰੀ ਨੂੰ ਲਾ ਆਇਓ,
   ਕੀ ਮੈਂ ਦਿਆਂਗਾਂ ਮੂੰਹ ਜਹਾਨ ਤਾਈਂ।[19]
2. ਦੁੱਧ ਵਿਚ ਕਾਂਜੀ ਨਾ ਘੋਲੋ ਸ਼ਹਿਦ ਨੂੰ ਵਿਹੁ ਨਾ ਕਰੋ।
   ਖਾਰ ਵਿਚ ਖੁਰ ਜਾਓਗੇ, ਲੂਣੇ ਤੇ ਖ਼ਾਰੇ ਨਾ ਬਣੋ।[20]

3. ਹੀਰ ਉਹ ਕੀ ਆਪਣੇ ਰਾਂਝਣੇ ਤੋਂ,
ਜੋ ਨਾ ਜਿੰਦੜੀ ਘੋਲ ਘੁੰਮਾ ਸਕੇ ।[21]
4. ਮੈਂ ਪਈ ਮੁੜ ਮੁੜ ਔਸੀ ਪਾਵਾਂ,
ਚੂਰੀ ਪਾ ਪਾ ਕਾਂਗ ਉਡਾਵਾਂ,
ਸਈਓ ! ਸਾਰੇ ਸ਼ਗਨ ਮਨਾਵਾਂ,
ਜਦ ਉਹ ਵੇਖਾਂ ਆਂਦਾ ਨੀ,
ਜੋ ਨੈਣਾਂ ਵਿਚ ਸਮਾਂਦਾ ਨੀ ।[22]
5. ਲੱਭ ਪੈਣ ਗੁਆਚੇ ਲੇਖ, ਉਘੜ ਪਏ ਰੇਖ,
ਰੇਖ ਵਿਚ ਮੇਖ, ਪੀਘਾਂ ਜੇ ਮਾਰੇਂ ।
ਨਾ ਵਿੱਛੜੀ ਗੋਤੇ ਖਾ, ਆਣ ਜੇ ਤਾਰੇਂ[23]

ਇਸ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਤੀਰ ਦੀ ਕਵਿਤਾ ਵਿਚ ਲੋਕ ਜੀਵਨ ਦੇ ਵੱਖ ਵੱਖ ਪੱਖਾਂ ਦੀ ਖਾਸ ਤਰਜਮਾਨੀ ਹੋਈ ਹੈ । 'ਤੀਰ' ਦੀ ਸ਼ੈਲੀ ਦੀ ਅਸਲ ਵਿਚ ਇਕ ਵਡੀ ਪ੍ਰਾਪਤੀ ਲੋਕ ਛੋਹ ਹੈ ਜੋ ਭਾਸ਼ਾ ਤੋਂ ਲੈ ਕੇ ਵਿਸ਼ੇ ਵਸਤੂ ਤੇ ਭਾਵਨਾਵਾਂ ਤਕ ਪੂਰੀ ਤਰ੍ਹਾਂ ਫੈਲੀ ਹੋਈ ਹੈ । ਉਸਨੇ ਲੋਕ ਜੀਵਨ ਦੇ ਪ੍ਰਾਕ੍ਰਿਤਕ ਪੱਖਾਂ ਤੋਂ ਲੈ ਕੇ ਦਿਲੀ ਜਜ਼ਬਿਆਂ ਤੇ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਪੂਰੀ ਤਰ੍ਹਾ ਬਿਆਨ ਕੀਤਾ ਹੈ । ਲੋਕ ਜੀਵਨ ਦੀ ਪ੍ਰਾਕ੍ਰਿਤਕ ਸਰਲਤਾ, ਪਸ਼ੂ ਪੰਛੀ, ਖੇਡਾਂ ਤੇ ਹੋਰ ਆਮ ਜੀਵਨ ਦੇ ਰੋਜ਼ਾਨਾ ਪੱਖ ਉਸਦੇ ਭਾਵਾਂ ਨੂੰ ਬੜੀ ਸਫ਼ਲਤਾ ਦੇ ਨਾਲ ਚਿਤਰਿਤ ਕਰਦੇ ਹਨ । ਇਸੇ ਲਈ ਅਸੀਂ ਦੇਖਦੇ ਹਾਂ ਕਿ ਤੀਰ ਜੀ ਦੀ ਕਵਿਤਾ ਵਿਚ ਜੋ ਸਰਲਤਾ ਦੀ ਖਿਚ ਸੀ, ਉਹ ਆਮ ਪਾਠਕਾਂ ਨੂੰ ਬਹੁਤ ਪ੍ਰਭਾਵਤ ਕਰਦੀ ਸੀ । ਆਮ ਪਾਠਕ ਉਨ੍ਹਾਂ ਕਵਿਤਾਵਾਂ ਦੀ ਸਰਲ ਤੇ ਭਾਵੁਕ ਖਿਚ ਵਿਚ ਬਝੇ ਉਨ੍ਹਾਂ ਦੀਆਂ ਕਵਿਤਾਵਾਂ ਨੂੰ ਬਾਰ ਬਾਰ ਪੜ੍ਹਦੇ ਸਨ । ਇਸੇ ਲਈ ਉਨ੍ਹਾਂ ਦੇ ਕਾਵਿ ਸੰਗ੍ਰਹਿ ਕਈ ਕਈ ਐਡੀਸ਼ਨਾਂ ਵਿਚ ਛਪਦੇ ਰਹੇ । ਲੋਕ ਜੀਵਨ ਤੇ ਲੋਕ ਭਾਵਨਾ ਦੇ ਸਾਰੇ ਪੱਖ ਭਾਵੇਂ ਤੀਰ-ਕਾਵਿ ਵਿਚ ਬੜੀ ਪ੍ਰਭਾਵਸ਼ੀਲਤਾ ਨਾਲ ਪੇਸ਼ ਹੋਏ ਹਨ, ਪਰ ਮੇਰਾ ਵਿਚਾਰ ਹੈ ਕਿ ਇਸ ਵਿਚ ਲੋਕ ਬੋਲੀ, ਲੋਕ ਮੁਹਾਵਰੇ, ਲੋਕ ਸੰਬੋਧਨ, ਲੋਕ ਸ਼ਬਦਾਵਲੀ ਆਦਿ ਦੇ ਪੱਖ ਵਿਸ਼ੇਸ਼ਤਾ ਰਖਦੇ ਸਨ । 'ਤੀਰ' ਦੀ ਕਵਿਤਾ ਇਸੇ ਕਰਕੇ ਲੋਕ ਉਚਾਰਨ ਦੇ ਵੀ ਬਹੁਤ ਨੇੜੇ ਹੈ । ਇਨ੍ਹਾਂ ਸਾਰੀਆਂ ਗੱਲ੍ਹਾਂ ਨੂੰ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ 'ਤੀਰ' ਜੀ ਦੀ ਕਵਿਤਾ ਵਿਚ ਲੋਕ-ਜੀਵਨ, ਲੋਕ ਸਭਿਆਚਾਰ ਤੇ ਲੋਕ ਯੋਗਤਾ ਦੇ ਪੱਖ ਬੜੀ ਵੱਡੀ ਥਾਂ ਰਖਦੇ ਹਨ । ਜਿਸ ਕਾਰਨ ਉਹ ਲੋਕਾਂ ਦਾ ਹਰਮਨ ਪਿਆਰਾ ਕਵੀ ਬਣ ਸਕੇ ਅਤੇ ਖਾਸ ਤੌਰ ਤੇ ਉਦੋਂ ਜਦੋਂ 'ਤੀਰ' ਖੁਦ ਸਟੇਜਾਂ ਤੇ ਖਲੋ ਕੇ ਲੋਕਾਂ ਨੂੰ ਸਿੱਧੇ ਰੂਪ ਵਿਚ ਪ੍ਰਭਾਵਿਤ ਕਰਦਾ ਸੀ ।

ਟਿਪਣੀਆਂ ਤੇ ਹਵਾਲੇ

1. ਕਾਲ ਕੂਕਾਂ, ਪੰਨਾ : 100
2. ਨਲ ਦਮਯੰਤੀ, ਪੰਨਾ : 56
3. ਉਹੀ, ਪੰਨਾ : 56

4. ਉਹੀ, ਪੰਨਾ : 86
5. ਉਹੀ, ਪੰਨਾ : 110
6. ਉਹੀ, ਪੰਨਾ : 118
7. ਉਹੀ, ਪੰਨਾ : 183
8. ਉਹੀ, ਪੰਨਾ : 284
9. ਰੂਪ ਰਾਣੀ ਸ਼ਕੁੰਤਲਾ, ਪੰਨਾ : 167
10. ਉਹੀ, ਪੰਨਾ : 167
11. ਮਿੱਠੇ ਮੇਵੇ, ਪੰਨਾ : 31
12. ਪ੍ਰੋ: ਪਿਆਰਾ ਸਿੰਘ ਪਦਮ, ਪੰਜਾਬੀ ਬਾਰਾਮਾਂਹ, ਪੰਨਾ : 12
13. ਨਲ ਦਮਯੰਤੀ, ਪੰਨਾ : 253
14. ਉਹੀ, ਪੰਨਾ : 255
15. ਰੂਪ ਰਾਣੀ ਸ਼ਕੁੰਤਲਾ, ਪੰਨਾ : 148
16. ਗੂੰਗੇ ਗੀਤ, ਪੰਨਾ : 50
17. ਉਹੀ, ਪੰਨਾ : 192
18. ਉਹੀ, ਪੰਨਾ : 46
19. ਨਵੇਂ ਨਿਸ਼ਾਨੇ, ਪੰਨਾ : 193
20. ਅਣੀਆਂ, ਪੰਨਾ : 12
21. ਉਹੀ, ਪੰਨਾ : 147
22. ਰੂਪ ਰਾਣੀ ਸ਼ਕੁੰਤਲਾ, ਸਤਵਾਰਾ
23. ਨਲ ਦਮਯੰਤੀ, ਬਾਰਾਮਾਹ

ਤੀਰ ਦੀ ਕਾਵਿ-ਕਲਾ

ਵਿਧਾਤਾ ਸਿੰਘ ਤੀਰ ਆਧੁਨਿਕ ਯੁਗ ਦੇ ਪ੍ਰਸਿਧ ਤੇ ਲੋਕ ਪ੍ਰਿਯ ਕਵੀਆਂ ਵਿਚ ਗਿਣੇ ਜਾਂਦੇ ਹਨ। ਉਨ੍ਹਾਂ ਨੇ ਜੀਵਨ ਦੇ ਸਰਬ-ਪੱਖੀ ਸੁਧਾਰ, ਸਿਖ ਇਤਿਹਾਸ ਤੇ ਸਿਖ ਗੁਰੂ ਸਾਹਿਬਾਨ ਦੀ ਪਾਵਣ ਦੇਣ ਅਤੇ ਵਿਚਾਰਾਂ ਨੂੰ ਲੋਕਾਂ ਤਕ ਪਹੁੰਚਾਉਣ ਲਈ ਆਪਣਾ ਕਾਵਿ-ਮਨੋਰਥ ਰਖਿਆ ਅਤੇ ਕਵਿਤਾ ਰਾਹੀਂ ਇਸਨੂੰ ਬੜੇ ਸਫਲ ਢੰਗ ਨਾਲ ਪ੍ਰਗਟਾਇਆ। ਪੰਜਾਬੀ ਕਾਵਿ ਖੇਤਰ ਵਿਚ ਵਿਸ਼ੇ ਤੇ ਸ਼ੈਲੀ ਦੇ ਪਖੋਂ ਤੀਰ ਜੀ ਦਾ ਨਵੇਕਲਾ ਸਥਾਨ ਹੈ। ਉਨ੍ਹਾਂ ਦੀ ਕਾਵਿ ਰਚਨਾ ਮੁੱਖ ਤੌਰ ਤੇ ਲੋਕ ਪ੍ਰਿਯ ਮੁਹਾਂਦਰੇ ਵਾਲੀ ਹੈ।

ਉਨ੍ਹਾਂ ਦੀ ਕਾਵਿ ਰਚਨਾ ਗਿਣਤੀ ਦੇ ਪੱਖ ਤੋਂ ਵੀ ਕਾਫੀ ਜ਼ਿਆਦਾ ਹੈ। ਇਸਦੀ ਲੋਕ ਪ੍ਰਸਿੱਧੀ ਕਰਕੇ ਹੀ ਮੈਂ ਕਈ ਵੇਰ ਇਹ ਸੰਕੇਤ ਕੀਤਾ ਹੈ ਕਿ ਉਨ੍ਹਾਂ ਦੀ ਕਾਵਿ ਰਚਨਾ ਦੀ ਗਿਣਤੀ ਹੀ ਜ਼ਿਆਦਾ ਨਹੀਂ ਭਾਵ ਤੀਰ ਜੀ ਨੇ ਕਈ ਅਤਿ ਦੀਰਘ ਕਿੱਸੇ-ਕਹਾਣੀਆ ਕਵਿਤਾ ਵਿਚ ਲਿਖੀਆਂ, ਪਰ ਨਾਲ ਹੀ ਮੈਂ ਇਹ ਵੀ ਦਸਿਆ ਹੈ ਕਿ ਇਹ ਰਚਨਾਵਾਂ ਬਹੁਤ ਲੋਕ ਪ੍ਰਿਯ ਹੋਈਆਂ ਸਨ। ਫਲ ਵਜੋਂ ਇਨ੍ਹਾਂ ਸਾਰਿਆਂ ਦੀਆਂ ਤੇ ਉਨ੍ਹਾਂ ਦੇ ਬਾਕੀ ਦੇ ਕਾਵਿ ਸੰਗ੍ਰਹਿ ਦੀਆਂ ਕਈ ਐਡੀਸ਼ਨਾਂ ਛਪਦੀਆਂ ਰਹੀਆਂ ਹਨ।

'ਤੀਰ' ਇਕ ਵਿਸ਼ਾਲ ਸੂਝ ਬੂਝ ਵਾਲਾ ਪੰਜਾਬੀ ਕਵੀ ਸੀ ਤੇ ਮੌਲਿਕਤਾ ਉਸਦਾ ਖਾਸ ਗੁਣ ਸੀ। ਉਸਨੇ ਆਪਣੀ ਅਨੁਭਵੀ ਸ੍ਰਿਸ਼ਟੀ ਨਾਲ ਜੀਵਨ ਦੇ ਵੱਖ ਵੱਖ ਪਹਿਲੂਆਂ ਨੂੰ ਪੂਰੀ ਰੀਝ ਨਾਲ ਘੋਖਿਆ ਤੇ ਪੜਤਾਲਿਆ ਹੈ ਅਤੇ ਜੋ ਅਨੁਭਵ ਕੀਤਾ ਹੈ ਉਸਨੂੰ ਕਵਿਤਾ ਦੇ ਸ਼ਬਦਾਂ ਵਿਚ ਉਤਾਰਿਆ। ਉਨ੍ਹਾਂ ਦੀ ਕਾਵਿ ਰਚਨਾ ਇਨਸਾਨੀ ਪ੍ਰਗਤੀ ਨਾਲ ਸੰਬੰਧਿਤ ਸੀ ਅਤੇ ਵਿਸ਼ੇਸ਼ਤਾ ਇਹ ਕਿ ਉਹਨਾਂ ਨੇ ਪਰੰਪਰਾਗਤ ਜੀਵਨ ਜਾਚ ਵਿਚ ਰਹਿੰਦੇ ਹੋਏ ਆਧੁਨਿਕ ਪੱਖਾਂ ਦੀ ਸਾਰਥਕਤਾ ਨੂੰ ਛੋਹਿਆ। ਉਨ੍ਹਾਂ ਨੇ ਪਰੰਪਰਾਗਤ ਜੀਵਨ ਜਾਚ ਦੇ ਕਈ ਨਿਰਮੂਲ ਪੱਖਾਂ ਨੂੰ ਫਜ਼ੂਲ ਦਸਿਆ ਤੇ ਆਧੁਨਿਕ ਜੀਵਨ ਦੇ ਕਈ ਜ਼ਰੂਰੀ ਪੱਖਾਂ ਨੂੰ ਸ਼ਾਮਿਲ ਕੀਤਾ। ਮਿਸਾਲ ਵਜੋਂ ਆਧੁਨਿਕ ਜੀਵਨ ਵਿਚ ਪਦਾਰਥਕਤਾ ਦੀ ਦੌੜ ਵੱਧ ਰਹੀ ਸੀ ਤੇ ਲੋਕ ਆਪਣੇ ਹੱਕਾਂ ਪ੍ਰਤੀ ਚੇਤਨ ਹੋ ਰਹੇ ਸਨ। ਉਨ੍ਹਾਂ ਨੇ ਇਸ ਚੇਤਨਤਾ ਨੂੰ ਬੜਾ ਜ਼ਰੂਰੀ ਸਮਝਿਆ ਅਤੇ ਆਪਣੀ ਕਵਿਤਾ ਰਾਹੀਂ ਉਘਾੜਿਆ ਤੇ ਨਾਲ ਹੀ ਉਨ੍ਹਾਂ ਨੇ ਵਿਰਸੇ ਵਿਚ ਚਲੀ ਆ ਰਹੀ ਅਧਿਆਤਮਕਤਾ ਨੂੰ ਜੀਵਨ ਵਿਚ ਪ੍ਰਮੁੱਖ ਦਰਜਾ ਦਿਤਾ ਅਤੇ ਦਸਿਆ ਕਿ ਜੀਵਨ ਦਾ ਅਸਲ ਮੰਤਵ ਆਤਮਕ ਤਰੱਕੀ ਤੇ ਪ੍ਰਾਪਤੀ ਹੈ। 'ਤੀਰ' ਜੀ ਦੀ ਕਾਵਿ ਕਲਾ ਦੇ ਕੁਝ ਵਿਸ਼ੇਸ਼ ਪੱਖ ਇਸ ਪ੍ਰਕਾਰ ਹਨ :

1. **ਇਤਿਹਾਸ/ਮਿਥਿਹਾਸ**

ਤੀਰ ਜੀ ਨੇ ਆਪਣੀ ਕਾਵਿ ਰਚਨਾ ਦਾ ਆਰੰਭ ਅਕਾਲੀ ਲਹਿਰ ਤੇ ਗੁਰਦੁਆਰਾ

ਸੁਧਾਰ ਲਹਿਰ ਤੋਂ ਕੀਤਾ ਅਤੇ ਕਈ ਅਧਿਆਤਮਕ ਵਿਸ਼ੇ ਲਏ ਪਰ ਉਨ੍ਹਾਂ ਦੀ ਕਾਵਿ ਰਚਨਾ ਦਾ ਇਕ ਵੱਡਾ ਪੱਖ ਗੁਰਪੁਰਬਾਂ, ਕਵੀ ਦਰਬਾਰਾਂ ਤੇ ਹੋਰ ਸਮਾਗਮਾਂ ਸਮੇਂ ਪੜ੍ਹੀਆਂ ਉਹ ਕਵਿਤਾਵਾਂ ਹਨ ਜਿਨ੍ਹਾਂ ਵਿਚ ਸਿੱਖ ਗੁਰੂਆਂ ਦੀ ਮਹਿਮਾ ਪ੍ਰਭੂ ਪਿਆਰ, ਪਰਮਾਤਮਾ ਦੇ ਦੀਦਾਰ ਦੀ ਸਿੱਕ, ਸਿੱਖ ਧਰਮ ਦੀਆਂ ਕੁਰਬਾਨੀਆਂ ਆਦਿ ਹਨ। ਇਸ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਕਵਿਤਾਵਾਂ ਦਾ ਉੱਚਾ ਸਥਾਨ ਹੈ ਜਿਸ ਵਿਚ ਉਨ੍ਹਾਂ ਨੇ ਸਿੱਖ ਇਤਿਹਾਸ ਦੇ ਵੱਡੇ ਸਾਕਿਆਂ ਤੇ ਸਿੱਖ ਸੂਰਬੀਰਾਂ ਦੀ ਬਹਾਦਰੀ ਨੂੰ ਬਿਆਨ ਕੀਤਾ ਹੈ। ਉਨ੍ਹਾਂ ਦੀਆਂ ਕਵਿਤਾਵਾਂ ਅਤੇ ਕਿੱਸਿਆਂ ਵਿਚ ਇਹ ਥੀਮ ਬਹੁਤ ਮੁੱਖ ਸ਼ਕਲ ਵਿਚ ਮੌਜੂਦ ਹੈ। ਖਾਸ ਤੌਰ ਤੇ ਦਸਮੇਸ਼ ਦਰਸ਼ਨ ਅਤੇ ਬਾਬਾ ਬੰਦਾ ਸਿੰਘ ਬਹਾਦਰ ਨਾਂ ਦੇ ਕਿੱਸਿਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਕਾਰਨਾਮਿਆਂ ਨੂੰ ਬੜੇ ਵਿਸਥਾਰ ਵਿਚ ਪੇਸ਼ ਕੀਤਾ ਗਿਆ ਹੈ।

ਇਤਿਹਾਸ ਤੋਂ ਇਲਾਵਾ ਆਪ ਨੇ ਮਿਥਿਹਾਸ ਦਾ ਵੀ ਅਧਿਐਨ ਕੀਤਾ ਹੈ ਮਿਥਿਹਾਸਕ ਕਹਾਣੀਆਂ ਉਪਰ ਆਧਾਰਿਤ ਕਿੱਸੇ ਵੀ ਲਿਖੇ ਜਿਵੇਂ ਕਿੱਸਾ ਧਰੂਅ ਭਗਤ, ਨਲ ਦਮਯੰਤੀ ਆਦਿ। ਇਹ ਦੋਵੇਂ ਕਿੱਸੇ ਆਪ ਦੀਆਂ ਅਦੁੱਤੀ ਰਚਨਾਵਾਂ ਹਨ।

ਲੋਕਪ੍ਰਿਯਤਾ

ਤੀਰ ਦੀ ਕਾਵਿ ਕਲਾ ਦਾ ਇਕ ਮੁੱਖ ਗੁਣ ਲੋਕ ਪ੍ਰਿਯਤਾ ਹੈ। ਇਹ ਠੀਕ ਹੈ ਕਿ ਤੀਰ ਜੀ ਦੀ ਕਾਵਿ ਰਚਨਾ ਵਿਚ ਭਾਵੁਕ ਅਪੀਲ ਹੈ ਪਰ ਇਹ ਭਾਵੁਕਤਾ ਕਿਸੇ ਨਿਜੀ ਰੌ ਵਿਚ ਵਹਿ ਜਾਣ ਵਾਲੀ ਨਹੀਂ, ਸਗੋਂ ਲੋਕਾਂ ਦੇ ਸਭਿਆਚਾਰਕ ਵਿਰਸੇ ਦੇ ਸਤਿਕਾਰਮਈ ਪੱਖਾਂ ਨਾਲ ਸਬੰਧਤ ਹੈ। ਆਪਣੇ ਵਿਰਸੇ ਤੇ ਸਿੱਖ ਗੁਰੂ ਸਾਹਿਬਾਨ ਦੀ ਮਹਾਨ ਦੇਣ ਪ੍ਰਤਿ ਆਦਰ ਨਾਲ ਜੋ ਸਮੂਹਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ, ਉਨ੍ਹਾਂ ਨੂੰ ਤੀਰ ਨੇ ਬੜੀ ਚੰਗੀ ਤਰ੍ਹਾਂ ਪ੍ਰਗਟਾਇਆ ਹੈ ਇਸ ਲਈ ਉਨ੍ਹਾਂ ਦੀਆਂ ਭਾਵਨਾਵਾਂ ਸਮੁੱਚੇ ਲੋਕਾਂ ਦੀਆਂ ਭਾਵਨਾਵਾਂ ਹਨ। ਇਹ ਹੀ ਉਨ੍ਹਾਂ ਦੀ ਕਵਿਤਾ ਦੀ ਲੋਕ ਪ੍ਰਸਿੱਧੀ ਦਾ ਮੂਲ ਕਾਰਣ ਹੈ। ਵਿਧਾਤਾ ਸਿੰਘ ਤੀਰ ਲਕੀਰ ਦੇ ਫਕੀਰ ਵੀ ਨਹੀਂ ਬਣੇ ਰਹਿੰਦੇ ਸਗੋਂ ਪੁਰਾਤਨਤਾ ਵਿਚ ਉਨ੍ਹਾਂ ਨੂੰ ਜੋ ਗੱਲਾਂ ਚੰਗੀਆਂ ਲਗਦੀਆਂ ਹਨ ਉਨ੍ਹਾਂ ਨੂੰ ਹੀ ਕਬੂਲਦੇ ਹਨ ਤੇ ਬਾਕੀਆਂ ਨੂੰ ਛੱਡ ਦੇਂਦੇ ਹਨ। ਇਸੇ ਲਈ ਅਸੀਂ ਦੇਖਦੇ ਹਾਂ ਕਿ ਤੀਰ ਇਕ ਧਾਰਮਿਕ ਕਵੀ ਦੇ ਤੌਰ ਤੇ ਬਹੁਤ ਲੋਕ ਪ੍ਰਿਯ ਹੋਇਆ ਸੀ।

ਸਮਾਜ ਸੁਧਾਰ

'ਤੀਰ' ਦੇ ਸਮੇਂ ਦੇਸ਼ ਦੇ ਸਮਾਜ ਵਿਚ ਬਹੁਤ ਕੁਰੀਤੀਆਂ ਪ੍ਰਚਲਿਤ ਸਨ। ਸਮਾਜ ਤੋਂ ਇਲਾਵਾ ਭਾਈਚਾਰਕ ਪੱਧਰ ਉਪਰ ਵੀ ਸੁਧਾਰ ਦੀ ਵੱਡੀ ਲੋੜ ਸੀ। ਸਮਾਜ ਕਈ ਕੁਰੀਤੀਆਂ ਦਾ ਸ਼ਿਕਾਰ ਸੀ ਜਿਵੇਂ ਬਾਲ ਵਿਆਹ, ਬਾਲ ਵਿਧਵਾ ਆਦਿ। 'ਤੀਰ' ਜੀ ਨੇ ਬਾਲ ਵਿਆਹ ਦੇ ਵਿਰੁੱਧ ਤੇ ਵਿਧਵਾ ਵਿਆਹ ਦੇ ਹੱਕ ਵਿਚ ਕਵਿਤਾਵਾਂ ਲਿਖੀਆਂ। ਇਸ ਤੋਂ ਇਲਾਵਾ ਸਮੇਂ ਦੀ ਤਬਦੀਲੀ ਦੇ ਨਾਲ ਕਿਰਤੀ ਤੇ ਕਿਰਸਾਨ ਸ਼ਰੇਣੀ ਵਿਚ ਜਾਗਰਤੀ ਪੈਦਾ ਹੋਈ। ਸਮਾਜਕ ਪ੍ਰਬੰਧ ਵਿਚ ਅਮੀਰਾਂ ਤੇ ਸਰਮਾਏਦਾਰਾਂ ਦਾ ਬੋਲ ਬਾਲਾ ਸੀ, ਉਹ ਗਰੀਬਾਂ ਦਾ ਖੂਨ ਚੂਸਦੇ ਰਹਿੰਦੇ ਸਨ। 'ਤੀਰ' ਜੀ ਨੇ ਕਿਰਤੀ ਕਿਰਸਾਨਾਂ ਦੇ

ਹੱਕ ਵਿਚ ਤੋਂ ਸਰਮਾਏਦਾਰਾਂ ਦੀ ਜੜ੍ਹ ਖੋਖਲੀ ਕਰਨ ਲਈ ਆਪਣਾ ਕਲਮ ਰੂਪੀ ਹਥਿਆਰ ਚੁਕਿਆ ਤੇ ਲੋਕ ਆਵਾਜ਼ ਨੂੰ ਕਿਰਤੀ ਕਾਮਿਆਂ ਦੇ ਹੱਕ ਵਿਚ ਉਠਾਉਣ ਦੀ ਚੇਤਨਾ ਪੈਦਾ ਕੀਤੀ। ਇਹ ਆਪ ਦੀ ਕਵਿਤਾ ਦਾ ਬੜਾ ਨਵਾਂ ਪੱਖ ਸੀ ਕਿ ਕਿਵੇਂ ਉਨ੍ਹਾਂ ਨੇ ਸਰਮਾਏਦਾਰੀ ਨਿਜ਼ਾਮ ਵਿਚ ਅਗਰਗਾਮੀ ਹੁੰਦੇ ਹੋਏ ਕਿਰਤੀਆਂ ਤੇ ਕਿਰਸਾਨਾਂ ਦੇ ਹੱਕਾਂ ਦੀ ਰਾਖੀ ਲਈ ਚੇਤਨਾ ਜਗਾਈ। ਇਸ ਸਬੰਧੀ 'ਕਾਲ ਕੂਕਾਂ' ਸੰਗ੍ਰਹਿ ਦੀ ਭੂਮਿਕਾ ਵਿਚ ਸ੍ਰ: ਨਾਨਕ ਸਿੰਘ ਲਿਖਦੇ ਹਨ :

> 'ਤੀਰ' ਜੀ ਨੂੰ ਅਸੀਂ ਸਾਰੇ ਇਕ ਧਾਰਮਿਕ ਕਵੀ ਦੇ ਤੌਰ ਤੋਂ ਮੁੱਦਤਾ ਤੋਂ ਜਾਣਦੇ ਹਾਂ ਪਰ ਉਨ੍ਹਾਂ ਦੀ ਇਸ ਰਚਨਾ ਨੇ ਤਾਂ ਭੁਲੇਖਾ ਜਿਹਾ ਪਾ ਦਿੱਤਾ ਹੈ, ਜਿਵੇਂ ਉਨ੍ਹਾਂ ਦੀ ਕਾਵਿ ਕਲਾ ਨੇ ਪੁਨਰ ਜਨਮ ਧਾਰਨ ਕਰ ਲਿਆ ਹੈ।[1]

ਸੰਗੀਤ

'ਤੀਰ' ਦੀ ਕਵਿਤਾ ਵਿਚ ਸੰਗੀਤ ਦਾ ਵਿਸ਼ੇਸ਼ ਗੁਣ ਹੈ ਇਸ ਦਾ ਇਕ ਕਾਰਣ ਤਾਂ ਇਹ ਹੈ ਕਿ ਉਨ੍ਹਾਂ ਦੀ ਕਵਿਤਾ ਮੁੱਖ ਤੌਰ ਉਤੇ ਗਾਏ ਜਾਣ ਦਾ ਗੁਣ ਰਖਦੀ ਹੈ ਤੇ ਦੂਜੇ ਹਰ ਕਵਿਤਾ ਬੜਾ ਕੋਮਲ ਤੇ ਸਰਲ ਪ੍ਰਭਾਵ ਸਿਰਜਦੀ ਹੈ। 'ਤੀਰ' ਜੀ ਨੇ ਬਹੁਤੀ ਰਚਨਾ ਕਵੀ ਦਰਬਾਰਾਂ ਤੇ ਸਮਾਗਮਾਂ ਲਈ ਕੀਤੀ ਜਿਥੇ ਉਹ ਕਵਿਤਾ ਗਾ ਕੇ ਸੁਣਾਂਦੇ ਸਨ। ਕਹਿਆ ਜਾਂਦਾ ਹੈ ਕਿ ਆਪ ਦੀ ਜ਼ਬਾਨ ਬੜੀ ਸੁਰੀਲੀ ਤੇ ਸਰੋਤਿਆਂ ਦੇ ਦਿਲਾਂ ਨੂੰ ਬੜਾ ਟੁੰਬਦੀ ਸੀ। ਇਸ ਬਾਰੇ ਤੇਜਾ ਸਿੰਘ ਸਾਬਰ ਲਿਖਦਾ ਹੈ ਕਿ :

> ਆਪ ਦੀ ਪੜ੍ਹਤ ਬੜੀ ਦਰਦੀਲੀ, ਅਕਸਰ ਗਾ ਕੇ ਪੜ੍ਹਦੇ ਹਨ। ਗਲੇ ਵਿਚ ਸੋਜ਼, ਸਰੋਤਿਆਂ ਨੂੰ ਇਸ ਤਰ੍ਹਾਂ ਭਾਸਦਾ ਏ ਕਿ ਇਨ੍ਹਾਂ ਦੀ ਅਵਾਜ਼ ਗਲੇ ਵਿਚੋਂ ਪੈਦਾ ਨਹੀਂ ਹੋ ਰਹੀ, ਬਲਕਿ ਦਿਲ ਰੋ ਰਿਹਾ ਏ। ਹੱਸਦੇ ਮੰਡਲ ਵਿਚ ਰੋਂਦੇ ਹੰਝੂਆਂ ਦੇ ਬਦਲ ਤੇ ਸਹਿਮੇ ਸਮੇਂ ਵਿਚ ਖਿੜ ਖਿੜਾਹਟ ਲੈ ਆਉਣੀ, ਇਹਨਾਂ ਦੇ ਖੱਬੇ ਹੱਥ ਦਾ ਕੰਮ ਏ, ਬੱਸ ਨਿਰੇਪੁਰੇ ਜਾਦੂਗਰ ਕਵੀ ਨੇ।[2]

'ਤੀਰ' ਜੀ ਇਕ ਉਸਤਾਦ ਕਵੀ ਸਨ। ਉਨ੍ਹਾਂ ਦੀ ਕਾਵਿ ਰਚਨਾ ਤੋਂ ਇਹ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਆਪਣੀ ਕਲਾ ਨੂੰ ਨਿਖਾਰਣ ਲਈ ਬੜੀ ਮਿਹਨਤ ਕੀਤੀ ਸੀ। ਇਸ ਸੰਬੰਧੀ ਗੁਰਦਿਆਲ ਸਿੰਘ ਫੁਲ ਦਾ ਕਥਨ ਵਿਸ਼ੇਸ਼ ਤੌਰ ਤੇ ਵਰਣਨ ਯੋਗ ਹੈ :

> ਤੀਰ ਉਸਤਾਦ ਕਵੀ ਹੈ। ਉਸਨੇ ਕਵਿਤਾ ਦੇ ਨਿਯਮ, ਸਿਧਾਂਤ, ਗੁਰ, ਸਿੱਖਣ, ਸਮਝਣ ਲਈ ਮਹਾਨ ਤੱਪ ਕੀਤਾ ਹੈ. ਛੰਦਾ-ਬੰਦੀ ਦੀਆਂ ਸਾਰੀਆਂ ਜੁਗਤੀਆਂ, ਸਾਰੀਆਂ ਕਲਾਤਮਕ ਰੰਗਣਾਂ ਨੂੰ ਪੂਰਨ ਭਾਂਤ ਸਮਝਿਆ ਹੈ ਤੇ ਫੇਰ ਉਹਨਾਂ ਨੂੰ ਅਮਲ ਵਿਚ ਲਿਆਂਦਾ ਹੈ।

ਸਰਲਤਾ ਤੇ ਸਪਸ਼ਟਤਾ

ਤੀਰ ਜੀ ਦੀ ਕਵਿਤਾ ਦੇ ਦੋ ਵਿਸ਼ੇਸ਼ ਗੁਣ ਹਨ : ਸਰਲਤਾ ਤੇ ਸਪਸ਼ਟਤਾ। ਉਨ੍ਹਾਂ ਨੇ ਡੂੰਘੇ ਤੋਂ ਡੂੰਘੇ ਵਿਚਾਰਾਂ ਨੂੰ ਤੇ ਲੋਕਾਂ ਦੇ ਮਹਾਨ ਤੇ ਅਮੀਰ ਵਿਰਸੇ ਨੂੰ ਬੜੇ ਸਰਲ ਤੇ ਸਪਸ਼ਟ ਰੂਪ ਵਿਚ ਕਵਿਤਾ ਰਾਹੀਂ ਬਿਆਨ ਕੀਤਾ ਹੈ। ਉਨ੍ਹਾਂ ਦਾ ਬਿਆਨ ਬੜਾ ਢੁਕਵਾਂ ਹੈ ਜੋ ਪਾਠਕ ਨੂੰ ਕਿਸੇ ਮੁਸ਼ਕਲ ਵਿਚ ਨਹੀਂ ਪਾਂਦਾ। ਇਹ ਗੁਣ ਇਸ ਲਈ ਵੀ ਸਨ ਕਿ ਉਹ

ਆਪਣੀ ਕਾਵਿ ਰਚਨਾ ਆਪਣੇ ਸਰੋਤਿਆਂ ਨੂੰ ਸਾਹਮਣੇ ਰਖ ਕੇ ਕਰਦੇ ਸਨ। ਕਿਉਂਕਿ ਉਨ੍ਹਾਂ ਨੇ ਬਹੁਤੀਆਂ ਕਵਿਤਾਵਾਂ ਲੋਕਾਂ ਦੇ ਸਾਹਮਣੇ ਆਪ ਪੇਸ਼ ਕੀਤੀਆਂ ਸਨ ਇਸ ਲਈ ਇਨ੍ਹਾਂ ਵਿਚ ਕੋਈ ਗੁੰਝਲ ਹੋਣ ਦੀ ਗੁੰਜਾਇਸ਼ ਹੀ ਨਹੀਂ ਸੀ। ਇਥੇ ਤਾਂ ਸਰੋਤੇ/ਪਾਠਕ ਨੂੰ ਇਕ ਦਮ ਸਮਝ ਲਗ ਜਾਂਦੀ ਹੈ ਕਿ ਕਵੀ ਕੀ ਕਹਿਣਾ ਚਾਹੁੰਦਾ ਹੈ ਅਤੇ ਉਸਦੇ ਮਨ ਵਿਚ ਕਿਹੜੀਆਂ ਭਾਵਨਾਵਾਂ ਜਗਾਉਣੀਆਂ ਚਾਹੁੰਦਾ ਹੈ। ਤੀਰ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਨੇ ਗੁੰਝਲਦਾਰ ਤੇ ਮੁਸ਼ਕਲ ਮੌਕਿਆਂ ਨੂੰ ਵੀ ਬੜੀ ਸਰਲਤਾ ਤੇ ਸਪਸ਼ਟਤਾ ਨਾਲ ਪੇਸ਼ ਕਰਨ ਵਿਚ ਆਪਣਾ ਕਮਾਲ ਦਿਖਾਇਆ ਹੈ :

ਛਮ ਛਮ ਨੈਣ ਵਸਨ ਦੁਖਿਆਰੇ, ਇਕ ਪਲ ਸੁਖ ਨਹੀਂ ਮਿਲਦਾ
ਬਿਰਹਾ ਪਾਪੀ ਲਾਲਾ ਛੁਰੀਆਂ, ਤਨ ਮਨ ਮੇਰਾ ਛਿਲਦਾ,
ਸੁੰਦਰਤਾ ਦੇ ਸੂਰਜ ਜੇ ਕਰ, ਦਿੱਸ ਪਵੇ ਇਕ ਵਾਰੀ,
ਮੁਰਝਾਇਆ ਜੀਵਨ ਜੀ ਉਠੇ ਖਿੜੇ ਕੰਵਲ ਫੁਲ ਦਿਲ ਦਾ।[4]

ਵਿਸ਼ਾਲ ਵਾਕਫੀਅਤ

'ਤੀਰ' ਜੀ ਦੀ ਕਾਵਿ ਕਲਾ ਹੀ ਸ੍ਰੇਸ਼ਟ ਨਹੀਂ ਸਗੋਂ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਉਨ੍ਹਾਂ ਦੀ ਵਿਸ਼ਾਲ ਜਾਣਕਾਰੀ ਤੇ ਡੂੰਘੀ ਵਿਦਵਤਾ ਵੀ ਪ੍ਰਗਟ ਹੁੰਦੀ ਹੈ। ਉਨ੍ਹਾਂ ਨੇ ਕਈ ਪ੍ਰਕਾਰ ਦੀਆਂ ਛੋਟੀਆਂ ਤੇ ਵਡੀਆਂ ਕਵਿਤਾਵਾਂ ਲਿਖੀਆਂ, ਕਿੱਸੇ ਲਿਖੇ, ਸਿੱਖ ਇਤਿਹਾਸ ਦੇ ਕਾਰਨਾਮੇ ਬਿਆਨ ਕੀਤੇ, ਦੇਸ਼ ਭਗਤੀ ਤੇ ਇਨਕਲਾਬ ਦੀਆਂ ਰਚਨਾਵਾਂ ਰਚੀਆਂ, ਸਮਾਜ ਸੁਧਾਰਕ ਤੇ ਜੀਵਨ ਨੂੰ ਅਗਵਾਈ ਦੇਣ ਵਾਲ ਵਿਸ਼ੈ ਬਿਆਨ ਕੀਤੇ, ਇਨ੍ਹਾਂ ਸਾਰਿਆਂ ਵਿਚ ਉਨ੍ਹਾਂ ਨੇ ਜੀਵਨ ਦੇ ਹਰ ਪੱਖ ਨੂੰ ਛੋਹਿਆ। ਇਸ ਤੋਂ ਇਲਾਵਾ ਸੰਸਾਰ ਗਿਆਨ ਨਾਲ ਵੀ ਆਪਣਾ ਨਾਤਾ ਪ੍ਰਗਟ ਕੀਤਾ। ਇਸ ਸਭ ਤੋਂ ਉਨ੍ਹਾਂ ਦੀ ਵਿਸ਼ਾਲ ਜਾਣਕਾਰੀ ਦਾ ਪਤਾ ਲਗਦਾ ਹੈ।

> 'ਤੀਰ' ਜੀ ਦੀ ਸੋਝੀ ਦਾ ਵਰਮਾ ਪੱਥਰਾਂ ਦੀਆਂ ਹਿਕਾਂ ਪਾੜ ਕੇ ਧੁਰ ਹੇਠਾਂ ਪਹੁੰਚ ਜਾਂਦਾ ਹੈ ਤੇ ਧੁਰ ਥਲੇ ਪਈਆਂ ਜੀਵਨ-ਧਾਤਾਂ ਦਾ ਪਤਾ ਦੇਂਦਾ ਹੈ।[5]

ਸੁਭਾਵਕਤਾ

'ਤੀਰ' ਦੀ ਕਾਵਿ ਕਲਾ ਦਾ ਇਕ ਹੋਰ ਗੁਣ ਇਹ ਹੈ ਕਿ ਉਨ੍ਹਾਂ ਦੀ ਕਵਿਤਾ ਕਿਸੇ ਤਰ੍ਹਾਂ ਦੇ ਬਨਾਵਟੀ ਰੰਗ ਤੋਂ ਸੁਤੰਤਰ ਹੈ। ਉਨ੍ਹਾਂ ਦੀ ਕਵਿਤਾ ਵਿਚ ਉਨ੍ਹਾਂ ਦਾ ਅਨੁਭਵ ਬੜੇ ਪ੍ਰਕ੍ਰਿਤਕ ਰੂਪ ਵਿਚ ਪੇਸ਼ ਹੋਇਆ ਹੈ। ਇਸ ਸਬੰਧੀ ਉਨ੍ਹਾਂ ਨੇ ਕੋਈ ਉਚੇਚ ਨਹੀਂ ਕੀਤਾ ਸਗੋਂ ਕਾਵਿ ਵਰਣਨ ਨੂੰ ਬੜੇ ਸਹਿਜ ਤੇ ਸੁਭਾਵਕ ਰੂਪ ਵਿਚ ਪੇਸ਼ ਕੀਤਾ ਹੈ। ਉਨ੍ਹਾਂ ਦੀਆਂ ਕੁਝ ਕਵਿਤਾਵਾਂ ਵਿਚ ਖਿਆਲਾਂ ਦੀ ਕਾਫੀ ਡੂੰਘਾਈ ਤੇ ਬਾਰੀਕੀ ਮੌਜੂਦ ਹੈ ਪਰ ਤੀਰ ਦੀ ਇਹ ਵਿਸ਼ੇਸ਼ਤਾ ਹੈ ਕਿ ਉਸਨੇ ਔਖਿਆਂ ਵਿਸ਼ਿਆਂ ਨੂੰ ਵੀ ਬੜੇ ਸਰਲ ਤੇ ਸਹਿਜ ਰੂਪ ਵਿਚ ਪੇਸ਼ ਕੀਤਾ ਹੈ। 'ਤੀਰ' ਦੀ ਕਾਵਿ ਕਲਾ ਕਈ ਢੰਗਾਂ ਵਿਚ ਪ੍ਰੇਸ਼ ਹੋਈ ਹੈ। ਕਿਤੇ ਵਾਰਾਂ ਵਿਚ, ਕਿਤੇ ਕਿੱਸਿਆਂ ਵਿਚ, ਕਿਤੇ ਬਾਰਾਮਾਹ ਤੇ ਗੀਤਾਂ ਵਿਚ, ਪਰ ਇਨ੍ਹਾਂ ਸਾਰਿਆਂ ਵਿਚ ਉਨ੍ਹਾਂ ਦੀ ਕਲਾ ਸ਼ਕਤੀ ਕਾਫੀ ਸਲਾਹੁਣ ਯੋਗ ਹੈ ਕਿਉਂਕਿ 'ਤੀਰ' ਨੇ ਆਪਣੀ ਤਕਨੀਕੀ ਨਿਪੁੰਨਤਾ ਨੂੰ ਸਹਿਜਭਾਵੀ ਰੰਗ ਵਿਚ ਰੰਗ ਕੇ ਪੇਸ਼ ਕੀਤਾ ਹੈ। ਪਰੰਪਰਾਗਤ ਰੰਗ

ਦੇ ਨਾਲ ਨਾਲ ਜਿਥੇ ਉਹ ਆਧੁਨਿਕ ਕਵੀ ਦੇ ਰੂਪ ਵਿਚ ਪੇਸ਼ ਹੁੰਦਾ ਹੈ ਤਾਂ ਉਥੇ ਵੀ ਉਹ ਬੜੇ ਸਹਿਜ ਰੂਪ ਵਿਚ ਆਧੁਨਿਕ ਪੱਖਾਂ ਦਾ ਧਾਰਨੀ ਬਣ ਕੇ ਪੇਸ਼ ਹੋਇਆ ਹੈ। ਇਸ ਪੱਖੋਂ ਉਸਦੀ ਸਾਰੀ ਕਾਵਿ ਰਚਨਾ ਵਿਚ ਕਾਲ ਕੂਕਾਂ ਕਾਵਿ ਸੰਗ੍ਰਹਿ ਦਾ ਵਿਸ਼ੇਸ਼ ਸਥਾਨ ਹੈ। ਮੌਲਾ ਬਖਸ਼ ਕੁਸ਼ਤਾ ਦੇ ਕਥਨ ਵਿਚ ਪੂਰੀ ਸਚਾਈ ਹੈ ਕਿ "ਤੀਰ ਦੇ ਕਲਾਮ ਵਿਚ ਖਿਆਲ ਉਡਾਰੀ, ਰਵਾਨੀ, ਲੋਚ ਤੇ ਰਸ ਬੜਾ ਏ।"[6]

ਵਿਧਾਤਾ ਸਿੰਘ ਤੀਰ ਦੀ ਕਾਵਿ ਰਚਨਾ ਦਾ ਮੁੱਖ ਭਾਗ ਬ੍ਰਿਤਾਂਤਕ ਰਚਨਾ ਵਾਲਾ ਹੈ, ਜਿਨ੍ਹਾਂ ਵਿਚ ਉਨ੍ਹਾਂ ਨੇ ਕਿੱਸਿਆਂ ਤੇ ਕਥਾਵਾਂ ਦਾ ਵਰਣਨ ਕੀਤਾ ਹੈ। ਇਨ੍ਹਾਂ ਲੰਬੇ ਬਿਰਤਾਤਾਂ ਵਿਚ ਸਾਨੂੰ ਕਹਾਣੀ ਦੀ ਬਣਤਰ ਵਿਚ ਕੋਈ ਓਪਰਾਪਨ ਨਜ਼ਰ ਨਹੀਂ ਆਉਂਦਾ। ਉਹਨਾਂ ਨੇ ਕਹਾਣੀ ਦੀ ਚਾਲ ਨੂੰ ਤੇ ਇਸਦੇ ਵਿਕਾਸ ਨੂੰ ਬੜੇ ਕੁਦਰਤੀ, ਸੁਭਾਵਕ ਤੇ ਸੁਚੱਜੇ ਰੂਪ ਵਿਚ ਪੇਸ਼ ਕੀਤਾ ਹੈ। ਉਨ੍ਹਾਂ ਦਾ ਬਿਆਨ ਤੇ ਵਰਣਨ ਸਪੂੰਰਨ ਵੀ ਹੈ ਤੇ ਸਹਿਜ ਵੀ। ਇਨ੍ਹਾਂ ਕਥਾਵਾਂ ਵਿਚ ਕੁਝ ਮੌਕੇ ਤਾਂ ਇਤਨੇ ਸੁਭਾਵਕ ਤੇ ਵਿਸ਼ੇਸ਼ ਸਨ ਜਿਨ੍ਹਾਂ ਦੇ ਪ੍ਰਭਾਵ ਨੂੰ 'ਤੀਰ' ਜੀ ਦੀ ਕਲਮ ਨੇ ਪੂਰੀ ਤਰ੍ਹਾਂ ਉਘਾੜਿਆ ਹੈ। ਇਸੇ ਤਰ੍ਹਾਂ ਗੀਤਾਂ ਤੇ ਕਵਿਤਾਵਾਂ ਵਿਚ ਵੀ ਉਨ੍ਹਾਂ ਨੇ ਆਪਣੇ ਬਿਆਨ ਨੂੰ ਸੰਪੂਰਨ ਵੀ ਰਖਿਆ ਹੈ ਤੇ ਉਸ ਰਾਹੀਂ ਬੜਾ ਸੁਭਾਵਕ ਪ੍ਰਭਾਵ ਵੀ ਪੈਦਾ ਕੀਤਾ ਹੈ। ਬਾਲ ਵਿਧਵਾ ਦੀ ਹਾਲਤ ਦਾ ਬੜਾ ਢੁਕਵਾਂ ਤੇ ਦਰਦ ਭਰਪੂਰ ਵਰਣਨ ਉਨ੍ਹਾਂ ਨੇ ਇਸ ਪ੍ਰਕਾਰ ਕੀਤਾ ਹੈ :

ਮੈਂ ਹਾਂ ਦੁਖਾਂ ਜੋਰੀ, ਮਿਲੇ ਦੁਖ ਮੈਨੂੰ,
ਦੇਂਦੀ ਧਰਤੀ ਵੀ ਕਿਤੇ ਨਾ ਥਾਂ ਹਾਏ।
ਅੰਦਰ ਪਈ ਦਾਂ ਚੂੰਡਦੇ ਮਾਸ ਚੂਹੇ,
ਨਿਕਲਾਂ ਬਾਹਰ ਤਾਂ ਠੂੰਗਦੇ ਕਾਂ ਹਾਏ।[7]

ਵਿਧਾਤਾ ਸਿੰਘ ਤੀਰ ਜ਼ਿੰਦਗੀ ਦੇ ਕਈ ਰੰਗਾਂ ਨੂੰ ਪੇਸ਼ ਕਰਨ ਵਾਲਾ ਕਵੀ ਹੈ। ਉਸਨੇ ਜੀਵਨ ਦੇ ਹਾਸੇ, ਰੋਣੇ, ਖੁਸ਼ੀ ਗਮੀ ਰੌਣਕ ਬੇਰੌਣਕ, ਵਾਧੇ ਘਾਟੇ, ਸੰਘਰਸ਼ ਕਰਾਂਤੀ ਆਦਿ ਕਈ ਪੱਖਾਂ ਨੂੰ ਪੇਸ਼ ਕੀਤਾ ਹੈ। ਉਸਦੀ ਵਿਸ਼ੇਸ਼ਤਾ ਹੈ ਕਿ ਉਹ ਅਨੁਭਵ ਦੇ ਇਨ੍ਹਾਂ ਸਾਰਿਆਂ ਰੰਗਾਂ ਵਿਚੋਂ ਤੇ ਜੀਵਨ ਦੇ ਉਤਾਰ ਚੜ੍ਹਾਅ ਵਿਚੋਂ ਬੜੇ ਸੁਭਾਵਕ ਇਨਸਾਨ ਦੇ ਤੌਰ ਤੇ ਗੁਜ਼ਰਿਆ। 'ਤੀਰ' ਦਾ ਬਿਆਨ ਵੀ ਇਸ ਪਖੋਂ ਪੂਰੇ ਸੁਭਾਵਕ ਰੰਗ ਵਾਲਾ ਹੈ। ਇਸੇ ਲਈ ਉਸਦੀ ਕਵਿਤਾ ਜੀਵਨ ਦੇ ਆਮ ਪੱਖਾਂ ਤੇ ਇਨਸਾਨੀ ਗੁਣਾਂ ਦੇ ਬਹੁਤ ਨੇੜੇ ਹੈ। ਇਸੇ ਵਿਚ ਹੀ ਉਸਦੀ ਕਵਿਤਾ ਦਾ ਲੋਕ ਪ੍ਰਭਾਵ ਵੀ ਲੁਕਿਆ ਹੋਇਆ ਹੈ।

'ਤੀਰ' ਦੀ ਕਾਵਿ ਕਲਾ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਧਰਤੀ ਦੀ ਛੋਹ ਦਾ ਕਵੀ ਹੈ। ਉਹ ਬਹੁਤੀਆਂ ਕਾਲਪਨਿਕ ਉਡਾਰੀਆਂ ਨਹੀਂ ਲਾਉਂਦਾ ਤੇ ਨਾਂ ਹੀ ਪਾਠਕਾਂ ਨੂੰ ਦੂਰ ਕਿਤੇ ਕਾਲਪਨਿਕ ਮੰਡਲਾਂ ਵਿਚ ਹੀ ਲੈ ਜਾਂਦਾ ਹੈ। ਉਹ ਤਾਂ ਸਗੋਂ ਜੀਵਨ ਦੇ ਯਥਾਰਥਵਾਦੀ ਰੰਗ ਦੇ ਬਹੁਤ ਨੇੜੇ ਰਹਿੰਦਾ ਹੈ। ਉਹ ਆਪਣੀ ਕਲਪਨਾ ਸ਼ਕਤੀ ਰਾਹੀਂ ਦੂਰ ਦੀਆਂ ਪਰਤਾਂ ਨੂੰ ਵੀ ਨੇੜੇ ਲਿਆ ਕੇ ਉਨ੍ਹਾਂ ਦਾ ਅਸਲ ਰੂਪ ਉਘਾੜਦਾ ਹੈ। ਇਸੇ ਲਈ 'ਤੀਰ' ਦੀ ਕਵਿਤਾ ਵਿਚ ਸਾਨੂੰ ਆਦਰਸ਼ਵਾਦੀ ਤੇ ਯਥਾਰਥਵਾਦੀ ਰੰਗ ਦਾ ਸੁੰਦਰ ਸੁਮੇਲ ਦਿਖਾਈ ਦੇਂਦਾ ਹੈ।

ਾਂ ਦੀ

ਮੌਲਿਕਤਾ

ਵਿਧਾਤਾ ਸਿੰਘ 'ਤੀਰ' ਪਰੰਪਰਾਵਾਦੀ ਰੰਗ ਦਾ ਕਵੀ ਹੈ। ਇਸ ਲਈ ਵਾਦੀ
ਸਾਰੀ ਕਵਿਤਾ ਪਰੰਪਰਾਵਾਦੀ ਲੀਹਾਂ ਉਪਰ ਰਚੀ ਗਈ ਹੈ। ਪਰ ਇਸ ਪਰੰਪ ਹੈ।
ਪ੍ਰਭਾਵ ਵਿਚ ਰਹਿੰਦੇ ਹੋਏ ਵੀ ਤੀਰ ਨੇ ਆਪਣੀ ਮੌਲਿਕਤਾ ਦਾ ਪੂਰਾ ਪ੍ਰਮਾਣ ਦਿ ਢੰਗ
ਇਹ ਸਗੋਂ ਤੀਰ ਦੀ ਹੋਰ ਵੀ ਵਿਸ਼ੇਸ਼ਤਾ ਕਹੀ ਜਾ ਸਕਦੀ ਹੈ ਕਿ ਪਰੰਪਰਾਗਤ ਰੰ ਆਨ,
ਵਿਚ ਵੀ ਕਿਵੇਂ ਮੌਲਿਕਤਾ ਦਾ ਪ੍ਰਭਾਵ ਪੈਦਾ ਕੀਤਾ ਜਾ ਸਕਦਾ ਹੈ। 'ਤੀਰ' ਦਾ ਵਿਚ
ਕਥਾ ਵਿਸਥਾਰ, ਜੀਵਨ ਤਜਰਬਾ, ਵਾਰਤਾਲਾਪੀ ਸ਼ੈਲੀ ਤੇ ਨਾਟਕੀ ਰੰਗ ਆ
ਸਾਨੂੰ ਉਸਦੀ ਕਲਾ ਦੇ ਮੌਲਿਕ ਤੱਤ ਦਿਖਾਈ ਦੇਂਦੇ ਹਨ। ਦ ਹੈ,

ਤੀਰ' ਦੀ ਮੌਲਿਕਤਾ ਲੰਬੀਆਂ ਕਵਿਤਾਵਾਂ ਜਾਂ ਕਿੱਸਿਆਂ ਵਿਚ ਵੀ ਮੌ ਕਵੀ
ਕਿਉਂਕਿ ਲੰਬੀਆਂ ਬਿਰਤਾਂਤਕ ਕਵਿਤਾਵਾਂ ਜਾਂ ਕਿੱਸਾ ਰਚਨਾਵਾਂ ਦਾ ਉਹ ਪ੍ਰਵ ਗੀਆ
ਸੀ। ਉਸ ਦੀਆ ਛੋਟੀਆਂ ਕਵਿਤਾਵਾਂ ਵੀ ਪੂਰੀ ਤਰ੍ਹਾਂ ਮੌਲਿਕਤਾ ਦੇ ਰੰਗ ਵਿਚ ਤਾਵਾਂ
ਹੋਈਆਂ ਹਨ ਪਰ ਇਥੇ ਫਿਰ ਇਹ ਹੀ ਗੱਲ ਕਹਿਣੀ ਬਣਦੀ ਹੈ ਕਿ ਲੰਬੀਆਂ ਕ ਹੈ, ਜੋ
ਦਾ ਪ੍ਰਭਾਵਸ਼ਾਲੀ ਨਿਭਾਅ ਕਰਨਾ ਕਿਸੇ ਸ਼ਾਇਰ ਦੀ ਕਲਾ ਦਾ ਵਿਸ਼ੇਸ਼ ਗੁਣ ਹੁੰਦ
'ਤੀਰ' ਵਿਚ ਪੂਰੀ ਤਰ੍ਹਾਂ ਮੌਜੂਦ ਸੀ। ਵਿਚ

'ਤੀਰ' ਦੀ ਕਵਿਤਾ ਦਾ ਵਿਸ਼ਾ ਖੇਤਰ ਬਹੁਤ ਵਿਸ਼ਾਲ ਹੈ। ਜਿਸਦੀ ਲ ਨ ਦੀ
ਸਾਰਾ ਵਿਸ਼ਵ ਹੀ ਆ ਜਾਂਦਾ ਹੈ। ਉਸਦੇ ਵਿਸ਼ਾਲ ਹਿਰਦੇ ਵਿਚ ਕਲਪਨਾ ਤੇ ਗਿ ਵਿਸ਼ਾਲ
ਪੂਰੀ ਸੋਝੀ ਸੀ ਜੋ ਉਸਦੀ ਕਵਿਤਾ ਦਾ ਇਕ ਖਾਸ ਲੱਛਣ ਬਣੀ। ਉਸਨੇ ਆਪਣੀ ਕ੍ਰਿਤੀ
ਕਲਾ ਤੇ ਸੂਝ ਨੂੰ ਪੂਰੇ ਮੌਲਿਕ ਰੰਗ ਵਿਚ ਉਘਾੜਿਆ, ਜਿਸ ਵਿਚ ਭਾਰਤੀ ਸੰ ਇਨ੍ਹਾਂ
ਹਿੰਦੂ ਮਿਥਿਹਾਸ, ਸੂਫੀ ਰੰਗ ਤੇ ਆਧੁਨਿਕ ਪ੍ਰਭਾਵ ਨੂੰ ਗਿਣ ਸਕਦੇ ਹਾਂ। ਪ ਹੈ।
ਸਾਰਿਆਂ ਤੋਂ ਵੱਧ ਸਾਨੂੰ ਗੁਰਮਤਿ ਅਤੇ ਗੁਰਬਾਣੀ ਦਾ ਪ੍ਰਬਲ ਪ੍ਰਭਾਵ ਦਿਖਾਈ ਦੇਂ

'ਤੀਰ'

ਭਾਸ਼ਾ

ਤੀਰ ਦੀ ਕਾਵਿ ਕਲਾ ਇਕ ਵਿਸ਼ੇਸ਼ ਅੰਗ ਉਸਦੀ ਭਾਸ਼ਾ ਵਰਤੋਂ ਦਾ ਹੈ। ਹਾਂ ਤਾਂ
ਦੀ ਕਾਵਿ ਰਚਨਾ ਨੂੰ ਜਦੋਂ ਅਸੀਂ ਉਨ੍ਹਾਂ ਦੇ ਆਪਣੇ ਸਮੇਂ ਵਿਚ ਰਖ ਕੇ ਦੇਖ ਭਾਸ਼ਾ
ਸਾਨੂੰ ਉਨ੍ਹਾਂ ਦੀ ਭਾਸ਼ਾ ਜਿੱਥੇ ਸਰਲ ਤੇ ਸਾਦੀ ਜਾਪਦੀ ਹੈ ਉਥੇ ਆਪਣੇ ਸਮੇਂ 'ਤੀਰ'
ਉਪਰ ਪੂਰਾ ਠੇਠ ਤੇ ਆਧੁਨਿਕ ਪ੍ਰਭਾਵ ਪੈਦਾ ਕਰਦੀ ਹੋਈ ਵੀ ਨਜ਼ਰ ਆਉਂਦੀ ਹੈ ਆ ਹੈ।
ਜੀ ਨੇ ਆਪਣੇ ਸਮੇਂ ਪੰਜਾਬੀ ਨੂੰ ਬੜੇ ਸਾਦਾ ਤੇ ਮਿਠਾਸ ਭਰੇ ਰੂਪ ਵਿਚ ਵਰਤਿ ਤੇ ਠੇਠ
ਜਿਸਦਾ ਇਕ ਕਾਰਣ ਉਨ੍ਹਾਂ ਦੀ ਯੋਗ ਸ਼ਬਦ ਚੋਣ, ਸ਼ਬਦਾਂ ਦੇ ਸੰਗੀਤਕ ਪ੍ਰਭਾਵ ਖ ਤੀਰ
ਰੂਪਾਂ ਵਿਚ ਦੇਖੀ ਜਾ ਸਕਦੀ ਹੈ। ਭਾਸ਼ਾ ਦੀ ਵਰਤੋਂ ਪ੍ਰਤਿ ਸਾਨੂੰ ਵਿਧਾਤਾ ਸਿ ਤਰ੍ਹਾਂ
ਵਿਚ ਖਾਸ ਚੇਤਨਾ ਨਜ਼ਰ ਆਉਂਦੀ ਹੈ ਅਤੇ ਉਹ ਭਾਸ਼ਾ ਦੀ ਵਰਤੋਂ ਨੂੰ ਪੂ ਦਿਖਾਈ
ਢੁਕਵਾਂ ਤੇ ਭਾਵਪੂਰਤ ਬਣਾਉਣ ਲਈ ਕਵਿਤਾ ਦੇ ਹਰ ਬੋਲ ਵਿਚ ਯਤਨਸ਼ੀਲ ਤੇ ਵਡੀ
ਦੇਂਦਾ ਹੈ। ਭਾਸ਼ਾ ਉਪਰ ਪੂਰਨ ਅਧਿਕਾਰ ਸਦਕਾ ਹੀ ਤੀਰ ਜੀ ਇੰਨੀ ਨਿਰੰਤਰ ਕਰਨ ਤੇ
ਕਾਵਿ ਸਿਰਜਨਾ ਕਰ ਸਕੇ ਹਨ। ਉਹ ਜੀਵਨ ਦੇ ਹਰ ਪੱਖ ਵਿਚ ਮਿਹਨਤ
ਕੁਝ ਸਿਖਣ ਦੀ ਪਰੇਰਨਾ ਕਰਦੇ ਹਨ :

ਕੁਝ ਬਨਣਾ ਕੁਝ ਕਰਨਾ ਸਿਖ ਲੈ,
ਜੀਊਣਾ ਨਹੀਂ ਤਾਂ ਮਰਨਾ ਸਿਖ ਲੈ ।[8]

ਇਹੀ ਰੁਚੀ ਸਾਨੂੰ ਉਨ੍ਹਾਂ ਦੀ ਭਾਸ਼ਾ ਵਰਤੋਂ ਵਿਚ ਕੰਮ ਕਰਦੀ ਹੋਈ ਦਿਖਾਈ ਦੇਂਦੀ ਹੈ । 'ਤੀਰ' ਦੀ ਭਾਸ਼ਾ ਵਰਤੋਂ ਦੀ ਵਿਸ਼ੇਸ਼ਤਾ ਬਾਰੇ ਪ੍ਰੋ: ਗੁਰਦਿਆਲ ਸਿੰਘ ਫੁੱਲ ਦਾ ਕਥਨ ਹੈ :

> ਤੀਰ ਨੂੰ ਬੋਲੀ ਉਤੇ ਕਾਬੂ ਹੈ, ਉਸਨੂੰ ਸ਼ੁਧ ਸ਼ਬਦ ਅਰਥਾਂ, ਅਰਥਾਂ ਦੇ ਪਿਛੋਕੜਾਂ, ਅਰਥਾਂ ਦੀ ਆਤਮਾ, ਤੇ ਉਨਾਂ ਦੇ ਅੰਦਰਲੇ ਭਾਲਾਂ ਦਾ ਪੂਰਨ ਗਿਆਨ ਹੈ, ਇਹੋ ਕਾਰਨ ਹੈ ਕਿ ਤੀਰ ਦੀ ਬੋਲੀ ਸਰਲ, ਸੌਖੀ ਰਸਦਾਇਕ ਹੈ ਅਤੇ ਫੁਲਾਂ ਵਾਂਗ ਮਹਿਕਦੀ ਹੈ, ਚਸ਼ਮੇ ਵਾਂਗ ਝਰਦੀ ਹੈ, ਚੰਦ ਚਾਨਣੀ ਵਾਂਗ ਮਿੱਠੀ ਹੈ ।[9]

'ਤੀਰ' ਦੀ ਭਾਸ਼ਾ ਸਰਲਤਾ ਤੇ ਸਾਦਗੀ ਵਿਚ ਰਹਿੰਦੀ ਹੋਈ ਸੁੰਦਰ ਪ੍ਰਭਾਵ ਸਿਰਜਦੀ ਹੈ । ਉਨ੍ਹਾਂ ਦੀ ਬੋਲੀ ਵਿਚ ਇਕ ਖਾਸ ਸੋਹਜ ਤੇ ਰਵਾਨੀ ਹੈ ਜੋ ਪਾਠਕ ਨੂੰ ਆਪਣੇ ਨਾਲ ਵਹਾ ਕੇ ਲੈ ਜਾਂਦੀ ਹੈ । 'ਤੀਰ' ਦੀ ਭਾਸ਼ਾ ਵਰਤੋਂ ਦਾ ਸਭ ਤੋਂ ਵਡਮੁਲਾ ਪੱਖ ਸ਼ਬਦਾਵਲੀ ਦੀ ਵਰਤੋਂ ਵਿਚ ਦੇਖਿਆ ਜਾ ਸਕਦਾ ਹੈ । 'ਤੀਰ' ਪਾਸ ਅਥਾਹ ਸ਼ਬਦ ਭੰਡਾਰ ਸੀ, ਉਹ ਇਕੋ ਭਾਵ ਨੂੰ ਕਈ ਤਰ੍ਹਾਂ ਦੀ ਸ਼ਬਦ ਵਰਤੋਂ ਵਿਚ ਦਰਸਾਉਣ ਦੀ ਯੋਗਤਾ ਰਖਦਾ ਸੀ, ਉਹ ਭਿੰਨ ਭਿੰਨ ਭਾਵਾਂ ਨੂੰ ਪੇਸ਼ ਕਰਦਾ ਹੋਇਆ ਇਕੋ ਜਿਹੀ ਸ਼ਬਦ ਵਰਤੋਂ ਦਾ ਦੁਹਰਾਓ ਵੀ ਕਰ ਜਾਂਦਾ ਸੀ ਪਰ ਕਿਤੇ ਵੀ ਕੋਈ ਅਕੇਵਾਂ ਪੈਦਾ ਨਹੀਂ ਸੀ ਹੁੰਦਾ ਸਗੋਂ ਉਸਦਾ ਪ੍ਰਭਾਵ ਵਧਦਾ ਹੋਇਆ ਹੀ ਨਜ਼ਰ ਆਉਂਦਾ ਸੀ । ਉਸਦੇ ਕਿੱਸਿਆਂ ਵਿਚ ਸਾਨੂੰ ਇਹ ਗੁਣ ਵਿਸ਼ੇਸ਼ ਤੌਰ ਤੇ ਦਿਖਾਈ ਦੇਂਦਾ ਹੈ । 'ਰੂਪ ਰਾਣੀ ਸ਼ਕੁੰਤਲਾ' ਵਿਚ ਕੰਨਵ ਰਿਸ਼ੀ ਵਲੋਂ ਜਦੋਂ ਉਸਦੀ ਪੁਤਰੀ ਸ਼ਕੁੰਤਲਾ ਨੂੰ ਸਹੁਰੇ ਤੋਰਿਆ ਜਾਂਦਾ ਹੈ ਤਾਂ ਉਦੋਂ 'ਨਾਂ ਹੀ ਧੀ ਬੋਲੇ ਨਾ ਹੀ ਪਿਓ ਬੋਲੇ' ਦੀ ਬਾਰ ਬਾਰ ਵਰਤੋਂ ਦੁਆਰਾ ਵਿਧਾਤਾ ਸਿੰਘ ਤੀਰ ਨੇ ਬੜਾ ਅਨੋਖਾ ਤੇ ਕਲਾਤਮਕ ਪ੍ਰਭਾਵ ਸਿਰਜਿਆ ਹੈ । ਤੀਰ ਜੀ ਦੀ ਭਾਸ਼ਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸਾਨੂੰ ਤਿੰਨ ਭਾਸ਼ਾਵਾਂ ਦਾ ਸੰਗਮ ਦਿਖਾਈ ਦੇਂਦਾ ਹੈ । ਇਕ ਪਾਸੇ ਹਿੰਦੀ ਸੰਸਕ੍ਰਿਤ ਦੀ ਵਰਤੋਂ ਹੋਈ ਹੈ, ਦੂਜੇ ਪਾਸੇ ਉਰਦੂ ਫਾਰਸੀ ਅਤੇ ਤੀਜੇ ਪਾਸੇ ਕੇਂਦਰੀ ਤੇ ਠੇਠ ਪੰਜਾਬੀ । ਇਨ੍ਹਾਂ ਸਾਰਿਆਂ ਦਾ ਪਾਠਕ ਦੇ ਮਨ ਉਪਰ ਅਦੁੱਤੀ ਪ੍ਰਭਾਵ ਪੈਂਦਾ ਹੈ ।

ਤੀਰ ਜੀ ਨੇ ਹਿੰਦੀ ਸੰਸਕ੍ਰਿਤੀ ਸ਼ਬਦਾਂ ਦੀ ਬਹੁਤੀ ਵਰਤੋਂ ਤਾਂ ਨਹੀਂ ਕੀਤੀ ਪਰ ਜਿੱਥੇ ਵੀ ਕੀਤੀ ਹੈ, ਉਹ ਬੜੇ ਢੁਕਵੇਂ ਰੂਪ ਵਿਚ ਕੀਤੀ ਹੈ ਜਿਵੇਂ ਅਵਗਿਆ, ਕੁਸਲ, ਸਾਯਾ, ਭਗਵਾਨ, ਸਾਰਥੀ, ਤੇਜਮਯ, ਭਤਾਰ ਅਨਖੇਲੀਆਂ, ਹਿਰਦਾ ਆਦਿ ।

ਪੰਜਾਬੀ ਉਪਰ ਉਰਦੂ ਫਾਰਸੀ ਦਾ ਬਹੁਤ ਪ੍ਰਭਾਵ ਰਿਹਾ ਹੈ । ਖਾਸ ਤੌਰ ਤੇ ਪੁਰਾਣੀ ਪੰਜਾਬੀ ਉਪਰ । ਤੀਰ ਜੀ ਨੇ ਉਰਦੂ ਫਾਰਸੀ ਦੇ ਉਹੀ ਸ਼ਬਦ ਵਰਤੇ ਹਨ ਜੋ ਪੰਜਾਬੀ ਵਿਚ ਪੂਰੀ ਤਰ੍ਹਾਂ ਰਚ ਮਿਚ ਚੁਕੇ ਹਨ ਜਿਵੇਂ ਪਾਰ, ਅੰਬਾਰ, ਆਬ, ਹਮਜੋਲੀਆਂ, ਰੋਸ਼ਨ, ਸੁਲਤਾਨ, ਗੁਲਸਤਾਨ, ਜ਼ਮੀਰ, ਫਾਲ, ਸ਼ਗੂਾ, ਮਾਤਮੀ, ਆਜਜ਼ੀ, ਰਿਹਾਈ, ਪੀਰ ਹੁਕਮਰਾਨ ਆਦਿ । ਉਨ੍ਹਾਂ ਨੇ ਉਰਦੂ ਫਾਰਸੀ ਦੇ ਸ਼ਬਦ ਹੀ ਨਹੀਂ ਵਰਤੇ ਸਗੋਂ ਕੁਝ

ਮੁਹਾਵਰਿਆਂ ਨੂੰ ਵੀ ਬੜਾ ਢੁਕਵਾਂ ਪੰਜਾਬੀ ਰੂਪ ਦੇ ਦਿੱਤਾ ਹੈ :

ਤੀਰ ਗੁਲ ਖਿੜਾਓਗੇ ਨਵਾਂ ਕੋਈ
ਹਾਂ ਜੀ ਨਾਮ ਆਖਰ ਕਲੂਕਾਲ ਹੋਇਆ ।

ਤੀਰ ਜੀ ਦੇ ਸਮੇਂ ਵਿਚ ਪੰਜਾਬੀ ਜਨ ਜੀਵਨ ਵਿਚ ਕੁਝ ਅੰਗਰੇਜ਼ੀ ਸ਼ਬਦ ਵੀ ਆਮ ਸੁਭਾਵਕ ਰੂਪ ਵਿਚ ਵਰਤੇ ਜਾ ਰਹੇ ਸਨ । ਇਸ ਲਈ ਤੀਰ ਦੀ ਕਵਿਤਾ ਵਿਚ ਸਾਨੂੰ ਅਜੇਹੇ ਕੁਝ ਸ਼ਬਦ ਵਰਤੇ ਹੋਏ ਮਿਲਦੇ ਹਨ, ਜਿਵੇਂ :

ਮਾਰਚ, ਸੂਬੇਦਾਰ, ਜੱਜ, ਮੰਮੀ ਆਦਿ ।

ਤੀਰ ਜੀ ਦੀ ਬੋਲੀ ਉਤੇ ਗੁਰਬਾਣੀ ਦੀ ਸ਼ਬਦਾਵਲੀ ਦਾ ਵੀ ਬਹੁਤ ਪ੍ਰਭਾਵ ਦਿਖਾਈ ਦੇਂਦਾ ਹੈ । ਉਨ੍ਹਾਂ ਦੀਆਂ ਕੁਝ ਪੰਕਤੀਆਂ ਗੁਰਬਾਣੀ ਦੀਆਂ ਤੁੱਕਾਂ ਤੋਂ ਹੀ ਲਈਆਂ ਜਾਪਦੀਆਂ ਹਨ :

1. ਪ੍ਰੇਮ ਬਿਨਾ ਦੋਹਾਗਣਾ, ਹੋਇ ਨਾਰੀ, ਜੱਗ ਉਸਨੂੰ ਕਹੇ ਨਿਲੱਜ ਬੱਚੀ ।[10]
2. ਇਕ ਜੋਤ ਦੋਇ ਮੂਰਤੀ, ਜੱਗ ਹੋ ਕੇ, ਤੀਰ ਆਪਣਾ ਫਰਜ਼ ਸੰਭਾਲਸਾ ਮੈਂ ।[11]

ਕਿਸੇ ਵੀ ਸਾਹਿਤਕਾਰ ਦੀ ਭਾਸ਼ਾ ਵਿਚ ਮੁਹਾਵਰਿਆਂ ਦਾ ਵਿਸ਼ੇਸ਼ ਸਥਾਨ ਹੁੰਦਾ ਹੈ । ਕਿਉਂਕਿ ਭਾਵਾਂ ਤੇ ਵਿਚਾਰਾਂ ਨੂੰ ਸਪਸ਼ਟ ਬਣਾਉਣ ਵਿਚ ਮੁਹਾਵਰਿਆਂ ਦੀ ਬੜੀ ਲੋੜ ਹੁੰਦੀ ਹੈ । ਤੀਰ ਜੀ ਦੀ ਕਵਿਤਾ ਵਿਚ ਮੁਹਾਵਰੇ ਵੱਡੀ ਗਿਣਤੀ ਵਿਚ ਮੌਜੂਦ ਹਨ ਤੇ ਉਨ੍ਹਾਂ ਸਾਰਿਆਂ ਦਾ ਵੇਰਵਾ ਦੇਣਾ ਬੜਾ ਮੁਸ਼ਕਲ ਹੈ ਪਰ ਫਿਰ ਵੀ ਉਨ੍ਹਾਂ ਦੁਆਰਾ ਵਰਤੇ ਕੁਝ ਮੁਹਾਵਰੇ ਇਸ ਪ੍ਰਕਾਰ ਹਨ :

ਚਾਰ ਚੰਨ ਲਾਵਣੇ, ਫੜੀ ਛੱਡ ਉਡਦੀ ਮਗਰ ਦੌੜਨਾ, ਹੱਥ ਦੀਆਂ ਗੰਢਾਂ ਮੂੰਹ ਨਾਲ ਖੋਲਣੀਆਂ, ਦੁੱਧ ਵਿਚ ਕਾਂਜੀ ਘੋਲਣੀ, ਨਾਨੀ ਯਾਦ ਕਰਾਉਣੀ, ਮੋਠਾਂ ਦੀ ਛਾਵੇਂ ਬੈਠਣਾ, ਲੀਕ ਲਾਵਣੀ, ਦਾਲ ਨ ਗਲਣੀ, ਪੌਂ ਬਾਰਾਂ, ਕੰਨੀ ਕਤਰਾਉਣਾ, ਪੱਗ ਰੋਲਣਾ, ਦਾਲ ਵਿਚ ਕਾਲਾ, ਗਿਲ ਗਾਲਣੀ ਆਦਿ ।

ਕੁਝ ਥਾਵਾਂ ਤੇ ਸਗੋਂ ਕਵੀ ਨੇ ਦੋ ਦੋ ਮੁਹਾਵਰਿਆਂ ਨੂੰ ਇਕੋ ਵਾਕ ਵਿਚ ਵਰਤ ਲਿਆ ਹੈ :

ਆਇਓ ਬਾਝ ਨਾਹੀਂ ਚੰਦ ਚਾੜ੍ਹਿਓ ਈ, ਵਿਚ ਦੁਧ ਦੇ ਕਾਂਜੀਆਂ ਝੋਲੀਆਂ ਨੀ,
ਵਾ ਵਰੋਲਿਆਂ ਜਦੋਂ ਦਾ ਨਿਸੁਧ ਪੋਜੇ, ਲੀਰਾਂ ਵਾਂਗਰ ਇਜ਼ਤਾਂ ਰੋਲੀਆਂ ਨੀ ।[11]

ਤੀਰ ਦੀ ਪੰਜਾਬੀ ਭਾਸ਼ਾ ਦੀ ਇਕ ਵਿਸ਼ੇਸ਼ਤਾ ਸਮਾਸ ਬਨਾਉਣ ਵਿਚ ਹੈ । ਪੰਜਾਬੀ ਦੀ ਰੁਚੀ ਬਹੁਤੀ ਸਮਾਸ ਬਨਾਉਣ ਵਲ ਨਹੀਂ ਪਰ ਜਿਥੇ ਕਿਤੇ ਕੋਈ ਢੁਕਵੇਂ ਸਮਾਸ ਬਣਾ ਸਕਦਾ ਹੈ ਤਾਂ ਉਥੇ ਬੜੀ ਸੋਹਣੀ ਤਰ੍ਹਾਂ ਭਾਵ ਸਪਸ਼ਟ ਹੁੰਦੇ ਹਨ ਤੇ ਸਮਾਸ ਚੰਗੇ ਲਗਦੇ ਹਨ। ਤੀਰ ਜੀ ਦੀ ਕਵਿਤਾ ਵਿਚ ਆਏ ਅਜੇਹੇ ਕੁਝ ਸਮਾਸ ਇਸ ਪ੍ਰਕਾਰ ਹਨ :

ਪੀਲੀ-ਭੂਕ, ਤੱਤ-ਭਲੱਤੀ, ਅਕਲ-ਬੁੱਧ, ਸੋਚ-ਬੁੱਧ, ਕਾਲਾ-ਭੂਤ ਖੰਭ-ਖੁਥਿਆ ਆਦਿ ।

ਇਸ ਤੋਂ ਇਲਾਵਾ ਉਹਨਾਂ ਨੇ ਦੋ ਭਾਸ਼ੀ ਸਮਾਸ ਵੀ ਬਣਾਏ ਹਨ ਜਿਵੇਂ ਪੰਜਾਬੀ ਤੇ ਫਾਰਸੀ ਦੇ ਮਿਲਵੇਂ ਸਮਾਸ :

ਕੌਲ-ਇਕਰਾਰ, ਕੂੰਦ-ਰਾਗੀ, ਟੁਕੜ-ਕਦਾਈ ।

ਇਕ ਥਾਂ ਉਨਾਂ ਨੇ ਕਾਇਮ-ਮੁਕਾਇਮ ਸਮਾਸ ਦੀ ਵਰਤੋਂ ਵੀ ਕੀਤੀ ਹੈ ।

ਇਨ੍ਹਾਂ ਸਮਾਸਾਂ ਵਿਚ ਤੀਰ ਜੀ ਨੇ ਕੋਈ ਉਚੇਚ ਨਹੀਂ ਲਿਆਂਦਾ ਸਗੋਂ ਸੁੱਤੇ ਸਿੱਧ ਹੀ ਇਨ੍ਹਾਂ ਨੂੰ ਸਹਿਜ ਰੂਪ ਵਿਚ ਵਰਤ ਲਿਆ ਹੈ । ਤੀਰ ਜੀ ਦੀ ਪੰਜਾਬੀ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਨੇ ਵੱਖ ਵੱਖ ਥਾਂਵਾਂ ਤੇ ਸਥਾਨ ਅਨੁਕੂਲ ਸ਼ਬਦਾਂ ਦੀ ਵਰਤੋਂ ਕੀਤੀ ਹੈ । ਇਸ ਸਮੇਂ ਉਪਬੋਲੀਆਂ ਤੇ ਦੂਜੀਆਂ ਭਾਸ਼ਾਵਾਂ ਦੀ ਵਰਤੋਂ ਲੋੜ ਅਨੁਸਾਰ ਕੀਤੀ ਗਈ ਹੈ । ਮਲਵਈ ਵਾਤਾਵਰਣ ਸਮੇਂ ਮਲਵਈ ਸ਼ਬਦ ਜਿਵੇਂ ਗੋਤ ਮੰਦ, ਗੇ, ਜਿਹਦੀਆਂ ਅਤੇ ਲਹਿੰਦੀ ਸਮੇਂ ਲਹਿੰਦੀ ਸ਼ਬਦ ਜਿਵੇਂ ਖਾਵਣੀ, ਤੜਫਾਵਣੀ, ਲਿਹਾਵਣੀ, ਰੁਕਾਵਣੀ ਆਦਿ ।

ਤੀਰ ਜੀ ਨੇ ਆਮ ਬੋਲ ਚਾਲ ਵਾਲੇ ਲੋਕ ਸ਼ਬਦਾਂ ਨੂੰ ਵੀ ਵਰਤਿਆ ਹੈ ਜਿਵੇਂ ਬੁੱਸਾ, ਟੂਲ ਆਦਿ ।

ਪੰਜਾਬੀ ਵਿਚ ਟ ਅਤੇ ੜ ਧੁਨੀ ਬੜੀ ਖਰਵੀ ਮੰਨੀ ਗਈ ਹੈ ਅਤੇ ਇਸਤੋਂ ਕਵੀਆਂ ਨੇ ਕਰੋਧ ਜਾਂ ਬੀਰ ਰਸ ਵਾਲੇ ਸ਼ਬਦ ਸਿਰਜੇ ਹਨ ਪਰ ਕੁਝ ਕਵੀਆਂ ਨੇ ਇਨ੍ਹਾਂ ਨੂੰ ਅਤੇ ਖਾਸ ਤੌਰ ਤੇ 'ੜ' ਨੂੰ ਕੋਮਲ ਪ੍ਰਭਾਵ ਲਈ ਵੀ ਵਰਤਿਆ ਹੈ । ਤੀਰ ਦੀ ਕਵਿਤਾ ਵਿਚ ਵੀ ੜ ਦੀ ਵਰਤੋਂ ਪਿਆਰ ਭਰੇ ਸ਼ਬਦਾਂ ਲਈ ਕੀਤੀ ਗਈ ਹੈ; ਜਿਵੇਂ :

ਅਮੜੀ, ਸਹੇਲੜੀ, ਜੋਦੜੀ, ਬੱਚੜੀ, ਕਲੇਜੜੇ ਆਦਿ ।

'ੜ' ਦੀ ਵਰਤੋਂ ਗੁੱਸੇ ਤੇ ਕਰੋਧ ਵਾਲੇ ਭਾਵ ਵਿਚ ਵੀ ਹੋਈ ਹੈ ਜਿਵੇਂ :

ਹੋ ਕੇ ਵਾ ਵਰੋਲੜਾ ਨਿਸੁਧ ਅੰਦਰ, ਮਿਟੀ ਨਲ ਦੀ ਨਾਲ ਉਡਾ ਦਿਆਂਗਾ ।[12]

ਤੀਰ ਦੀ ਭਾਸ਼ਾ ਵਰਤੋਂ ਦੀਆਂ ਬੇਮਿਸਾਲ ਵਿਸ਼ੇਸ਼ਤਾਵਾਂ ਦਿਖਾਈ ਦੇਂਦੀਆਂ ਹਨ । ਇਸ ਸੰਬੰਧੀ ਪ੍ਰੋ : ਗੁਰਦਿਆਲ ਸਿੰਘ ਫੁਲ ਦਾ ਕਥਨ ਹੈ :

> ਤੀਰ ਨੂੰ ਬੋਲੀ ਉਤੇ ਕਾਬੂ ਹੈ, ਉਸਨੂੰ ਸੁਧ ਸ਼ਬਦਾਂ ਅਰਥਾਂ, ਅਰਥਾਂ ਦੇ ਪਿਛੋਕੜਾਂ, ਅਰਥਾਂ ਦੀ ਆਤਮਾ ਤੇ ਉਨ੍ਹਾਂ ਦੇ ਅੰਦਰਲੇ ਤਾਲਾਂ ਦਾ ਪੂਰਨ ਗਿਆਨ ਹੈ। ਇਹੋ ਕਾਰਨ ਹੈ ਕਿ ਤੀਰ ਦੀ ਬੋਲੀ ਸਰਲ, ਸੌਖੀ ਤੇ ਰਸਦਾਇਕ ਹੈ ਅਤੇ ਫੁੱਲਾਂ ਵਾਂਗ ਮਹਿਕਦੀ ਹੈ, ਚਸ਼ਮੇ ਵਾਂਗ ਝਰਦੀ ਹੈ, ਚੰਦ ਚਾਂਦਨੀ ਵਾਂਗ ਮਿਠੀ ਹੈ ।[13]

ਅਲੰਕਾਰ

ਤੀਰ ਦੀ ਕਾਵਿ ਕਲਾ ਦਾ ਇਕ ਵਿਸ਼ੇਸ਼ ਪੱਖ ਉਸਦੀ ਅਲੰਕਾਰ ਵਰਤੋਂ ਦਾ ਹੈ । ਤੀਰ ਜੀ ਨੇ ਅਲੰਕਾਰਾਂ ਦੇ ਬੇਲੋੜੇ ਬੰਧਨ ਨਹੀਂ ਪਾਏ ਸਗੋਂ ਅਲੰਕਾਰਾਂ ਨੂੰ ਬੜੇ ਸਹਿਜ ਰੂਪ ਵਿਚ ਹੀ ਲਿਆ ਹੈ । ਉਨ੍ਹਾਂ ਦੀ ਕਵਿਤਾ ਵਿਚ ਅਨੁਪ੍ਰਾਸ ਬੜੇ ਸੁਭਾਵਕ ਰੂਪ ਵਿਚ ਪੇਸ਼ ਹੋਇਆ ਹੈ । ਅਨੁਪ੍ਰਾਸ ਦੀ ਸੁੰਦਰਤਾ ਤੇ ਮਿਠਾਸ ਉਨ੍ਹਾਂ ਦੇ ਪਾਠਕਾਂ ਤੇ ਸਰੋਤਿਆਂ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ ਜਿਵੇਂ :

ਜੇ ਜਾਣਾ ਜਾਣੀ ਨਹੀਂ ਜਾਂਦੀ,
ਜੇ ਮਾਣਾ ਮਾਣੀ ਨਹੀਂ ਜਾਂਦੀ ।

ਇਸੇ ਤਰ੍ਹਾਂ 'ਪ' ਦਾ ਅਨੁਪ੍ਰਾਸ ਕਿਨਾ ਸੁਹਣਾ ਵਰਤਿਆ ਹੈ :

ਰਤ ਪੀਤੀ ਉਸਨੇ ਰਤ ਪੀਣਿਆਂ ਦੀ ਰੱਜ ਕੇ,
ਰਤ ਪਾਪਾ ਆਪਣੀ, ਪਰ-ਪੀੜ ਪਰ ਹਰਦਾ ਰਿਹਾ ।

ਆਪ ਦੀ ਕਵਿਤਾ ਵਿਚ ਵਿਰੋਧਭਾਵੀ ਚਿੱਤਰ ਵੀ ਹਨ ਜੋ ਕਿ ਆਪ ਦੀ ਕਵਿਤਾ ਵਿਚ ਹੋਰ ਕਲਾਤਮਕਤਾ ਪੈਦਾ ਕਰਦੇ ਹਨ ਜਿਵੇਂ :

ਲੋਕ ਤਾਂ ਬੁਨਿਆਦ ਭਰਦੇ ਇਟ ਰੋੜੀ ਰੇਤ ਪਾ,
ਕੌਮ ਦੀ ਬੁਨਿਆਦ ਉਹ ਪਰ, ਪੁਤ ਪਾ ਭਰਦਾ ਰਿਹਾ ।

ਅਲੰਕਾਰਾਂ ਵਿਚ ਰੂਪਕ ਦਾ ਬੜਾ ਸੁਭਾਵਕ ਸਥਾਨ ਹੈ । ਹਰ ਕਵੀ ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਆਪਣੀ ਕਲਪਨਾ ਸ਼ਕਤੀ ਦੁਆਰਾ ਰੂਪਕਾਂ ਦੀ ਸਿਰਜਣਾ ਕਰਦਾ ਹੈ । ਤੀਰ ਜੀ ਦੀ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਨੇ ਰੂਪਕਾਂ ਨੂੰ ਲੋਕ ਮੁਹਾਵਰੇ ਅਨੁਸਾਰ ਢਾਲਿਆ ਹੈ ਕਿਉਂਕਿ ਉਨ੍ਹਾਂ ਨੇ ਆਪਣੀ ਗੱਲ ਆਮ ਲੋਕਾਂ ਨੂੰ ਸਮਝਾਉਣੀ ਤੇ ਆਪਣੀ ਗੱਲ ਆਮ ਲੋਕਾਂ ਅਗੇ ਪੇਸ਼ ਕਰਨੀ ਸੀ । ਇਸ ਲਈ ਉਹ ਬੜੀ ਢੁਕਵੀਂ ਤੇ ਸਰਲ ਰੂਪਕ ਦੀ ਵਰਤੋਂ ਕਰਦੇ ਹਨ ਜਿਵੇਂ ਘਾਹ ਨੂੰ ਮਖਮਲ, ਸਾਧ ਸੰਗਤ ਨੂੰ ਸੱਚ ਦੇ ਸਿੱਕੇ, ਤੇ ਗੜਿਆਂ ਨੂੰ ਅੰਬਰੀ ਮਖਾਣੇ ਕਹਿਆ ਹੈ ।

ਵੱਸੇ ਗੜੇ ਨੇ ਚਿੱਟੇ ਭਾਵੇਂ ਜਗਤ ਦੇ ਭਾਣੇ
ਕੁਦਰਤ ਨੇ ਪਰ ਖਿਲਾਰੇ ਇਹ ਅੰਬਰੀ ਮਖਾਣੇ ।

ਇਸ ਤੋਂ ਇਲਾਵਾ ਆਪ ਨੇ ਪੇਟ ਨੂੰ ਤੰਦੂਰ, ਛੱਲਿਆਂ ਨੂੰ ਭੁੰਨੇ ਬਦਾਮ, ਮੌਤ ਨੂੰ ਲਾੜੀ ਤੇ ਵਿਛੋੜੇ ਨੂੰ ਕਾਲਾ ਸੱਪ ਕਿਹਾ ਹੈ । ਉਸਨੇ ਗਰੀਬਾਂ, ਕਿਰਤੀਆਂ ਤੇ ਕਾਮੇ ਦਾ ਖ਼ੂਨ ਚੂਸਣ ਵਾਲੇ ਨੂੰ ਜੋਕਾਂ ਕਿਹਾ ਹੈ :

ਆਉ ਓਇ ਵੇਖਣ ਵਾਲਿਓ, ਲਾਹੋ ਓਇ ਵੇਖਣ ਵਾਲਿਓ,
ਲੱਖ ਜੋਕਾਂ ਮੈਨੂੰ ਲਗੀਆਂ, ਨਾ ਮੈਥੋਂ ਜਾਣ ਸੰਭਾਲੀਆਂ ।

ਸੂਫ਼ੀ ਕਾਵਿ ਦੀ ਪਰੰਪਰਾ ਵਿਚ ਰਹਿੰਦੇ ਹੋਏ ਤੀਰ ਨੇ ਦਾਜ, ਚਰਖਾ, ਲਾੜੀ ਆਦਿ ਕਈ ਚਿੰਨ੍ਹ ਵੀ ਵਰਤੇ ਹਨ ।

ਛੰਦ ਪ੍ਰਬੰਧ

ਜਿਸ ਕਾਵਿ ਰਚਨਾ ਵਿਚ ਪਿੰਗਲ ਦੇ ਨਿਯਮਾਂ ਦੀ ਪਾਲਣਾ ਕੀਤੀ ਗਈ ਹੋਵੇ ਉਹ ਛੰਦ-ਬੱਧ ਹੁੰਦੀ ਹੈ । ਛੰਦ ਦੁਆਰਾ ਕਵਿਤਾ ਵਿਚ ਤੁੱਕਾਂ, ਅੱਖਰਾਂ, ਮਾਤ੍ਰਾਵਾਂ ਜਾਂ ਗੁਣਾਂ ਦੀ ਤਰਤੀਬ ਅਤੇ ਗਿਣਤੀ ਦਾ ਧਿਆਨ ਰਖਿਆ ਜਾਂਦਾ ਹੈ । ਇਸ ਨਾਲ ਕਵਿਤਾ ਵਿਚ ਤੋਲ ਤੁਕਾਂਤ ਸੰਪੂਰਣ ਰਹਿੰਦਾ ਹੈ । ਹਰ ਛੰਦ ਦਾ ਆਪਣਾ ਹੀ ਤੋਲ ਹੁੰਦਾ ਹੈ । ਛੰਦ ਦਾ ਮਨੋਰਥ ਲੈ ਉਪਜਾਉਣਾ ਹੈ ।

ਇਹ ਕਾਫ਼ੀ ਚਰਚਾ ਚਲਦੀ ਹੈ ਕਿ ਕਵਿਤਾ ਵਿਚ ਛੰਦ ਹੋਣਾ ਚਾਹੀਦਾ ਹੈ ਕਿ ਨਹੀਂ ? ਸਾਡੇ ਪਰੰਪਰਾਗਤ ਕਵੀਆਂ ਨੇ ਛੰਦਾ ਬੰਦੀ ਨੂੰ ਕਾਵਿ ਵਿਚ ਜ਼ਰੂਰੀ ਮਹੱਤਵ ਦਿੱਤਾ ਹੈ ਅਤੇ ਇਸਦੀ ਕਲਾਤਮਕ ਵਰਤੋਂ ਕੀਤੀ ਹੈ । ਵਿਧਾਤਾ ਸਿੰਘ ਤੀਰ ਨੇ ਵੀ ਛੰਦਾਬੰਦੀ ਨੂੰ ਬੜੀ ਪਾਬੰਦੀ ਤੇ ਪ੍ਰਵੀਨਤਾ ਨਾਲ ਨਿਭਾਇਆ ਹੈ । ਉਨ੍ਹਾਂ ਨੇ ਇਸਨੂੰ ਕੈਦ ਨਹੀਂ ਮੰਨਿਆ

ਸਗੋਂ ਇਸ ਤਰ੍ਹਾਂ ਹੀ ਕਵਿਤਾ ਵਿਚ ਸੰਜਮ ਤੇ ਨਿਖਾਰ ਲਿਆਉਂਦਾ ਹੈ । 'ਤੀਰ' ਦੀ ਇਹ ਵਿਸ਼ੇਸ਼ਤਾ ਹੈ ਕਿ ਉਸਨੇ ਕਵਿਤਾ ਵਿਚ ਵਲਵਲਿਆਂ ਨੂੰ ਪੇਸ਼ ਕਰਨ ਸਮੇਂ ਬੜੇ ਢੁਕਵੇਂ ਛੰਦਾਂ ਦੀ ਵਰਤੋਂ ਕੀਤੀ ਹੈ । ਇਸ ਲਈ ਉਸਦੀ ਕਵਿਤਾ ਵਿਚ ਛੰਦਾ ਬੰਦੀ ਦਾ ਜ਼ਰੂਰੀ ਸਥਾਨ ਹੈ ਤੇ ਉਸਨੇ ਵਨਸੁਵੰਨੀ ਛੰਦਾਬੰਦੀ ਦੀ ਵਰਤੋਂ ਕੀਤੀ ਹੈ ।

ਵਿਧਾਤਾ ਸਿੰਘ ਤੀਰ ਨੇ ਆਪਣੇ ਕਿੱਸਿਆਂ ਵਿਚ ਵਖ ਵਖ ਵਰਣਿਕ ਤੇ ਮਾਤ੍ਰਿਕ ਛੰਦਾਂ ਦੀ ਵਰਤੋਂ ਕੀਤੀ ਹੈ । ਉਨ੍ਹਾਂ ਦੁਆਰਾ ਵਰਤੇ ਕੁਝ ਪ੍ਰਮੁੱਖ ਛੰਦਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. ਕਬਿੱਤ

ਕਬਿੱਤ ਵਰਣਿਕ ਛੰਦ ਹੈ । ਜਿਸ ਵਿਚ ਚਾਰ ਚਰਣ ਹੁੰਦੇ ਹਨ । ਹਰ ਚਰਣ ਦੀਆਂ 31 ਜਾਂ 32 ਮਾਤ੍ਰਾਵਾਂ ਹੁੰਦੀਆਂ ਹਨ ਅਤੇ ਤਿੰਨ ਬਿਸਰਾਮ 8, 8, 8 ਉਤੇ ਹੁੰਦਾ ਹੈ ਅਤੇ ਚੌਥਾ 7 ਮਾਤ੍ਰਾਵਾਂ ਤੋਂ ਬਾਅਦ ਹੁੰਦਾ ਹੈ । ਵਿਧਾਤਾ ਸਿੰਘ ਤੀਰ ਨੇ ਕਬਿੱਤ ਦੀ ਬਿਸਰਾਮਾਂ ਦੀ ਸ਼ਰਤ ਨੂੰ ਪੂਰੀ ਤਰ੍ਹਾਂ ਨਹੀਂ ਮੰਨਿਆ । ਉਨ੍ਹਾਂ ਨੇ ਜਿਸ ਕਬਿੱਤ ਦੀ ਵਰਤੋਂ ਕੀਤੀ ਹੈ ਉਸ ਵਿਚ ਬਿਸਰਾਮ 6, 10, 6, 10 ਪਿਛੋਂ ਆਉਂਦਾ ਹੈ । ਦੂਜੀ ਤੁੱਕ ਵਿਚ ਬਿਸਰਾਮ 8, 8, 16 ਉਤੇ ਹੈ । ਤੀਜੀ ਤੁੱਕ ਵਿਚ ਬਿਸਰਾਮ 6, 10, 15 ਉਤੇ ਹੈ ਅਤੇ ਚੌਥੀ ਤੁਕ ਵਿਚ 7, 19, 17 ਉਤੇ ਹੈ । ਬਿਸਰਾਮ ਦੀ ਵਖਰੀ ਵਖਰੀ ਵਰਤੋਂ ਦੁਆਰਾ ਕਵੀ ਨੇ ਕਬਿੱਤ ਦੇ ਰੂਪਾਂ ਵਿਚ ਅੰਤਰ ਪਾਇਆ ਹੈ । ਉਸਨੇ 8, 8, 8, 7 ਵਾਲੇ ਬਿਸਰਾਮ ਦੀ ਵਰਤੋਂ ਵੀ ਕੀਤੀ ਹੈ :

ਆਖੇ ਰਥਵਾਨ ਤੁਸੀਂ ਤੌਖਲਾ ਨਾ ਕਰੋ ਕੋਈ
ਆਖੋ ਤਾਂ ਸਵੇਰ ਤੋਂ ਵੀ ਪਹਿਲੇ ਸੇ ਪੁਚਾ ਦਿਆ
ਇਕ ਪਲਕਾਰੇ ਵਿਚ ਸਾਰਾ ਪੰਧ ਕਟ ਜਾਵਾਂ
ਪਹਿਰਾਂ ਦੀ ਪਛਾੜ ਵਿਚ ਪਲਾਂ ਦੇ ਮਿਲਾ ਦਿਆਂ
ਮਹਾਰਾਜ ਮੇਹਰ ਕਰੋ ਕੁਝ ਪਤੇ ਗਿਣ ਦਸੋ
ਗਲ ਜਾਵੇ ਪਰਖੀ ਤੇ ਰਥ ਸੇ ਚਲਾ ਦਿਆ
ਤੀਰ ਘੋੜੇ ਉਡਦੇ ਨੇ ਹਵਾ ਵਿਚ ਇਕੋ ਵਾਰ
ਮਹਾਰਾਜ ਪਿੱਠ ਉਤੇ ਥਾਪੜੀ ਜੇ ਲਾ ਦਿਆਂ ।

ਕਵੀ ਨੇ ਕਿੱਸਿਆਂ ਵਿਚ ਕਹਾਣੀ ਦੀ ਵੱਖ ਵੱਖ ਹਾਲਤ ਦੇ ਅਨੁਸਾਰ ਕਈ ਛੰਦ ਵਰਤੇ ਹਨ । ਮਿਸਾਲ ਵਜੋਂ ਜਦੋਂ ਕਿਸੇ ਦੇ ਦਿਲ ਦੀ ਗੱਲ ਕਹਿਣੀ ਹੋਵੇ ਜਾਂ ਕਵੀ ਆਪਣੇ ਵਲੋਂ ਕੋਈ ਗੱਲ ਦਸੇ ਤਾਂ ਉਹ ਕੁੰਡਲੀਆਂ ਤੇ ਦੋਹਿਰਾ ਛੰਦ ਦੀ ਵਰਤੋਂ ਕਰਦਾ ਹੈ । ਪਰ ਜਦੋਂ ਕਹਾਣੀ ਦੀ ਤੋਰ ਨੂੰ ਚਲਾਉਣਾ ਹੋਵੇ ਤਾਂ ਉਹ ਕਬਿੱਤ ਦੀ ਵਰਤੋਂ ਕਰਦਾ ਹੈ । ਮਿਸਾਲ ਵਜੋਂ ਨਲ ਦਮਯੰਤੀ ਵਿਚ ਨਲ ਤੇ ਦਮਯੰਤੀ ਦੀ ਗੱਲ ਬਾਤ ਨੂੰ ਦੋਹਿਰਾ ਤੇ ਕਬਿਤ ਵਿਚ ਬਿਆਨ ਕੀਤਾ ਗਿਆ ਹੈ ।

2. ਸਵੱਯਾ

ਤੀਰ ਜੀ ਨੇ ਕਿੱਸਿਆਂ ਵਿਚ ਕਿਤੇ ਕਿਤੇ ਸਵੱਯੇ ਛੰਦ ਦੀ ਵਰਤੋਂ ਕੀਤੀ ਹੈ ।

ਜਾਪਦਾ ਹੈ ਕਿ ਉਹਨਾਂ ਨੇ ਆਪਣੇ ਭਾਵਾਂ ਨੂੰ ਸਪਸ਼ਟ ਕਰਨ ਲਈ ਇਸ ਛੰਦ ਨੂੰ ਵਰਤਿਆ ਹੈ। ਸਵੱਯੇ ਵਿਚ ਵੀ ਮਾਤ੍ਰਾਵਾਂ ਦੀ ਗਿਣਤੀ ਠੀਕ ਹੈ ਪਰ ਬਿਸਰਾਮ ਉਨ੍ਹਾਂ ਨੇ ਆਪਣੇ ਅਨੁਸਾਰ ਰਖਿਆ ਹੈ। ਸਵਯੇ ਦੀਆਂ 23 ਜਾਂ 24 ਮਾਤ੍ਰਾਵਾਂ ਹੁੰਦੀਆਂ ਹਨ ਜਿਸ ਵਿਚ 11, 12 ਜਾਂ 12, 12 ਉਤੇ ਬਿਸਰਾਮ ਹੁੰਦਾ ਹੈ। ਪਰ ਤੀਰ ਜੀ ਨੇ ਬਿਸਰਾਮ ਨੂੰ ਉਲਟਾ ਕੇ 12, 11 ਉਤੇ ਕਰ ਦਿੱਤਾ ਹੈ।

ਸੁਲਤਾਨ ਸੁਣੋ ਫਰਮਾਨ ਸਭੋ, ਗੁਣਵਾਨ ਸਤੀ ਹੁਣ ਆਵੇਗੀ
ਦਮਯੰਤ ਬਸੰਤ ਖਿੜੀ ਜਗ ਤੇ ਇਸ ਮੰਡਿਲ ਨੂੰ ਮਹਿਕਾਵੇਗੀ
ਪੁਤਰੀ ਭੀਮ ਸਵੰਬਰ ਦੀ ਹੁਣ, ਪੂਰਨ ਰੀਤਾਂ ਕਰਾਵੇਗੀ
ਜਿਸਦੇ ਹਨ ਭਾਗ ਉਦੇ ਉਸਨੂੰ, ਜੈ ਮਾਲ ਘੜੀ ਤੱਕ ਪਾਵੇਗੀ।[19]

3. **ਦੋਹਿਰਾ**

ਦੋਹਿਰਾ ਅਜੇਹਾ ਮਾਤ੍ਰਿਕ ਛੰਦ ਹੈ ਜਿਸ ਵਿਚ ਵਿਚਾਰ ਨੂੰ ਬੜੇ ਸੰਖੇਪ ਰੂਪ ਵਿਚ ਬਿਆਨ ਕੀਤਾ ਜਾ ਸਕਦਾ ਹੈ। ਇਸੇ ਲਈ ਇਹ ਅਖਾਣ ਵਾਂਗ ਮੂੰਹ ਤੇ ਚੜ੍ਹ ਜਾਂਦਾ ਹੈ। 'ਤੀਰ' ਜੀ ਨੇ ਕਈ ਪੱਖਾਂ ਤੋਂ ਦੋਹਿਰਾ ਛੰਦ ਦੀ ਵਰਤੋਂ ਕੀਤੀ ਹੈ। ਦੋਹਿਰਾ 24 ਮਾਤ੍ਰਾਂ ਦਾ ਛੰਦ ਹੈ। ਤੀਰ ਜੀ ਨੇ 24 ਮਾਤ੍ਰਾਂ ਦੀ ਵਰਤੋਂ ਵੀ ਕੀਤੀ ਹੈ ਪਰ ਕਿਤੇ ਕਿਤੇ ਮਾਤ੍ਰਾਵਾਂ ਦੀ ਖੁਲ ਵੀ ਲੈ ਲਈ ਹੈ। 'ਤੀਰ' ਨੇ ਕਈ ਥਾਵਾਂ ਤੇ ਕਿੱਸਿਆਂ ਨੂੰ ਆਰੰਭ ਕਰਨ ਵੇਲੇ ਅਰਦਾਸ ਦੇ ਰੂਪ ਵਿਚ ਦੋਹਿਰਾ ਹੀ ਵਰਤਿਆ ਹੈ। ਤੀਰ ਨੇ ਆਮ ਤੌਰ ਤੇ ਦੋਹਿਰਾ ਉਥੇ ਹੀ ਵਰਤਿਆ ਹੈ ਜਿਥੇ ਵਾਰਤਾਲਾਪ ਚਲਦੀ ਹੈ ਤੇ ਸੁਆਲ ਜੁਆਬ ਹੁੰਦੇ ਹਨ :

ਪੁਛਿਆ ਫਿਰ ਦੁਖਯੰਤ ਨੇ ਦੱਸ ਪ੍ਰੋਹਤ ਸੁਜਾਨ।
ਹੁਣ ਕੀ ਕਰਨਾ ਯੋਗ ਹੈ, ਤੂੰ ਵੀ ਹੈਂ ਬੁਧਵਾਨ।[20]

ਤੀਰ ਦੇ ਦੋਹਰਿਆਂ ਵਿਚ ਪਾਠਕਾਂ ਉਤੇ ਪ੍ਰਭਾਵ ਪਾਉਣ ਦੀ ਕਾਫੀ ਸ਼ਕਤੀ ਹੈ। ਇਨ੍ਹਾਂ ਦੀ ਵਰਤੋਂ ਨਾਲ ਤੀਰ ਨੇ ਕਿੱਸਿਆਂ ਦੇ ਕਲਾਤਮਕ ਢੰਗ ਨੂੰ ਲਿਸ਼ਕਾਇਆ ਹੈ ਤੇ ਰਸ ਵਿਚ ਵਾਧਾ ਕੀਤਾ ਹੈ। ਦੋਹਿਰੇ ਦੀ ਵਰਤੋਂ ਰਾਹੀਂ ਉਨ੍ਹਾਂ ਨੇ ਆਪਣੀ ਕਵਿਤਾ ਵਿਚ ਲੋਕ ਛੋਹ ਪੈਦਾ ਕੀਤੀ ਹੈ ਅਤੇ ਮਨੁਖੀ ਮਨ ਨੂੰ ਚੰਗੀ ਤਰ੍ਹਾਂ ਟੁੰਬਿਆ ਹੈ।

4. **ਦਵੱਈਆ**

ਇਹ ਮਾਤ੍ਰਿਕ ਛੰਦ ਹੈ ਜਿਸ ਦੀਆਂ ਚਾਰ ਤੁਕਾਂ ਹੁੰਦੀਆਂ ਹਨ। ਹਰ ਤੁਕ ਦੀਆਂ 28 ਮਾਤ੍ਰਾਵਾਂ ਹੁੰਦੀਆਂ ਹਨ। 16, 12 ਤੇ ਬਿਸਰਾਮ ਹੁੰਦਾ ਹੈ। 'ਤੀਰ' ਜੀ ਨੇ ਇਸ ਛੰਦ ਨੂੰ ਬੜੇ ਸੁਚੱਜੇ ਢੰਗ ਨਾਲ ਨਿਭਾਇਆ ਹੈ। ਇਸ ਵਿਚ ਵੀ ਤੀਰ ਜੀ ਨੇ ਕਈ ਮਾਤ੍ਰਾਵਾਂ ਦੀ ਖੁਲ ਲਈ ਹੈ। ਕਿੱਸਾ ਨਲ ਦਮਯੰਤੀ ਵਿਚ ਕਵੀ ਨੇ ਕੁਝ ਥਾਵਾਂ ਤੇ ਇਸ ਛੰਦ ਦੀ ਨਾ ਮਾਤ੍ਰਾ ਦੀ ਪਰਵਾਹ ਕੀਤੀ ਹੈ ਅਤੇ ਨਾ ਬਿਸਰਾਮ ਦੀ। ਉਸਨੇ 27, 28 ਮਾਤ੍ਰਾਂ ਦੀ ਵਰਤੋਂ ਕਰਦੇ ਹੋਏ 11, 16, 16, 12, 16, 11 ਉਤੇ ਬਿਸਰਾਮ ਇੰਝ ਵਰਤਿਆ ਹੈ :

ਦੁਖਾਂ ਨੇ ਪਰ ਰਲ ਮਿਲ, ਐਸੀ ਕੀਤੀ ਆਣ ਚੜ੍ਹਾਈ
ਰਾਜਾ ਵੇਖੇ ਪਤਨੀ ਦੀ ਵੀ, ਹੋ ਨਾ ਸਕੇ ਸਹਾਈ
ਆਪਣੇ ਪੈਰੀ ਚੁੱਭੇ ਭਾਵੇਂ, ਕੰਢੇ ਤਾਂ ਨਾ ਕੱਢੇ।[21]

ਅਸਲ ਵਿਚ ਭਾਵਾਂ ਦਾ ਕਈ ਵੇਰ ਏਨਾ ਵੇਗ ਹੁੰਦਾ ਹੈ ਕਿ ਉਨ੍ਹਾਂ ਨੂੰ ਪਿੰਗਲ ਦੀ ਹੱਦ ਬੰਦੀ ਵਿਚ ਕੈਦ ਨਹੀਂ ਕੀਤਾ ਜਾ ਸਕਦਾ। ਇਹੀ ਕਾਰਣ ਹੈ ਕਿ ਤੀਰ ਦੀ ਕਵਿਤਾ ਵਿਚ ਵਰਤੇ ਛੰਦਾਂ ਦੀਆਂ ਮਾਤ੍ਰਾਵਾਂ ਦੀ ਗਿਣਤੀ ਘਟ ਵੱਧ ਜਾਂਦੀ ਹੈ। ਉਨ੍ਹਾਂ ਨੇ ਦਵੱਯੇ ਦੀ ਵਰਤੋਂ ਖਾਸ ਤੌਰ ਤੇ ਮਨੁਖੀ ਮਨ ਦੀ ਗਹਿਰਾਈ ਤੇ ਪੀੜਾਂ ਨੂੰ ਬਿਆਨ ਕਰਨ ਲਈ ਵਰਤੀ ਹੈ।

ਡਿਓਢ :

ਡਿਓਢ ਵੀ ਇਕ ਮਾਤ੍ਰਿਕ ਛੰਦ ਹੈ। ਜਿਸ ਦੀਆਂ ਡੇਢ ਡੇਢ ਤੁੱਕਾਂ ਵਾਲੀਆਂ ਚਾਰ ਪੰਕਤੀਆਂ ਹੁੰਦੀਆਂ ਹਨ। ਪ੍ਰਸਿੱਧ ਕਵੀ ਹਾਸ਼ਮ ਨੇ ਡਿਓਢ ਦੀ ਬੜੀ ਕਲਾਤਮਕ ਵਰਤੋਂ ਕੀਤੀ ਸੀ। ਵਿਧਾਤਾ ਸਿੰਘ ਤੀਰ ਨੇ ਡਿਓਢ ਨੂੰ ਚੰਗੇ ਪ੍ਰਭਾਵ ਵਿਚ ਵਰਤਿਆ ਹੈ। ਵਿਧਾਤਾ ਸਿੰਘ ਤੀਰ ਦੇ ਕਿੱਸਿਆਂ ਵਿਚ ਡਿਓਢ ਦੀਆਂ ਇਕ ਤੋਂ ਵਧੇਰੇ ਵੰਨਗੀਆਂ ਮਿਲਦੀਆਂ ਹਨ ਅਤੇ ਮਾਤ੍ਰਾਵਾਂ ਤੇ ਬਿਸਰਾਮ ਦੀ ਵੱਖ ਵੱਖ ਵਰਤੋਂ ਹੋਈ ਹੈ। ਤੀਰ ਨੇ ਆਪਣੇ ਕਿੱਸਿਆਂ ਵਿਚ ਸੁਆਲਾਂ ਜੁਆਬਾਂ ਸਮੇਂ ਡਿਓਢ ਨੂੰ ਇਕ ਸੋਹਣੇ ਛੰਦ ਦੇ ਰੂਪ ਵਿਚ ਵਰਤਿਆ ਹੈ। ਇਸ ਛੰਦ ਦੀ ਵਰਤੋਂ ਕਹਾਣੀ ਦੀ ਚਾਲ ਵਿਚ ਤੇਜੀ ਲਿਆਉਂਦੀ ਹੈ ਤੇ ਕਹਾਣੀ ਦੇ ਰੰਗ ਨੂੰ ਰੰਗ ਕੇ ਇਸ ਵਿਚ ਨਿਖਾਰ ਲਿਆਉਂਦਾ ਹੈ।

ਪਰ ਇਕ ਗੱਲ ਅਨੋਖੀ ਵੇਖੀ, ਜਿਸ ਤੋਂ ਦਿਲ ਘਬਰਾਵੇ
ਸਮਝ ਨਾ ਆਵੇ।
ਕਾਲਾ ਧੂਤ ਦਿਸੇ ਰਥਵਾਹੀ, ਭਵਰ ਪਿਆ ਸ਼ਰਮਾਵੇ
ਮੂਲ ਨਾ ਭਾਵੇ।
ਜਾਵੇ ਰਬ ਰਮਜ਼ ਦੀ ਇਸ ਵਿਚ, ਕਿਉਂ ਉਹ ਭੇਦ ਲੁਕਾਵੇ
ਪਤਾ ਨਾ ਲਾਵੇ।
'ਤੀਰ' ਦਿਲੋਂ-ਦਿਲਗੀਰ ਜਾਪਦਾ, ਗਲ ਕਰਦਾ ਰੁਕ ਜਾਵੇ
ਨੈਣ ਵਹਾਵੇ।[22]

ਕੁੰਡਲੀਆਂ :

ਇਹ 6 ਪੰਕਤੀਆਂ ਦਾ ਮਾਤ੍ਰਿਕ ਛੰਦ ਹੈ, ਜਿਸਦੇ ਸ਼ੁਰੂ ਵਿਚ ਇਕ ਦੋਹਿਰਾ ਦਿਤਾ ਹੁੰਦਾ ਹੈ। ਕੁੰਡਲੀਆਂ ਬਹੁਤ ਪਿਆਰਾ ਛੰਦ ਹੈ। ਜਿਥੇ ਇਕ ਪੰਕਤੀ ਦੇ ਅਖੀਰਲੇ ਕੁਝ ਸ਼ਬਦ ਦੂਜੀ ਪੰਕਤੀ ਦੇ ਸ਼ੁਰੂ ਵਿਚ ਆ ਜਾਂਦੇ ਹਨ। ਨਲ ਦਮਯੰਤੀ ਵਿਚ ਕਵੀ ਨੇ ਦਮਯੰਤੀ ਦੀ ਹਾਲਤ ਨੂੰ ਕੁੰਡਲੀਆਂ ਛੰਦ ਵਿਚ ਬਿਆਨ ਕੀਤਾ ਹੈ। ਇਸ ਛੰਦ ਵਿਚ ਵੀ ਤੀਰ ਜੀ ਨੇ ਮਾਤ੍ਰਾ ਦੀ ਸਖਤੀ ਵਲ ਬਹੁਤਾ ਧਿਆਨ ਨਹੀਂ ਦਿੱਤਾ,:

ਜਗ ਦੇ ਸਿਰਜਨਹਾਰ ਨੂੰ, ਬੰਦਨ ਲਖ ਕਰੋੜ
ਜੋੜਾ ਕੰਮ ਜਹਾਨ ਦੇ, ਤੁਠ ਕੇ ਚਾੜ੍ਹੇ ਤੋੜ
ਤੁਠ ਕੇ ਚਾੜ੍ਹੇ ਤੋੜ, ਵਿਰਦ ਦੀ ਲੱਜਾ ਪਾਲੇ
ਉਹ ਜੱਗ ਦਾ ਸੁਲਤਾਨ, ਉਸਦੇ ਚੋਜ ਨਿਰਾਲੇ
ਚੰਦ ਸੂਰਜ ਤੇ ਵਹਿਣ, ਉਦੇ ਭਾਣੇ ਵਿਚ ਵਗੇਦੇ

ਪੂਰੇ ਸਭ ਦੀ ਆਸ, ਸਦਾ ਅੰਦਰ ਉਹ ਜਗ ਦੇ ।[23]

ਗੀਆਮਾਲਤੀ ਛੰਦ :

ਇਸ ਛੰਦ ਦੀਆਂ 6 ਤੁਕਾਂ ਤੇ 28 ਮਾਤ੍ਰਾਂ ਤੇ 16, 12 ਤੇ ਬਿਸਰਾਮ ਹੁੰਦਾ ਹੈ। ਤੀਰ ਜੀ ਨੇ ਵੀ ਇਸ ਛੰਦ ਦੀ ਵਰਤੋਂ ਕੀਤੀ ਹੈ। ਇਸ ਵਿਚ ਵੀ ਉਨ੍ਹਾਂ ਨੇ ਬਿਸਰਾਮ ਦਾ ਫਰਕ ਪਾ ਕੇ 14, 14, 15, 14 ਆਦਿ ਉਪਰ ਰਖਿਆ ਹੈ।

ਬੈਂਤ :

ਇਹ ਪੰਜਾਬੀ ਦਾ ਬਹੁਤ ਪੁਰਾਣਾ ਤੇ ਪ੍ਰਸਿੱਧ ਛੰਦ ਹੈ। ਜਿਸਨੂੰ ਵਰਤਣ ਦੀ ਇਕ ਲੰਬੀ ਪਰੰਪਰਾ ਚਲੀ ਆ ਰਹੀ ਹੈ। ਪੰਜਾਬੀ ਕਵੀਆਂ ਨੇ ਬੈਂਤ ਨੂੰ ਕਈ ਰੂਪਾਂ ਵਿਚ ਵਰਤਿਆ ਹੈ। ਬੈਂਤ ਦੇ ਚਰਣ ਤਾਂ ਵਧ ਘਟ ਹੁੰਦੇ ਹਨ ਪਰ ਹਰ ਚਰਣ ਦੀ ਮਾਤਰਾ 20, 20 ਅਨੁਸਾਰ ਰਖੀ ਹੋਈ ਮਿਲਦੀ ਹੈ। ਵਿਧਾਤਾ ਸਿੰਘ ਤੀਰ ਨੇ ਕਿੱਸਿਆਂ ਵਿਚ ਬੈਂਤ ਛੰਦ ਨੂੰ ਪ੍ਰਮੁੱਖ ਰੂਪ ਵਿਚ ਵਰਤਿਆ ਹੈ। ਤੀਰ ਜੀ ਨੇ ਬੈਂਤ ਦੇ ਕਈ ਰੂਪ ਲਏ ਹਨ।

ਵਿਧਾਤਾ ਸਿੰਘ ਤੀਰ ਨੇ 4 ਤੁੱਕਾਂ ਤੋਂ ਲੈ ਕੇ 40 ਤੁੱਕਾਂ ਵਾਲੇ ਬੈਂਤਾਂ ਦੀ ਵਰਤੋਂ ਕੀਤੀ ਹੈ ਅਤੇ ਮਾਤਰਾ ਦੀ ਗਿਣਤੀ ਵੀ ਹਰ ਤੁੱਕ ਵਿਚ ਇਕੋ ਜਿਹੀ ਨਹੀਂ ਰਖੀ । 36 ਮਾਤ੍ਰਾਂ ਵਿਚ 19, 17, ਤੇ ਬਿਸਰਾਮ ਹੈ। 41 ਮਾਤ੍ਰਾਂ ਵਿਚ 21, 20 ਉਤੇ ਬਿਸਰਾਮ ਹੈ। 43 ਮਾਤ੍ਰਾ ਵਿਚ 22, 21 ਉਤੇ ਅਤੇ 38 ਮਾਤ੍ਰਾਂ ਵਿਚ 18, 20 ਉਤੇ ਹੈ। ਬੈਂਤਾਂ ਵਿਚ ਤੀਰ ਨੇ ਅਖੀਰ ਉਤੇ ਰਦੀਫ ਦੀ ਵੀ ਕਈ ਤਰ੍ਹਾਂ ਵਰਤੋਂ ਕੀਤੀ ਹੈ ਅਤੇ ਵੱਖ ਵੱਖ ਅਰਥਾਂ ਤੇ ਸ਼ਬਦਾਂ ਵਾਲੇ ਰਦੀਫ ਵਰਤੇ ਹਨ ਜਿਵੇਂ :

ਨੀ, ਵੇ, ਦਈਏ, ਭਾਈਓ, ਆਦਿ ।[24]

'ਤੀਰ' ਨੇ ਬੈਂਤ ਛੰਦ ਨੂੰ ਬੜੀ ਉਸਤਾਦੀ ਨਾਲ ਨਿਭਾਇਆ ਹੈ। ਉਂਞ ਤਾਂ ਉਹਨਾਂ ਨੇ ਹਰ ਛੰਦ ਨੂੰ ਬੜੇ ਪੱਕੇ ਤੇ ਮਜ਼ਬੂਤ ਢੰਗ ਨਾਲ ਵਰਤਿਆ ਹੈ। ਪਰ ਬੈਂਤ ਨੂੰ ਕਈ ਟੋਲਾ ਵਿਚ ਵਰਤ ਕੇ ਇਸ ਵਿਚ ਨਵੀਨਤਾ ਤੇ ਸਜਰਾਪਨ ਲਿਆਉਂਦਾ ਹੈ। ਇਥੇ ਉਨ੍ਹਾਂ ਵਿਚ ਪਾਠਕ ਨੂੰ ਕੀਲਣ ਦੀ ਵਧੇਰੇ ਸਮਰੱਥਾ ਹੈ। ਇਸ ਤੋਂ ਇਲਾਵਾ ਕਵੀ ਨੇ ਸਿਰਖੰਡੀ, ਝੂਲਣਾ, ਛਪੈ, ਚਿਤਰਕਲਾ, ਨਿਸ਼ਾਨੀ ਆਦਿ ਛੰਦਾਂ ਦੀ ਵਰਤੋਂ ਵੀ ਕੀਤੀ ਹੈ, ਜਿਨ੍ਹਾਂ ਬਾਰੇ ਕੁਝ ਚਰਚਾ ਕਰ ਲੈਣਾ ਉਚਿਤ ਹੋਵੇਗਾ :

ਚਿਤਰਕਲਾ

ਇਸ ਛੰਦ ਦਾ ਨਾਂ ਘਨਕੰਲਾ ਵੀ ਹੈ। ਇਸ ਛੰਦ ਦੇ ਚਾਰ ਚਰਣ ਹੁੰਦੇ ਹਨ ਤੇ ਹਰ ਚਰਣ ਵਿਚ 63 ਮਾਤ੍ਰਾਵਾਂ ਹੁੰਦੀਆਂ ਹਨ ਇਸ ਵਿਚ ਤਿੰਨ ਵਿਸ਼ਰਾਮ 16, 16 ਮਾਤ੍ਰਾਵਾਂ ਦੇ ਅਤੇ ਚੌਥਾ 15 ਮਾਤ੍ਰਾਵਾਂ ਤੇ ਹੁੰਦਾ ਹੈ। ਇਸਦਾ ਅੰਤ ਗੁਰੂ ਲਘੂ ਹੁੰਦਾ ਹੈ। ਇਸ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਪਹਿਲੇ ਅਤੇ ਦੂਜੇ ਵਿਸ਼ਰਾਮ ਦਾ ਅਨੁਪ੍ਰਾਸ ਮਿਲਵਾਂ ਹੁੰਦਾ ਹੈ। ਤੀਰ ਦੀ ਰਚਨਾ ਵਿਚੋਂ ਇਕ ਉਦਾਹਰਣ ਪੇਸ਼ ਹੈ।

ਕੈਸੀ ਉਸਦੀ ਅਚਰਜ ਮਾਇਆ, ਉਸਨੇ ਹੈ ਇਹ ਚੋਜ ਰਚਾਇਆ,
ਦੁਨੀਆਂ ਰਚ ਕੇ ਜੀ ਪਰਚਾਇਆ, ਵਾਹ ਵਾਹ ਖੇਡ ਰਚਾਈ ਏ ।
ਰੰਗ ਰੰਗੀਲੇ ਸਾਵੇ ਪੀਲੇ, ਸੂਹੇ, ਖਟੇ, ਕਾਲੇ, ਨੀਲੇ,

ਫੁਲਣ ਫੁੱਲ ਕਈ ਮਹਿਕੀਲੇ, ਕੁਦਰਤ ਉਸ ਖਿੜਾਈ ਏ ।
ਪਸ਼ੂ ਪੰਖਣੂ ਜੀਵ ਘਣੇਰੇ, ਰੁਖ ਪਰਬਤ ਥਾਂ ਥਾ ਖਲੇਰੇ,
ਚੰਦ-ਚਾਨਣੇ ਧੁੰਧ, ਹਨੇਰੇ, ਵਾਹ ਝਾਕੀ ਦਰਸਾਈ ਏ ।
ਲੱਖ ਚੁਰਾਸੀ ਜੂਨ ਉਸਾਰੀ, ਰਚੀ ਰਚਨਾ ਨਿਆਰੀ ਨਿਆਰੀ,
ਬੰਦੇ ਨੂੰ ਬਖਸ਼ੀ ਸਰਦਾਰੀ, ਇਹ ਉਸਦੀ ਵਡਿਆਈ ਏ ।[25]

ਝੂਲਣਾ

ਝੂਲਣਾ ਮਾਤ੍ਰਿਕ ਛੰਦ ਹੈ ਜਿਸਦੇ 4 ਚਰਣ ਹੁੰਦੇ ਹਨ ਹਰ ਚਰਣ ਵਿਚ 8 ਯਗਣ ਆਉਂਦੇ ਹਨ । ਵਿਧਾਤਾ ਸਿੰਘ ਤੀਰ ਦੁਆਰਾ ਇਸ ਛੰਦ ਦੀ ਵਰਤੋਂ ਇੰਝ ਹੋਈ ਹੈ ।

ਜੋਤ ਪ੍ਰਕਾਸ਼ ਤੇ ਸੱਚ ਦਾ ਚਾਨਣ, ਡਲਕਵਾਂ ਝਲਕਵਾਂ ਰੂਪ ਦਿਲਦਾਰ ਦਾ
ਚੰਨ ਤੋਂ ਸੌ ਗੁਣਾਂ ਸਦਾ ਚਮਕਾਰਦਾ, ਸੂਰਜੋਂ ਸੌ ਗੁਣਾਂ ਲਸ ਹੈ ਮਾਰਦਾ
'ਰੂਪ ਜੋਬਨ' 'ਜੋਬਨ ਰੂਪ' ਹੈਂ ਧਾਰਿਆ, ਵੇਖਦੇ ਨੈਣ ਨੇ ਰੰਗ ਦਾਤਾਰ ਦੇ
ਇਹ ਦਾਤਾ ਸਾਰੇ ਜੱਗ ਨੂੰ ਪਾਲਦਾ, ਮੂਲ ਹੈ 'ਤੀਰ' ਇਹ ਕੁਲ ਸੰਸਾਰ ਦਾ[26]

ਛਪੈ

ਛਪੈ ਛੰਦ ਦੇ 6 ਚਰਣ ਹੋਣ ਕਰਕੇ ਇਸਦਾ ਨਾਂ ਛਪੈ ਪ੍ਰਚਲਿਤ ਹੈ । ਇਸ ਦੀਆਂ ਪਹਿਲੀਆਂ ਚਾਰ ਤੁਕਾਂ ਦੇ ਹਰ ਚਰਣ ਵਿਚ 24 ਮਾਤ੍ਰਾਵਾ ਹੁੰਦੀਆਂ ਹਨ ਅਤੇ 11, 13 ਤੇ ਬਿਸਰਾਮ ਹੁੰਦਾ ਹੈ । ਅੰਤ ਦੀਆਂ 2 ਤੁੱਕਾਂ ਦੇ ਹਰ ਚਰਣ ਵਿਚ 28 ਮਾਤ੍ਰਾਵਾਂ ਹੁੰਦੀਆਂ ਹਨ ਅਤੇ 15, 13 ਤੇ ਬਿਸਰਾਮ ਹੁੰਦਾ ਹੈ । ਵਿਧਾਤਾ ਸਿੰਘ ਤੀਰ ਵਲੋਂ ਵਰਤੇ ਇਸ ਛੰਦ ਦਾ ਨਮੂਨਾ ਹੇਠ ਲਿਖੇ ਅਨੁਸਾਰ ਹੈ :

ਹੇ ਦੀਨਾ ਦੇ ਨਾਥ ! ਸ੍ਰਿਸ਼ਟੀ ਸਾਜਣ ਹਾਰੇ ।
ਹੇ ਹਰਥਾਵੇਂ ਨੂਰ ! ਸਦਾ ਸੰਸਾਰੋਂ ਨਿਆਰੇ ।
ਹੇ ਮਿਹਰਾਂ ਦੇ ਪੁੰਜ ! ਦੀਨ ਦੁਨੀਆਂ ਦੇ ਵਾਲੀ ।
ਹੇ ਪੂਰਨ ਪ੍ਰਕਾਸ਼ ਰੂਪ ! ਹੇ ਜੋਤ ਅਕਾਲੀ ।
ਹੇ 'ਹਰ' ਦੀ ਪੂਰਨ ਵਾਲਿਆ ਹੈ ਤੇਰੇ ਦਰ ਅਰਦਾਸ ਹਰਿ ।
ਹੇ ਕਿਰਪਾ ਨਿਧ ਕਿਰਪਾਲੂਆ ਆ ਹਿਰਦੇ ਵਿਚ ਪਰਕਾਸ਼ ਕਰ ।[27]

ਨਿਸ਼ਾਨੀ

ਨਿਸ਼ਾਨੀ ਬਹੁਤ ਪ੍ਰਸਿਧ ਛੰਦ ਹੈ ਇਸ ਵਿਚ ਯੁੱਧ ਦੀਆਂ ਵਾਰਾਂ ਰਚੀਆਂ ਜਾਂਦੀਆਂ ਹਨ । ਇਹ ਪਉੜੀ ਛੰਦ ਦਾ ਇਕ ਭੇਦ ਵੀ ਹੈ । ਇਸ ਦੇ ਚਾਰ ਜਾਂ ਪੰਜ ਚਰਣ ਹੁੰਦੇ ਹਨ । ਤੇ ਹਰ ਚਰਣ ਵਿਚ 23 ਮਾਤ੍ਰਾਵਾਂ ਹੁੰਦੀਆਂ ਹਨ, 13, 10 ਤੇ ਬਿਸਰਾਮ ਹੁੰਦਾ ਹੈ ਅਤੇ ਅੰਤ ਵਿਚ ਦੋ ਗੁਰੂ ਹੁੰਦੇ ਹਨ । ਵਿਧਾਤਾ ਸਿੰਘ ਤੀਰ ਨੇ ਚਾਰ ਚਰਣਾਂ ਵਾਲੀ ਨਿਸ਼ਾਨੀ ਛੰਦ ਦੀ ਵਰਤੋਂ ਕੀਤੀ ਹੈ ।

ਬੀਰਾਂ ਦੇ ਦਲ ਗਜਦੇ, ਜਿਉਂ ਬਦਲ ਕਾਲੇ ।
ਦਗ ਦਗ ਵਹਿੰਦੇ ਦੇਹਾਂ ਚੋਂ, ਰਤ ਦੇ ਪਰਨਾਲੇ ।

ਬਿਜਲੀ ਵਾਂਙਣ ਲਿਸ਼ਕਦੇ, ਨੇਜੇ ਤੇ ਭਾਲੇ ।
ਘਾਣ ਲਹੂ ਤੇ ਮਿੱਝ ਦੇ, ਦਿਸ ਰਹੇ ਦਵਾਲੇ ।
ਮੁਰਦੇ ਪਏ ਮੈਦਾਨ ਵਿਚ, ਇਉ-ਬੇ-ਸੰਭਾਲੇ ।
ਸੁਤੇ ਜਿਵੇਂ-ਨਚਿੰਤ ਹੋ ਭੰਗੜ ਮਤਵਾਲੇ ।
ਲੋਬੂ ਪੋਬੂ ਸੂਰਮੇ, ਇਉਂ ਦੇਣ ਵਿਖਾਲੇ ।
ਹੋਲੀ ਖੇਡਣ ਜਿਸ ਤਰ੍ਹਾਂ, ਸ਼ਹਿਰਾਂ ਦੇ ਲਾਲੇ ।[28]

ਖੁਲ੍ਹੀ ਕਵਿਤਾ

ਵਿਧਾਤਾ ਸਿੰਘ ਤੀਰ ਜਿਥੇ ਤੁਕਾਂਤ, ਛੰਦ ਤੇ ਕਾਵਿ ਕਲਾ ਦੀਆਂ ਹੋਰ ਖੂਬੀਆਂ ਵਿਚ ਨਿਪੁੰਨ ਹੈ ਕਵੀ ਉਥੇ ਉਸਨੇ ਖੁਲ੍ਹੀ ਕਵਿਤਾ ਦੀ ਰਚਨਾ ਵੀ ਕੀਤੀ ਹੈ। ਖੁਲ੍ਹੀ ਕਵਿਤਾ ਦਾ ਪ੍ਰਯੋਗ ਉਸਨੇ ਆਪਣੇ 'ਗੁੰਗੇ ਗੀਤ' ਸੰਗ੍ਰਹਿ ਵਿਚ ਕੀਤਾ ਸੀ ਜਿਸ ਵਿਚ ਉਸਨੇ ਕੁਝ ਡੂੰਘੇ ਖਿਆਲਾਂ ਨੂੰ ਪੇਸ਼ ਕਰਨ ਲਈ ਕੁਝ ਕੁ ਖੁਲ੍ਹੀਆਂ ਕਵਿਤਾਵਾ ਦੀ ਰਚਨਾ ਕੀਤੀ ਸੀ। ਇਸੇ ਤਰ੍ਹਾਂ ਅਗਲੇ ਸੰਗ੍ਰਹਿ ਕਾਲ ਕੂਕਾਂ ਵਿਚ ਵੀ ਅਜੇਹੀ ਕੁਝ ਖੁਲ੍ਹ ਲਈ ਸੀ। ਜਿਨ੍ਹਾਂ ਵਿਚ ਅਗਾਂਹ ਵਧੂ ਖਿਆਲਾਂ ਨੂੰ ਪੇਸ਼ ਕੀਤਾ ਸੀ। ਕਾਲ ਕੂਕਾਂ ਸੰਗ੍ਰਹਿ ਵਿਚ ਤੀਰ ਦੀ ਕਲਾ ਵਿਚ ਜਿਥੇ ਵਿਸ਼ੇ ਦੇ ਪੱਖ ਤੋਂ ਪ੍ਰੀਵਰਤਨ ਆਇਆ ਹੈ ਉਥੇ ਸਾਨੂੰ ਕਵੀ ਦੀ ਕਲਾ ਵਿਚ ਵੀ ਇਸ ਪਖੋਂ ਕੁਝ ਪਰਿਵਰਤਨ ਦਿਖਾਈ ਦੇਂਦਾ ਹੈ। ਇਹ ਪਰਿਵਰਤਨ ਇਹੀ ਹੈ। ਤੀਰ ਦੀਆਂ ਖੁਲ੍ਹੀਆਂ ਕਵਿਤਾਵਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਵਿਚ ਤੋਲ ਤੁਕਾਂਤ ਤੇ ਰਦੀਫ ਦਾ ਨਿਭਾਅ ਛਡਿਆ ਨਹੀਂ ਗਿਆ।

ਤੇਰੇ ਬਾਗ ਤੇਰੇ ਫੁੱਲ,
ਤੇਰੀ ਧਰਤੀ ਅਕਾਸ਼ ।
ਮਹਿਲ ਦੇਖਦੇ ਨੇ ਤੈਨੂੰ,
ਤੇ ਉਡੀਕਦੀ ਊ ਸ਼ਾਲ ।
ਤੈਨੂੰ 'ਚੋਪੜੀ' ਬੁਲਾਂਦੀ,
ਹੋਸ਼ ਉਠਕੇ ਸੰਭਾਲ ।[29]

ਪਰ ਮੁੱਖ ਤੌਰ ਤੇ ਤੀਰ ਛੰਦ ਬਧ ਦਾ ਹੀ ਕਵੀ ਹੈ ਉਹ ਛੰਦ ਰਹਿਤ ਕਵਿਤਾ ਨੂੰ ਚੰਗੀ ਤਰ੍ਹਾਂ ਕਵਿਤਾ ਪਰਵਾਨ ਨਹੀਂ ਕਰਦਾ ਕਿਉਂਕਿ ਉਸ ਅਨੁਸਾਰ ਛੰਦ ਰਹਿਤ ਕਵਿਤਾ ਜਨ ਸਾਧਾਰਣ ਨੂੰ ਹਲੂਣ ਨਹੀਂ ਸਕਦੀ।

ਵਿਅੰਗ

ਤੀਰ ਦੀ ਕਵਿਤਾ ਦਾ ਇਕ ਵਿਸ਼ੇਸ਼ ਗੁਣ ਡੂੰਘੀ ਚੋਭ ਲਾਉਣ ਵਿਚ ਹੈ। 'ਤੀਰ' ਜੀ ਦਾ ਆਪਣਾ ਸੁਭਾਅ ਵੀ ਤੀਖਾ ਸੀ ਤੇ ਉਹ ਗੱਲ ਕਹਿਣ ਵਿਚ ਬੜੇ ਸਪਸ਼ਟ ਸਨ ਇਸ ਲਈ ਜਿਥੇ ਕਿਤੇ ਵੀ ਕੋਈ ਊਣਤਾਈ ਜਾਂ ਕਮੀ ਦਿਖਾਈ ਦੇਂਦੀ ਸੀ ਉਨ੍ਹਾਂ ਦੀ ਜ਼ਬਾਨ ਵਿਚ ਚੋਭ ਭਰੇ ਸ਼ਬਦ ਸਪਸ਼ਟ ਹੁੰਦੇ ਸਨ। ਇਹੀ ਸੁਭਾਅ ਉਨ੍ਹਾਂ ਦੀ ਕਲਮ ਦਾ ਵੀ ਸੀ ਕਿ ਸਮਾਜ ਦੀ ਵਿਗੜੀ ਹੋਈ ਹਾਲਤ ਬਾਰੇ, ਭ੍ਰਿਸ਼ਟਾਚਾਰ ਬਾਰੇ ਜਾਂ ਧਾਰਮਿਕ ਗਿਰਾਵਟ ਬਾਰੇ ਉਹ ਬੜੀ ਤਿੱਖੀ ਚੋਭ ਲਾਉਣ ਵਿਚ ਤਤਪਰ ਰਹਿੰਦੇ ਸੀ।

ਬੜੀ ਦਾੜ੍ਹੀ ਵਾਲੇ, ਬੜੇ ਮੌਲਵੀ ਜੀ,
ਤਅੱਸਬਾਂ ਦੇ ਟੇਟ ਚੜ੍ਹੇ ਮੌਲਵੀ ਜੀ,
ਹੇ ਕੀਨੇ ਚਿ ਭੁਜੇ, ਸੜੇ ਮੌਲਵੀ ਜੀ,
ਹੇ ਮਿੰਬਰ ਤੇ ਤਣ ਕੇ ਖੜੇ ਮੌਲਵੀ ਜੀ ।
ਹਾਂ ਦੂਰੋਂ ਈ ਕਰਦੇ ਤੁਹਾਨੂੰ ਸਲਾਮਾਂ ।
ਤੁਹਾਡਾ ਲਿਆ ਵੇਖ, ਐਮਾਲ ਨਾਮਾ ।[30]

ਤੀਰ ਦੀ ਕਵਿਤਾ ਵਿਚ ਵਿਅੰਗ ਦਾ ਇਹ ਅੰਸ਼ ਸਾਨੂੰ ਕਾਫ਼ੀ ਮਾਤਰਾ ਵਿਚ ਦਿਖਾਈ ਦੇਂਦਾ ਹੈ ।

ਨਾਟਕੀ ਰੰਗ

ਤੀਰ ਦੀ ਕਾਵਿ ਰਚਨਾ ਦੇ ਦੋ ਮੁੱਖ ਰੂਪ ਹਨ ਬ੍ਰਿਤਾਂਤਕ ਤੇ ਗੀਤ । ਬ੍ਰਿਤਾਂਤਕ ਰਚਨਾਵਾਂ ਵਿਚ ਜਿਥੇ ਕਿਤੇ ਪਾਤਰਾਂ ਵਿਚ ਵਾਰਤਾਲਾਪ ਆਉਂਦੀ ਹੈ ਉਥੇ ਅਸੀਂ ਨਾਟਕੀ ਰੰਗ ਦੇਖ ਸਕਦੇ ਹਾਂ । ਇਹ ਰੰਗ ਸਾਨੂੰ ਜ਼ਿਆਦਾਤਰ ਕਿੱਸਿਆਂ ਵਿਚ ਦਿਖਾਈ ਦੇਂਦਾ ਹੈ । ਪਰ ਜਿਥੇ ਕਿਤੇ ਉਹ ਗੀਤਾਂ ਜਾਂ ਹੋਰ ਰਚਨਾਵਾਂ ਵਿਚ ਕੋਈ ਪਾਤਰ ਲੈ ਆਉਂਦੇ ਹਨ ਅਤੇ ਉਸਦੇ ਹਵਾਲੇ ਨਾਲ ਭਾਵਨਾਵਾਂ ਨੂੰ ਪੇਸ਼ ਕਰਦੇ ਹਨ ਤਾਂ ਵੀ ਨਾਟਕੀ ਰੰਗ ਪੈਦਾ ਹੋ ਜਾਂਦਾ ਹੈ । ਪਰ ਇਨ੍ਹਾਂ ਤੋਂ ਇਲਾਵਾ ਤੀਜੀ ਕਿਸਮ ਉਹ ਹੈ ਜੋ ਤੀਰ ਜੀ ਦੀ ਸਟੇਜੀ ਕਵਿਤਾ ਦੀ ਵਿਸ਼ੇਸ਼ਤਾ ਹੈ ਕਿ ਉਹ ਆਪਣੇ ਸਰੋਤਿਆਂ ਨੂੰ ਮੰਚ ਤੋਂ ਸੰਬੋਧਨ ਕਰਨ ਦੇ ਰੂਪ ਵਿਚ ਕਈ ਤਰ੍ਹਾਂ ਦੀਆਂ ਨਾਟਕੀ ਜੁਗਤਾਂ ਵਰਤਦੇ ਹਨ ਤੇ ਭਰਪੂਰ ਨਾਟਕੀ ਪ੍ਰਭਾਵ ਸਿਰਜਦੇ ਹਨ :

ਕੀ ਤੈਨੂੰ ਕਹਾਂ ਤਿਲਕ ਧਾਰੀ ਬ੍ਰਾਹਮਣ,
ਓ ਮੰਦਰ ਦੇ ਮਾਲਕ ਪੁਜਾਰੀ ਬ੍ਰਾਹਮਣ,
ਤੂੰ ਵਿਸ਼ਨੂੰ ਦੀ ਸਿਖਿਆ ਦਿਲੋਂ ਚਾ ਵਿਸਾਰੀ,
ਤੂੰ ਸ਼ਿਵ ਜੀ ਨੂੰ ਹੈ ਵੇਚਿਆ ਬਣ ਵਪਾਰੀ,
ਓ ਖੀਰਾਂ ਦੇ ਭੁੱਖੇ, ਓ ਮਸਤੀ ਚਿ ਮਸਤੇ,
ਹੈ ਤੈਨੂੰ ਵੀ ਦੂਰੋਂ ਈ ਲਖ ਲਖ ਨਮਸਤੇ ।[31]

ਰਸ

ਤੀਰ ਦੀ ਕਵਿਤਾ ਵਿਚ ਸਾਨੂੰ ਕਈ ਤਰ੍ਹਾਂ ਦੇ ਕਾਵਿ ਰਸ ਪ੍ਰਾਪਤ ਹੁੰਦੇ ਹਨ ਜੋ ਕਵੀ ਦੀ ਸ੍ਰੇਸ਼ਟ ਕਲਾ ਦਾ ਪ੍ਰਮਾਣ ਹਨ । ਵਿਧਾਤਾ ਸਿੰਘ ਤੀਰ ਨੇ ਕਿੱਸਿਆਂ ਵਿਚ ਸ਼ਿੰਗਾਰ ਰਸ ਤੇ ਕਰੁਣ ਰਸ ਦੀ ਬਹੁਤ ਵਰਤੋਂ ਕੀਤੀ ਹੈ ਜਿਵੇਂ :

ਪੈਰੀ ਫੁਲ-ਬਾਂਕਾ, ਕੰਨੀ ਫੁਲ-ਗੁਛੇ, ਸਈਆਂ ਜਿਵੇਂ ਬਸੰਤ ਖਿੜਾ ਦਿੱਤੀ
ਤੀਰ ਇਉਂ ਸ਼ਿੰਗਾਰ ਸ਼ਕੁੰਤਲਾ ਨੂੰ ਦੋਹਾਂ ਉਸਤੇ ਨਿਗ੍ਹਾ ਜਮਾ ਦਿੱਤੀ ।

ਸ਼ਿੰਗਾਰ ਤੋਂ ਇਲਾਵਾ ਕਵੀ ਕਰੁਣਾ ਰਸ ਨੂੰ ਵੀ ਬਹੁਤ ਲਿਆਉਂਦਾ ਹੈ । ਕਈ ਮੌਕਿਆਂ ਤੇ ਉਹ ਆਪਣੇ ਭਾਵਾਂ ਨੂੰ ਜਾਂ ਕਿਸੇ ਦੇ ਦਰਦ ਨੂੰ ਇਸ ਤਰ੍ਹਾਂ ਪੇਸ਼ ਕਰਦੇ ਸਨ ਕਿ ਪਾਠਕ ਦੀਆਂ ਆਪਣੀਆਂ ਅੱਖਾਂ ਵਿਚ ਹੰਝੂ ਵਹਿ ਉਠਦੇ ਸਨ ਜਿਵੇਂ ਕਿ ਬਾਲ ਵਿਧਵਾ ਦੇ ਦੁਖਾਂ ਨੂੰ ਇੰਝ ਬਿਆਨ ਕੀਤਾ ਹੈ :

ਕਿੱਧਰ ਜਾ ਨਹੀਂ ਝੱਲਦੀ ਥਾਂ ਕੋਈ,
ਅੰਦਰ ਬਾਹਰ ਨਾ ਲੋਕੀ ਖਲੋਣ ਦੇਂਦੇ,
ਚੁਪ ਕਰਾਂ ਤਾਂ ਚੁਪ ਨਹੀਂ ਕਰਨ ਦੇਂਦੇ,
ਉਚੀ ਰੋਆਂ ਤਾਂ ਉਚੀ ਨਹੀਂ ਰੋਣ ਦੇਂਦੇ ।[32]

ਤੀਰ ਜੀ ਦੀ ਕਾਵਿ ਰਚਨਾ ਦਾ ਇਕ ਹੋਰ ਪ੍ਰਮੁੱਖ ਰਸ ਬੀਰ ਰਸ ਹੈ ਜੋ ਉਨ੍ਹਾਂ ਦੀਆਂ ਵਾਰਾਂ ਤੇ ਬੀਰ ਰਸੀ ਕਿੱਸਿਆਂ ਵਿਚ ਭਲੀ ਭਾਂਤ ਪੇਸ਼ ਹੋਇਆ ਹੈ। ਬਾਬਾ ਬੰਦਾ ਸਿੰਘ ਬਹਾਦਰ ਤੇ ਦਸਮੇਸ਼ ਦਰਸ਼ਨ ਕਿੱਸਿਆਂ ਵਿਚ ਅਤੇ ਕਵਿਤਾਵਾਂ ਵਿਚ ਥਾਂ ਪੁਰ ਥਾਂ ਆਈਆਂ ਵੱਖ ਵੱਖ ਵਾਰਾਂ ਵਿਚ ਇਹ ਰਸ ਪ੍ਰਧਾਨ ਮਾਤ੍ਰਾ ਵਿਚ ਦਿਖਾਈ ਦੇਂਦਾ ਹੈ।

ਇਸ ਤੋਂ ਇਲਾਵਾ ਉਨ੍ਹਾਂ ਦੀ ਕਵਿਤਾ ਵਿਚ ਹਾਸ ਰਸ ਵੀ ਕਾਫੀ ਮਾਤ੍ਰਾ ਵਿਚ ਮੌਜੂਦ ਹੈ। ਇਹ ਵੀ ਗੁਣ ਤੀਰ ਸਾਹਿਬ ਦੇ ਆਪਣੇ ਸੁਭਾਅ ਉਤੇ ਹੀ ਨਿਰਧਾਰਿਤ ਸੀ। ਉਹ ਹਾਸੇ ਹਾਸੇ ਵਿਚ ਹੀ ਕਈ ਗਲਾਂ ਦੀ ਸਿਖਿਆ ਦੇ ਜਾਂਦੇ ਸਨ ਜਾਂ ਚੋਟ ਲਗਾ ਜਾਂਦੇ ਸਨ :

ਇਹ ਖੱਚੰਰ ਬੜੀ ਮਕਾਰ,
ਇਨੂੰ ਤੂੰ ਢੰਗ ਨ ਜਾਣੇ
　　ਇਹ ਅੱਗੋਂ ਮਾਰੇ ਦੰਦ,
　　ਅੱਗਿਓ ਲੰਘ ਨ ਜਾਵੇਂ ।
ਇਹ ਪਿਛੋਂ ਮਾਰੇ ਲੱਤ,
ਲੱਤ ਤੋਂ ਲੱਤ ਬਚਾਵੀਂ ।
　　ਤੂੰ ਅਸਲੋਂ ਹੈ ਅਣਜਾਣ,
　　ਏਸ ਦੇ ਨੇੜ ਨਾ ਜਾਵੀਂ ।[33]

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਤੀਰ ਦੀ ਕਾਵਿ ਕਲਾ ਵਿਚ ਸਾਨੂੰ ਇਕ ਸਫਲ ਕਵੀ ਵਾਲੇ ਸਾਰੇ ਗੁਣ ਦਿਖਾਈ ਦੇਂਦੇ ਹਨ। ਉਨ੍ਹਾਂ ਦੀ ਕਾਵਿ ਕਲਾ ਵਿਚ ਪਰੰਪਰਾ ਤੇ ਆਧੁਨਿਕਤਾ ਦਾ ਸੁਮੇਲ ਹੈ, ਜਿਸ ਕਰਕੇ ਉਨ੍ਹਾਂ ਦੀ ਕਾਵਿ ਕਲਾ ਵਿਚ ਸਾਨੂੰ ਇਨ੍ਹਾਂ ਦੋਹਾਂ ਰੰਗਾਂ ਦੇ ਗੁਣ ਸਯੁੰਕਤ ਰੂਪ ਵਿਚ ਦਿਖਾਈ ਦੇਂਦੇ ਹਨ। ਤੀਰ ਜੀ ਦੀਆਂ ਕਾਵਿ ਕਲਾ ਦੀਆਂ ਪ੍ਰਾਪਤੀਆਂ ਨੂੰ ਸਲਾਹੁੰਦੇ ਹੋਏ ਹੀਰਾ ਸਿੰਘ ਦਰਦ ਦਾ ਕਥਨ ਹੈ :

> ਮੈਨੂੰ ਕਵਿਤਾ ਦੇ ਮੈਦਾਨ ਵਿਚ ਤੀਰ ਦੀ ਇਤਨੀ ਸ਼ਾਨਦਾਰ ਸਫ਼ਲਤਾ ਵੇਖ ਕੇ ਇਸੇ ਤਰ੍ਹਾਂ ਖੁਸ਼ੀ ਹੋ ਰਹੀ ਹੈ, ਜਿਸ ਤਰ੍ਹਾਂ ਇਕ ਮਾਲੀ ਨੂੰ ਆਪਣੀਆਂ ਲਾਈਆਂ ਫੁੱਲ ਕਿਆਰੀਆਂ ਨੂੰ ਮਹਿਕਦੇ ਵੇਖ ਕੇ ਹੁੰਦੀ ਹੈ। ਕੋਈ ਪ੍ਰਵਾਹ ਨਹੀਂ ਜੇ ਹਕੂਮਤੀ ਅਦਾਰਿਆਂ ਵਲੋਂ ਉਹਨਾਂ ਨਾਮ ਧਰੀਕ ਕਵੀਆਂ ਨੂੰ ਸਨਮਾਨ ਮਿਲ ਰਹੇ ਹਨ ਜਿਹੜੇ ਜਨਤਾ ਦੇ ਦਰਬਾਰ ਵਿਚ ਹਾਜ਼ਰ ਹੋਣ ਦੀ ਦਲੇਰੀ ਨਹੀਂ ਕਰ ਸਕਦੇ। ਪਰ ਜਨਤਾ ਤਾਂ ਤੀਰ ਵਰਗੇ ਲੋਕ ਕਵੀਆਂ ਨੂੰ ਪ੍ਰੇਮ ਤੇ ਸ਼ਰਧਾ ਦੇ ਫੁੱਲ ਹਾਰਾਂ ਨਾਲ ਲੱਦਕੇ ਸਿਰਾਂ ਤੇ ਚੁੱਕਦੀ ਹੈ ।[34]

ਟਿਪਣੀਆਂ ਤੇ ਹਵਾਲੇ

1. ਜਾਣ ਪਛਾਣ, ਕਾਲ ਕੂਕਾਂ, ਪੰਨਾ 5

2. ਜਗਦੀਆਂ ਜੋਤਾਂ, ਪੰਨਾ 23
3. ਅਣੀਆਂ, ਪੰਨਾ 10
4. ਅਣਿਆਲੇ ਤੀਰ, ਪੰਨਾ 77
5. ਨਰਿੰਦਰ ਸਿੰਘ ਸੋਚ, ਗੁੰਗੇ ਗੀਤ, ਜੋਤਾਂ ਜਗਾਉਣ ਵਾਲੇ, ਪੰਨਾ 5
6. ਪੰਜਾਬੀ ਸ਼ਾਇਰ ਦਾ ਤਜ਼ਕਰਾ, ਪੰਨਾ 458
7. ਅਣਿਆਲੇ ਤੀਰ, ਪੰਨਾ 101
8. ਗੁਗੇ ਗੀਤ, ਪੰਨਾ 33
9. ਅਣੀਆਂ, ਪ੍ਰੋ. ਗੁਰਦਿਆਲ ਸਿੰਘ ਫੁਲ
10. ਨਲ ਦਮਯੰਤੀ, ਪੰਨਾ 86
11. ਉਹੀ, ਪੰਨਾ 89.
12. ਉਹੀ, ਪੰਨਾ 115
13. ਅਣੀਆਂ, ਆਰੰਭਕਾ, ਪੰਨਾ 15
14. ਉਹੀ, ਪੰਨਾ 16
15. ਉਹੀ, ਪੰਨਾ 16
16. ਅਣਿਆਲੇ ਤੀਰ, ਪੰਨਾ 279
17. ਨਲ ਦਮਯੰਤੀ, ਪੰਨਾ 266
18. ਉਹੀ, ਪੰਨਾ 32
19. ਰੂਪ ਰਾਣੀ ਸ਼ਕੁੰਤਲਾ, ਪੰਨਾ 200
20. ਉਹੀ, ਪੰਨਾ 153
21. ਉਹੀ, ਪੰਨਾ 272
22. ਗੁੰਗੇ ਗੀਤ, ਪੰਨਾ 46
23. ਕਾਲ ਕੂਕਾਂ, ਪੰਨਾ 51
24. ਕਾਲ ਕੂਕਾਂ, ਪੰਨਾ 56
25. ਉਹੀ, ਪੰਨਾ 6
26. ਰੂਪ ਰਾਣੀ ਸ਼ਕੁੰਤਲਾ, ਪੰਨਾ 165
27. ਗੁੰਗੇ ਗੀਤ, ਪੰਨਾ 43
28. ਅਣਿਆਲੇ ਤੀਰ, ਪੰਨਾ 100-101
29. ਫੁਲਵਾੜੀ, ਕਵੀ ਨੰਬਰ, ਪੰਨਾ 220
30. ਨਵੇਂ ਨਿਸ਼ਾਨੇ, ਪੰਨਾ 140
31. ਗੁੰਗੇ ਗੀਤ, ਪੰਨਾ 62
32. ਕਾਲ ਕੂਕਾਂ, ਪੰਨਾ 12
33. ਪੰਜਾਬੀ ਸਾਹਿਤ ਵਿਚਾਰ, ਪੰਨਾ 134
34. ਉਹੀ, ਪੰਨਾ 134

ਪੰਜਾਬੀ ਸਾਹਿਤ ਨੂੰ ਦੇਣ

ਵਿਧਾਤਾ ਸਿੰਘ ਤੀਰ ਦਾ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਕੁਝ ਪੱਖਾਂ ਤੋਂ ਨਵੇਕਲਾ ਥਾਂ ਮੰਨਿਆ ਜਾ ਸਕਦਾ ਹੈ। ਉਹ ਪੰਜਾਬੀ ਦਾ ਉਸਤਾਦ ਸ਼ਾਇਰ, ਪਿੰਗਲ ਦਾ ਗਿਆਤਾ, ਤੋਲ ਤੁਕਾਂਤ ਦੀ ਵਰਤੋਂ ਵਿਚ ਨਿਪੁੰਨ ਅਤੇ ਸੰਗੀਤ ਦਾ ਮਾਹਿਰ ਕਵੀ ਸੀ। ਵਿਧਾਤਾ ਸਿੰਘ ਤੀਰ ਪ੍ਰਮੁੱਖ ਤੌਰ ਤੇ ਇਕ ਸਟੇਜੀ ਕਵੀ ਸੀ ਤੇ ਉਹ ਸਰੋਤਿਆਂ ਦੇ ਸਾਹਮਣੇ ਬੜੇ ਲੈ ਭਰਪੂਰ ਅੰਦਾਜ਼ ਵਿਚ ਆਪਣੀ ਕਵਿਤਾ ਸੁਨਾਉਣ ਦੀ ਯੋਗਤਾ ਰਖਦਾ ਸੀ। ਬਹੁਤੀ ਵੇਰ ਉਹ ਕਵਿਤਾ ਗਾ ਕੇ ਹੀ ਸੁਣਾਉਂਦਾ ਸੀ। ਇਸੇ ਲਈ ਉਹਨਾਂ ਦੀ ਕਵਿਤਾ ਵਿਚ ਰਵਾਨੀ ਹੈ, ਵੇਗ ਹੈ, ਮਿੱਠੀ ਲੈ ਤੇ ਸੰਗੀਤਕ ਪ੍ਰਭਾਵ ਹੈ।

ਵਿਧਾਤਾ ਸਿੰਘ ਤੀਰ ਦੀ ਗੀਤ ਰਚਨਾ ਵੀ ਕਈ ਪੱਖਾਂ ਤੋਂ ਵਿਸ਼ੇਸ਼ ਹੈ। ਉਨ੍ਹਾਂ ਤੋਂ ਪਹਿਲਾਂ ਪੰਜਾਬੀ ਵਿਚ ਭਾਈ ਵੀਰ ਸਿੰਘ ਨੇ ਅਧਿਆਤਮਕ ਗੀਤ ਲਿਖੇ ਤੇ ਮਗਰੋਂ ਧਨੀ ਰਾਮ ਚਾਤ੍ਰਿਕ ਨੇ ਸਦਾਚਾਰਕ ਤੇ ਸਮਾਜ ਸੁਧਾਰਕ ਵਿਸ਼ਿਆਂ ਬਾਰੇ ਗੀਤ ਰਚਨਾ ਕੀਤੀ। ਉਸ ਤੋਂ ਮਗਰੋਂ ਪ੍ਰੋ: ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਨੇ ਆਧੁਨਿਕ ਪ੍ਰਕਾਰ ਦੀ ਗੀਤ ਰਚਨਾ ਵਿਚ ਰੋਮਾਂਟਿਕ ਗੀਤਾਂ ਤੋਂ ਇਲਾਵਾ ਸਮਾਜਕ ਘੋਲ ਨੂੰ ਪ੍ਰਗਟਾਉਣ ਵਾਲੇ ਗੀਤ ਲਿਖੇ। ਪਰ ਆਧੁਨਿਕ ਕਾਲ ਵਿਚ ਗੀਤ ਨੂੰ ਆਮ ਜੀਵਨ ਦਾ ਸ਼ਿੰਗਾਰ ਬਨਾਉਣ, ਇਸਨੂੰ ਪਿੰਡਾਂ ਦੀਆਂ ਸਥਾਂ ਤੇ ਸ਼ਹਿਰਾਂ ਦੀਆਂ ਗਲੀਆਂ ਬਜ਼ਾਰਾਂ ਵਿਚ ਪ੍ਰਚਲਿਤ ਕਰਾਉਣ ਦਾ ਯੋਗਦਾਨ ਤੀਰ ਅਤੇ ਸ਼ਰਫ ਆਦਿ ਕਵੀਆਂ ਦਾ ਹੀ ਸੀ। 'ਤੀਰ' ਦੇ ਬਹੁਤੇ ਗੀਤ ਲੋਕ ਛੋਹ ਵਾਲੇ ਹਨ। 'ਤੀਰ' ਦੇ ਕਈ ਗੀਤਾਂ ਵਿਚ ਤਾਂ ਲੋਕ ਧੁਨ ਜਾਂ ਤਰਜ ਦਾ ਵੇਰਵਾ ਵੀ ਦਿਤਾ ਹੁੰਦਾ ਹੈ ਜੋ ਗੀਤ ਨੂੰ ਗਾਏ ਜਾਣ ਦੀ ਪ੍ਰੇਰਨਾ ਦੇਂਦਾ ਹੈ।

'ਤੀਰ' ਦੇ ਗੀਤਾਂ ਵਿਚ ਸਾਨੂੰ ਕਈ ਰੰਗ ਦਿਖਾਈ ਦੇਂਦੇ ਹਨ ਪਰ ਧਾਰਮਿਕ ਗੀਤਾਂ ਦਾ ਪ੍ਰਭਾਵ ਪ੍ਰਤੱਖ ਹੈ। ਪੰਜਾਬੀ ਵਿਚ ਧਾਰਮਿਕ ਗੀਤਾਂ ਦੀ ਲੰਬੀ ਪਰੰਪਰਾ ਹੈ। ਆਧੁਨਿਕ ਕਾਲ ਵਿਚ ਇਨ੍ਹਾਂ ਗੀਤਾਂ ਦੀ ਪਰੰਪਰਾ ਨੂੰ ਭਾਈ ਵੀਰ ਸਿੰਘ, ਨਾਨਕ ਸਿੰਘ, ਧਨਵੰਤ ਸਿੰਘ ਸੀਤਲ, ਫੀਰੋਜ਼ਦੀਨ ਸ਼ਰਫ ਤੇ ਵਿਧਾਤਾ ਸਿੰਘ ਤੀਰ ਆਦਿ ਕਵੀਆਂ ਨੇ ਕਾਇਮ ਰਖਿਆ। ਇਸ ਤੋਂ ਇਲਾਵਾ ਤੀਰ ਦੇ ਰੁਮਾਂਟਿਕ ਤੇ ਹੋਰ ਵਿਸ਼ਿਆਂ ਨਾਲ ਸੰਬੰਧਿਤ ਗੀਤ ਵੀ ਕਾਫੀ ਪ੍ਰਸਿੱਧ ਹੋਏ। ਸਿੰਘ ਸਭਾ ਲਹਿਰ ਸਮੇਂ ਰਚੇ ਗਏ ਸਦਾਚਾਰਕ ਤੇ ਸੁਧਾਰਕ ਗੀਤ; ਅਕਾਲੀ ਲਹਿਰ ਅਤੇ ਕਾਂਗਰਸ ਦੀ ਨਾ ਮਿਲਵਰਤਨ ਲਹਿਰ ਵੇਲੇ ਰਚੇ ਗਏ ਤੀਰ ਦੇ ਇਨਕਲਾਬੀ ਤੇ ਜੋਸ਼ੀਲੇ ਗੀਤ ਬੜੇ ਸ਼ੌਕ ਨਾਲ ਗਾਏ ਤੇ ਸੁਣੇ ਗਏ ਹਨ। ਇਨ੍ਹਾਂ ਵਿਚ ਦੇਸ਼ ਲਈ ਪਿਆਰ, ਮਾਂ ਬੋਲੀ ਲਈ ਪਿਆਰ ਅਤੇ ਆਜ਼ਾਦੀ ਲਈ ਡੂੰਘੀ ਲਗਨ ਦੇ ਭਾਵ ਪੇਸ਼ ਹੋਏ ਹਨ। ਇਹ ਗੀਤ ਸਾਡੀਆਂ ਸਮਾਜਕ ਕੁਰੀਤੀਆਂ ਵਿਚ ਵੀ ਚਾਨਣਾ ਪਾਉਂਦੇ

ਹਨ। ਮਿਸਾਲ ਵਜੋਂ ਇਕ ਸ਼ਾਹੂਕਾਰ ਜੱਟ ਦੀ ਸਾਰੀ ਫਸਲ ਲੁੱਟ ਲੈ ਜਾਂਦਾ ਹੈ ਅਤੇ ਉਸ ਨਾਲ ਹੋ ਰਹੇ ਚਿਰਾਂ ਤੋਂ ਇਸ ਅਨ੍ਹਿਆਂ ਨੂੰ ਪ੍ਰਗਟ ਕਰਨ ਲਈ ਕਵੀ ਇੰਝ ਚੇਤਾਵਨੀ ਦੇਂਦਾ ਹੈ :

ਉਠ ਕਿਸਾਨਾਂ ਸੁਤਿਆ, ਉਠ ਤੇ ਅੱਖੀਆਂ ਖੋਲ੍ਹ।
ਸੁਤਿਆਂ ਸੁਤਿਆਂ ਹੀਰਿਆ, ਤੇਰਾ ਲੁਟਿਆ ਜਾ ਰਿਹਾ ਬੋਲ੍ਹ
ਡਾਕੂ ਨੀ ਲੈ ਜਾ ਰਹੇ, ਚੋਰੀ ਭਰ ਭਰ ਝੋਲ।
ਤੇਰੇ ਲਈ ਵਣਜਾਰਿਆ, ਰਖ ਲਏ ਕਾਣੇ ਤੋਲ।

ਤੀਰ ਜੀ ਦੀ ਕਵਿਤਾ ਦੀ ਮੁੱਖ ਸੁਰ ਧਾਰਮਿਕ, ਅਧਿਆਤਮਕ ਰੰਗ ਵਾਲੀ ਸੀ। ਪਰ ਭਾਈ ਵੀਰ ਸਿੰਘ ਦੀ ਕਵਿਤਾ ਨੂੰ ਇਸ ਖੇਤਰ ਵਿਚ ਬਹੁਤ ਉਚੇਰਾ ਸਥਾਨ ਪ੍ਰਾਪਤ ਸੀ। ਭਾਈ ਸਾਹਿਬ ਦੀ ਕਵਿਤਾ ਜਿਥੇ ਉਚੇਰੇ ਮੰਡਲਾਂ ਨੂੰ ਛੂਹਦੀ ਹੈ ਉਥੇ ਅਸੀਂ ਦੇਖਦੇ ਹਾਂ ਕਿ ਤੀਰ ਦੀ ਕਵਿਤਾ ਜਨ ਸਾਧਾਰਣ ਨੂੰ ਸੰਬੋਧਨ ਕਰਦੀ ਹੈ। ਇਸੇ ਲਈ ਤੀਰ ਜਨ ਸਾਧਾਰਣ ਦਾ ਪਿਆਰਾ ਕਵੀ ਬਣਿਆ ਰਹਿਆ ਜਿਸਨੂੰ ਆਮ ਲੋਕਾਂ ਨੇ ਸਮਝਿਆ ਤੇ ਮਾਣਿਆ।

ਹੀਰਾ ਸਿੰਘ ਦਰਦ ਅਤੇ ਧਨੀ ਰਾਮ ਚਾਤ੍ਰਿਕ ਵਾਂਗ ਤੀਰ ਦੀ ਕਵਿਤਾ ਵਿਚ ਦੇਸ਼ ਪਿਆਰ ਤੇ ਪੰਜਾਬ ਪਿਆਰ ਵਧ ਚੜ੍ਹ ਕੇ ਮਿਲਦਾ ਹੈ। 'ਤੀਰ' ਦੀ ਕਵਿਤਾ ਵਿਚ ਦੇਸ਼ ਭਗਤੀ ਦਾ ਜੋ ਰੰਗ ਮੌਜੂਦ ਹੈ ਉਹ ਸੁੱਤੀ ਕੌਮ ਨੂੰ ਹਲੂਣਾ ਦੇਂਦਾ ਰਹਿੰਦਾ ਹੈ। ਹੀਰਾ ਸਿੰਘ ਦਰਦ ਦੀ ਕਵਿਤਾ ਵਿਚ ਸਾਨੂੰ ਜੋ ਸਮਾਜਵਾਦੀ ਰੰਗ ਦਿਖਾਈ ਦੇਂਦਾ ਹੈ ਉਹ ਤੀਰ ਦੀ ਕਵਿਤਾ ਵਿਚ ਵੀ ਪੂਰੀ ਸਫ਼ਲਤਾ ਨਾਲ ਮੌਜੂਦ ਸੀ। ਚਾਤ੍ਰਿਕ ਦੀ ਕਵਿਤਾ ਵਿਚ ਸਮਾਜ ਸੁਧਾਰ ਦੀ ਵਡੀ ਲੋਚਾ ਪੇਸ਼ ਹੋਈ। ਤੀਰ ਨੇ ਵੀ ਲੋਕਾਂ ਵਿਚ ਪ੍ਰਚਲਿਤ ਗਲਤ ਧਾਰਮਿਕ ਵਿਸ਼ਵਾਸਾਂ ਤੇ ਇਨਸਾਨੀ ਕਮਜ਼ੋਰੀਆਂ ਨੂੰ ਪੇਸ਼ ਕੀਤਾ। ਚਾਤ੍ਰਿਕ ਤੇ ਤੀਰ ਦੋਵੇਂ ਸਰਮਾਏਦਾਰੀ ਨਿਜ਼ਾਮ ਦੇ ਵਿਰੁੱਧ ਆਵਾਜ਼ ਉਠਾਉਣ ਵਾਲੇ ਕਵੀ ਸਨ, ਜਿਨ੍ਹਾਂ ਸਮਾਜ ਦੀ ਹਰ ਕੁਰੀਤੀ ਨੂੰ ਦੂਰ ਕਰਨਾ ਚਾਹਿਆ।

ਇਸ ਸਮੇਂ ਪ੍ਰੋ: ਮੋਹਨ ਸਿੰਘ ਸਮਾਜਵਾਦੀ ਚੇਤਨਾ ਦਾ ਪ੍ਰਸਿੱਧ ਕਵੀ ਸੀ। ਮੋਹਨ ਸਿੰਘ ਨੇ ਆਪਣੀ ਕਵਿਤਾ ਹੁਸਨ ਇਸ਼ਕ ਦੇ ਪ੍ਰਭਾਵ ਤੋਂ ਸ਼ੁਰੂ ਕੀਤੀ ਸੀ ਤੇ ਫ਼ੇਰ ਸਮਾਜ-ਵਾਦੀ ਚੇਤਨਾ ਨੂੰ ਪ੍ਰਗਟਾਉਣ ਵਲ ਧਿਆਨ ਦਿਤਾ ਸੀ। ਇਸਦੇ ਉਲਟ ਵਿਧਾਤਾ ਸਿੰਘ ਤੀਰ ਦੀ ਕਵਿਤਾ ਧਾਰਮਿਕ ਰੰਗ ਤੋਂ ਆਰੰਭ ਹੋਈ ਸੀ ਤੇ ਉਹ ਵੀ ਸਮਾਜਵਾਦੀ ਚੇਤਨਾ ਨੂੰ ਪੇਸ਼ ਕਰਨ ਵਲ ਵਧਿਆ। ਮੋਹਨ ਸਿੰਘ ਦੀਆਂ ਪ੍ਰਸਿੱਧ ਪੰਕਤੀਆਂ ਹਨ :

ਦੋ ਟੋਟਿਆਂ ਵਿਚ ਭੋਂ ਵੰਡੀ
ਇਕ ਮਹੱਲਾਂ ਦਾ ਇਕ ਢੋਕਾਂ ਦਾ
ਦੋ ਧੜਿਆਂ ਵਿਚ ਖਲਕਤ ਵੰਡੀ
ਇਕ ਲੋਕਾਂ ਦਾ ਇਕ ਜੋਕਾਂ ਦਾ।"

ਅਜੇਹੇ ਖਿਆਲ ਨੂੰ ਤੀਰ ਇੰਝ ਪੇਸ਼ ਕਰਦਾ ਹੈ :

ਰੱਤ ਪੀਣ ਇਨ੍ਹਾਂ ਦੀ ਕਾਰ ਹੈ,

ਰੱਤ ਪੀਣੀ ਵਣਜ ਵਿਹਾਰ ਹੈ,
ਰੱਤ ਮੇਰੀ ਦੌਲਤ ਇਨ੍ਹਾਂ ਦੀ,
ਇਨ੍ਹਾਂ ਵਿਚ ਦਏ ਵਿਖਾਲੀਆਂ।"

ਅੰਮ੍ਰਿਤਾ ਪ੍ਰੀਤਮ ਨੇ ਦੇਸ਼ ਦੀ ਵੰਡ ਸਮੇਂ ਹੋਏ ਦਰਦਨਾਕ ਦੁਖਾਂਤ ਨੂੰ ਪੇਸ਼ ਕੀਤਾ ਤੇ ਅਬਲਾ ਇਸਤਰੀ ਤੇ ਬੇਗੁਨਾਹ ਲੋਕਾਂ ਤੇ ਹੋਏ ਜ਼ੁਲਮ ਦੀ ਆਵਾਜ਼ ਉਠਾਂਦੇ ਹੋਏ ਵਾਰਿਸ ਸ਼ਾਹ ਨੂੰ ਸੰਬੋਧਨ ਕੀਤਾ :

ਵੇ ਦਰਦ ਮੰਦਾ ਦੇ ਦਰਦੀਆ,
ਉਠ ਤਕ ਆਪਣਾ ਪੰਜਾਬ,
ਅਜ ਬੇਲੇ ਲਾਸ਼ਾਂ ਵਿਛੀਆਂ,
ਤੇ ਲਹੂ ਦੀ ਭਰੀ ਚਨਾਬ।

ਇਨ੍ਹਾਂ ਬੇ ਇਨਸਾਫੀਆਂ, ਲੁੱਟਾਂ ਤੇ ਕਤਲਾਂ ਨੂੰ, ਇਸ ਭਿਆਨਕ ਹੋਣੀ ਨੂੰ ਅਤੇ ਸਭ ਪਾਸੇ ਖ਼ੂਨ ਹੀ ਖ਼ੂਨ ਦਿਸਣ ਵਾਲੇ ਘਲੂਘਾਰੇ ਨੂੰ ਤੀਰ ਨੇ ਇੰਝ ਪੇਸ਼ ਕੀਤਾ ਹੈ :

ਹੋਲੀ ਆਦਮ ਨੇ ਖੇਡੀ, ਆਪਣੀ ਇਜ਼ਤ ਉਛਾਲ।
ਧਰਤੀ ਖੂਨੋਂ ਈ ਖੂਨ, ਧਰਤੀ ਲਾਲੋਂ ਈ ਲਾਲ।

ਵਿਧਾਤਾ ਸਿੰਘ ਤੀਰ ਇਕ ਪ੍ਰਸਿੱਧ ਸਟੇਜੀ ਕਵੀ ਸੀ। ਜਿਸਨੇ ਪੰਜਾਬੀ ਕਵੀ ਦਰਬਾਰਾਂ ਦੇ ਆਰੰਭ ਵਿਚ ਹੀ ਚੋਖਾ ਹਿੱਸਾ ਪਾਇਆ। ਇਸ ਸਮੇਂ ਦੇ ਪ੍ਰਸਿੱਧ ਸਟੇਜੀ ਕਵੀਆਂ ਜਿਵੇਂ ਹਮਦਮ, ਸਰਫ, ਮੁਸਾਫਿਰ, ਚਾਤ੍ਰਿਕ ਆਦਿ ਸਨ। ਇਨ੍ਹਾਂ ਵਿਚ ਵਿਧਾਤਾ ਸਿੰਘ ਤੀਰ ਦਾ ਪ੍ਰਸਿਧ ਸਥਾਨ ਸੀ। ਵਿਧਾਤਾ ਸਿੰਘ ਤੀਰ ਨੇ ਲੋਕਾਂ ਨੂੰ ਧਾਰਮਿਕ ਰੰਗ ਵਿਚ ਹੀ ਨਹੀਂ ਰੰਗਿਆ ਸਗੋਂ ਦੇਸ਼ ਦੀਆਂ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਲਾਹੁਣ ਲਈ, ਜਨਤਾ ਨੂੰ ਹੰਭਲਾ ਮਾਰਨ ਲਈ ਤਿਆਰ ਕਰਨ ਵਾਸਤੇ ਜੋਸ਼ੀਲੀਆਂ ਕਵਿਤਾਵਾਂ ਵੀ ਲਿਖੀਆਂ।

'ਤੀਰ' ਦੀ ਕਵਿਤਾ ਪੁਰਾਣੀ ਪੰਜਾਬੀ ਕਵਿਤਾ ਤੇ ਨਵੀਂ ਪੰਜਾਬੀ ਕਵਿਤਾ ਵਿਚ ਇਕ ਕੜੀ ਹੈ। ਉਹ ਪੁਰਾਤਨ ਵੀ ਹੈ ਤੇ ਆਧੁਨਿਕ ਵੀ। ਪਰੰਪਰਾਵਾਦੀ ਵੀ ਹੈ ਤੇ ਨਵੀਆਂ ਰੁਚੀਆਂ ਦਾ ਲਖਾਇਕ ਵੀ। ਤੀਰ ਦੀਆਂ ਰੁਚੀਆਂ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਦੀਆਂ ਜੜ੍ਹਾਂ ਤਾਂ ਪੁਰਾਤਨ ਵਿਰਸੇ ਵਿਚ ਗੱਡੀਆਂ ਹੁੰਦੀਆਂ ਹਨ, ਪਰ ਉਹ ਆਧੁਨਿਕ ਜੀਵਨ ਦੀ ਉਸਾਰੂ ਸੋਚ ਨੂੰ ਵੀ ਨਾਲ ਲੈ ਕੇ ਚਲਦਾ ਹੈ। ਜੀਵਨ ਦੀਆਂ ਪੁਰਾਣੀਆਂ ਮਹੱਤਵ ਪੂਰਨ ਕਦਰਾਂ ਕੀਮਤਾਂ ਨੂੰ ਸੰਭਾਲਣਾ ਚਾਹੁੰਦਾ ਹੈ ਤੇ ਇਨ੍ਹਾਂ ਨੂੰ ਆਧੁਨਿਕ ਸੋਚ ਨਾਲ ਜੋੜਨਾ ਵੀ ਚਾਹੁੰਦਾ ਹੈ। ਇਸੇ ਲਈ ਉਹ ਸਮੇਂ ਦੀ ਚਾਲ ਅਨੁਸਾਰ ਨਵਾਂ ਰੰਗ-ਢੰਗ ਵੀ ਬਣਾਉਂਦਾ ਹੈ।

'ਤੀਰ' ਦੀ ਕਵਿਤਾ ਵਿਚ ਸਮਾਜ ਸੁਧਾਰ ਦੀ ਸੁਰ ਬਹੁਤ ਪ੍ਰਬਲ ਹੈ। ਉਹ ਜਨਤਕ ਰੁਚੀਆਂ ਵਾਲਾ ਕਵੀ ਸੀ ਜੋ ਜਨਤਾ ਦੀ ਨਬਜ਼ ਵੇਖ ਕੇ ਉਨ੍ਹਾਂ ਦੇ ਦੁਖਾਂ ਸੁਖਾਂ ਦਾ ਚੰਗਾ ਇਲਾਜ ਕਰਨਾ ਚਾਹੁੰਦਾ ਸੀ। 'ਤੀਰ' ਦੀ ਸੁਧਾਰਵਾਦੀ ਰੁਚੀ ਕਈ ਪੱਖਾਂ ਵਾਲੀ ਸੀ, ਉਹ ਮਜ਼ਬੀ ਜਨੂਨ ਹੇਠ ਦਬੇ ਕੁਚਲੇ ਲੋਕਾਂ ਨੂੰ ਝੰਜੋੜਦਾ ਹੈ, ਜਾਤਪਾਤ ਤੇ ਨਸਲ ਦੇ ਖਿਲਾਫ ਆਵਾਜ਼ ਉਠਾਂਦਾ ਹੈ, ਅਛੂਤਾਂ ਦੇ ਉਧਾਰ ਲਈ ਅਗਵਾਈ ਕਰਦਾ ਹੈ, ਬਾਲ

ਵਿਆਹ ਤੇ ਫਜ਼ੂਲ ਖਰਚੀ ਦੇ ਬਹੁਤ ਵਿਰੁੱਧ ਹੈ, ਉਹ ਕਿਰਤੀਆਂ ਤੇ ਕਿਰਸਾਨਾਂ ਦੇ ਹੱਕ ਵਿਚ ਤੇ ਸਰਮਾਏਦਾਰੀ ਨਿਜ਼ਾਮ ਦੇ ਵਿਰੁੱਧ ਆਵਾਜ਼ ਉਠਾਉਂਦਾ ਹੈ ਕਿ ਕਿਵੇਂ ਮਿਹਨਤੀਆਂ ਨੂੰ ਢਿੱਡ ਭਰ ਕੇ ਰੋਟੀ ਵੀ ਨਸੀਬ ਨਹੀਂ ਹੁੰਦੀ ਤੇ ਵਿਹਲੜ ਗੁਲਛਰੀਆਂ ਉਡਾਂਦੇ ਫਿਰਦੇ ਹਨ।

ਪੰਜਾਬੀ ਸਾਹਿਤ ਵਿਚ 'ਤੀਰ' ਦੀ ਵਡਿਆਈ ਇਕ ਉਸਤਾਦ ਕਵੀ ਦੇ ਤੌਰ ਤੇ ਵਧੇਰੇ ਹੈ। ਉਨ੍ਹਾਂ ਨੇ ਪੰਜਾਬੀ ਕਵਿਤਾ ਨੂੰ ਕਈ ਹੋਰ ਚੰਗੇ ਕਵੀ ਦਿਤੇ ਜਾਂ ਉਨ੍ਹਾਂ ਦੇ ਉਤਸ਼ਾਹ ਨਾਲ ਕਈ ਕਵੀਆਂ ਨੂੰ ਕਵਿਤਾ ਰਚਨ ਦੀ ਪ੍ਰੇਰਨਾ ਮਿਲੀ ਤੇ ਉਹ ਪੰਜਾਬੀ ਕਾਵਿ ਜਗਤ ਦੇ ਚੰਗੇ ਕਵੀ ਸਾਬਤ ਹੋਏ। 'ਦਸਮੇਸ਼ ਦਰਸ਼ਨ' ਦੇ ਅਖੀਰ ਤੇ ਦਿਤੀ ਕਵੀ-ਕੁਲ-ਪੱਤਰੀ ਹੇਠ-ਲਿਖੇ ਅਨੁਸਾਰ ਹੈ :

ਸ੍ਰੀ ਮਾਨ ਗਿਆਨੀ ਹੀਰਾ ਸਿੰਘ ਜੀ 'ਦਰਦ'

ਵਿਧਾਤਾ ਸਿੰਘ ਤੀਰ	ਗੁਰਾ ਦਿੱਤਾ 'ਖੰਨਾ'
ਤੇਜਾ ਸਿੰਘ 'ਸਾਬਰ'	ਲਾਭ ਸਿੰਘ 'ਜੋਬਨ'
ਹਰਸਾ ਸਿੰਘ 'ਚਾਤਰ'	ਗੁਰਦਿੱਤਾ ਸਿੰਘ 'ਖੁੰਦਨ'
ਗੁਰਦੇਵ ਸਿੰਘ 'ਮਾਨ'	ਗੁਰਬਚਨ ਸਿੰਘ 'ਮਾਹੀਆ'
ਕਸ਼ਮੀਰਾ ਸਿੰਘ 'ਪਾਰਸ'	ਉਜਾਗਰ ਸਿੰਘ 'ਉਲਫਤ'
ਉਤਮ ਸ਼ਿਘ 'ਤੇਜ'	ਹਰਨਾਮ ਸਿੰਘ 'ਬੇਦਿਲ'
ਬਲਦੇਵ ਸਿੰਘ 'ਦਿਲਸਾਦ'	ਸੰਤੋਖ ਸਿੰਘ 'ਤਰਰ'

ਇਸ ਸੰਬੰਧੀ ਤੀਰ ਦੀ ਦੇਣ ਨੂੰ ਸਲਾਹੁੰਦੇ ਹੋਏ ਸ.ਸ. ਅਮੋਲ ਦਾ ਵਿਚਾਰ ਹੈ :

> "ਤੀਰ ਦੀ ਇਕ ਹੋਰ ਵਡਿਆਈ ਹੈ ਕਿ ਪੰਜਾਬੀ ਫੁਲਵਾੜੀ ਵਿਚ ਤੇਜਾ ਸਿੰਘ ਸਾਬਰ, ਗੁਰਦਿਤ ਕੁੰਦਨ, ਜਸਵੰਤ ਸਿੰਘ ਸਾਨੀ ਅਤੇ ਹਰਸਾ ਸਿੰਘ ਚਾਤਰ, ਕਰਤਾ ਲਹੂ ਦੇ ਲੇਖ ਆਪ ਦੇ ਹੀ ਹੱਥਾਂ ਦੇ ਲਾਏ ਹੋਏ ਬੂਟੇ ਹਨ ਅਤੇ ਇਹ ਸਾਰੇ ਹੀ ਕਵੀ ਆਪਣੀ ਆਪਣੀ ਥਾਂ ਬਹੁਤ ਸਫਲ ਹਨ। ਕਰਤਾਰ ਸਿੰਘ ਬਲੱਗਣ ਵੀ ਇਸੇ ਮਾਲਾ ਦਾ ਮੋਤੀ ਹੈ।"

ਗੁਰਦੇਵ ਸਿੰਘ ਮਾਨ ਦੀ ਇਕ ਪੁਸਤਕ 'ਮਾਨ ਸਰੋਵਰ' ਦੀ ਭੂਮਿਕਾ ਲਿਖਦਿਆਂ ਤੀਰ ਨੇ ਆਪ ਲਿਖਿਆ ਹੈ :

> "ਮੈਨੂੰ ਖੁਸ਼ੀ ਹੈ ਕਿ ਮੇਰੇ ਹੱਥੋਂ ਅਜ ਪੰਜਾਬੀ ਫੁਲਵਾੜੀ ਵਿਚ ਸਾਬਰ ਕੁਦਨ, ਚਾਤਰ, ਮਾਹੀਆਂ, ਬੇਦਿਲ ਨਾਲ ਇਕ ਹੋਰ ਬੂਟਾ ਲਾਇਆ ਗਿਆ ਹੈ। ਜਿਸਦਾ ਨਾਮ ਹੈ ਮਾਨ । ਸੋ ਇਹ ਸਾਰੇ ਰਲ ਕੇ 'ਤੀਰ ਦਾ ਸਕੂਲ' ਹੈ, ਜਿਸ ਵਿਚ ਹੋਰ ਅਨੇਕਾਂ ਆ ਸੰਮਿਲਤ ਹੋਏ।"

'ਤੀਰ' ਦੀ ਕਾਵਿ ਪ੍ਰਾਪਤੀ ਦੀ ਸਮੁੱਚੀ ਦੇਣ ਬੜੀ ਪ੍ਰਸੰਸਾਯੋਗ ਹੈ। ਉਨ੍ਹਾਂ ਨੇ ਨਿਤਾ ਪ੍ਰਤਿ ਦੇ ਜੀਵਨ ਵਿਚੋਂ ਵਿਸ਼ਿਆਂ ਤੇ ਸਮੱਸਿਆਵਾਂ ਦੀ ਚੋਣ ਕੀਤੀ ਤੇ ਇਨ੍ਹਾਂ ਨੂੰ ਆਪਣੇ ਅਨੁਭਵ ਦੀ ਕੁਠਾਲੀ ਵਿਚ ਢਾਲ ਕੇ ਬੜੀ ਸੁਭਾਵਕ ਕਲਾ ਰਾਹੀਂ ਪੇਸ਼ ਕੀਤਾ ਤੇ ਆਪਣੇ ਪਾਠਕਾਂ ਤੇ ਸਰੋਤਿਆਂ ਨਾਲ ਵਡੀ ਸਾਂਝ ਪੈਦਾ ਕੀਤੀ। ਵਿਧਾਤਾ ਸਿੰਘ ਤੀਰ ਦੀ

ਕਵਿਤਾ ਵਿਚ ਸਾਨੂੰ ਇਹ ਲੋਕ ਰੰਗ ਤੇ ਜਨਤਕ ਰੁਚੀ ਇਕ ਵਡੀ ਵਿਸ਼ੇਸਤਾ ਦੇ ਰੂਪ ਵਿਚ ਦਿਖਾਈ ਦੇਂਦੀ ਹੈ। ਉਨ੍ਹਾਂ ਨੇ ਵਿਸ਼ੇ, ਕਲਾ ਤੇ ਭਾਸ਼ਾ ਦੇ ਹਰ ਪੱਖ ਵਿਚ ਪਾਠਕ ਨੂੰ ਧਿਆਨ ਵਿਚ ਰਖਿਆ ਤੇ ਉਸ ਨਾਲ ਨੇੜਤਾ ਬਣਾਈ। ਕਿਸੇ ਵੀ ਥਾਂ ਉਹਨਾਂ ਨੇ ਬਹੁਤੀ ਉਚੇਚ ਨਾ ਲਿਆਉਂਦੇ ਹੋਏ ਸਰਲ ਤੇ ਸੁਭਾਵਕ ਰੁਚੀਆਂ ਨੂੰ ਤਰਜੀਹ ਦਿਤੀ। ਉਨ੍ਹਾਂ ਦੀ ਰਚਨਾ ਵਿਚ ਸੰਕੋਚ ਵੀ ਹੈ ਤੇ ਸਪਸ਼ਟਤਾ ਵੀ, ਕੁਦਰਤੀ ਰੰਗ ਢੰਗ ਵੀ ਹੈ ਤੇ ਸਰਲ ਸਾਦਾ ਪ੍ਰਭਾਵ ਵੀ ਹੈ, ਇਨ੍ਹਾਂ ਸਾਰੀਆਂ ਗੱਲ੍ਹਾਂ ਨੂੰ ਧਿਆਨ ਵਿਚ ਰਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਉਹ ਲੋਕ ਦਿਲਾਂ ਦੇ ਪ੍ਰਤਿਨਿਧ ਕਵੀ ਸਨ ਤੇ ਪੰਜਾਬੀ ਸਟੇਜਾਂ ਤੋਂ ਉਨ੍ਹਾਂ ਨੇ ਚੰਗਾ ਨਾਮਣਾ ਖਟਿਆ। ਇਸ ਪੱਖੋਂ ਪੰਜਾਬੀ ਕਾਵਿ ਖੇਤਰ ਵਿਚ ਉਨ੍ਹਾਂ ਦੀ ਦੇਣ ਅਦੁੱਤੀ ਤੇ ਬੇਮਿਸਾਲ ਹੈ ਅਤੇ ਉਨ੍ਹਾਂ ਦਾ ਸਥਾਨ ਇਕ ਸਫਲ, ਪ੍ਰੌੜ੍ਹ, ਪ੍ਰਵੀਨ ਤੇ ਉਸਤਾਦ ਸ਼ਾਇਰ ਵਾਲਾ ਹੈ।

ਕੁੱਝ ਅਣਛਪੀਆਂ ਕਵਿਤਾਵਾਂ

ਕੁਰਸੀ ਨਾਮਾ

ਮੇਰਾ ਜਨਮ ਵਿਸਾਖੀ ਦਾ ਹੈ, ਮਿਰਾਂ ਕੇਸ ਗੜ ਜਨਮ ਸਥਾਨ
ਪੀ ਪੀ ਕੇ ਖੰਡੇ ਦੀਆਂ ਧਾਰਾਂ, ਹੋਇਆ ਮੇਰਾ ਜਿਸਮ ਜਵਾਨ
ਮੇਰਾ ਕਰਮ ਧਰਮ ਦੀ ਰਾਖੀ ਦੇਸ ਕੌਮ ਲਈ ਦੇਣੀ ਜਾਨ
ਮੈਂ ਸਿਰ ਲੱਥ ਹਾਂ ਸਿਰ ਲਥਿਆਂ ਵੀ ਡਰਕੇ ਛਡਦਾ ਨਹੀਂ ਮੈਦਾਨ
ਕੇਸ ਗੜ੍ਹੋਂ ਕੇਸਾਂ ਲਈ ਕੀਤਾ ਆਰੇ ਦਾ ਕੰਘਾ ਪਰਵਾਨ
ਪਿਤਾ ਮੇਰਾ ਕਲਗੀਧਰ ਜਗ ਤੇ ਜਗੀ ਤੇ ਮੇਰੀ ਮਾਂ ਕਿਰਪਾਨ

ਮੇਰਾ ਜਨਮ ਵਿਸਾਖੀ ਦਾ ਹੈ ਮੈਂ ਹਾਂ ਸਿਰੜ ਸਿਦਕ ਦਾ ਬੀ
ਮੈਂ ਮਜਲੂਮ ਲਈ ਹਾਂ ਮਰਦਾ ਜੀਉਂਦਾ ਜ਼ਾਲਮ ਦਾ ਲਹੂ ਪੀ
ਮੈਂ ਸੁਰਜੀਤ ਮੌਤ ਚੋਂ ਹੋਵਾਂ ਐਸਾ ਹਾਂ ਮਰਜੀਉੜਾ ਜੀ
ਧਰਮ ਲਈ ਸ਼ਾਹ ਰਗ ਕਟਵਾਕੇ ਕਦੇ ਨਾਂ ਮੂੰਹੋਂ ਆਖਾਂ ਸੀ
ਮੇਰੀ ਜੱਗ ਤੇ ਮੰਗ ਸ਼ਹੀਦੀ ਉਹ ਮੈਥੋਂ ਮੰਗਦੀ ਵਰਦਾਨ
ਪਿਤਾ ਮੇਰਾ ਕਲਗੀਧਰ ਜਗ ਤੇ ਜਗੀ ਤੇ ਮੇਰੀ ਮਾਂ ਕਿਰਪਾਨ

ਮੇਰਾ ਜਨਮ ਵਿਸਾਖੀ ਦਾ ਹੈ ਮੈਂ ਨੇਕੀ ਦਾ ਬੂਟਾ ਹਾਂ
ਹਾਰੇ ਹੁੱਟੇ ਥੱਕੇ ਮਾਂਦੇ ਹਰ ਇਕ ਤੇ ਕਰਦਾ ਹਾਂ ਛਾਂ
ਧੁੱਪ ਸਹਾਰਾਂ ਸੜਦੇ ਠਾਰਾਂ ਦੁਖ ਹੰਢਾਵਾਂ ਪੀੜਾਂ ਖਾਂ
ਕੋਈ ਸੂਰਮਾ ਮਰਦ ਦਿਲਾਵਰ ਮਲ ਨਹੀਂ ਸਕਦਾ ਮੇਰੀ ਥਾਂ
ਹਾਂ ਮੈਂ ਮਾਨੀ ਦਾ ਮਾਨ ਤੋੜਦਾ ਪਰ ਹਾਂ ਦਿਲੋਂ ਮਨੋ ਨਿਰਮਾਨ
ਪਿਤਾ ਮੇਰਾ ਕਲਗੀਧਰ ਜਗ ਤੇ ਜਗੀ ਤੇ ਮੇਰੀ ਮਾਂ ਕਿਰਪਾਨ

ਮੇਰਾ ਜਨਮ ਵਿਸਾਖੀ ਦਾ ਹੈ ਸਾਕ ਮੇਰਾ ਹਥਿਆਰਾਂ ਨਾਲ
ਨਾਲ ਬਰਛਿਆਂ ਭੰਗੜਾ ਪਾਵਾਂ ਕਰਾਂ ਪ੍ਰੀਤ ਕਟਾਰਾਂ ਨਾਲ
ਮਾਂ ਦੀਆਂ ਭੈਣਾਂ ਜਾਣ ਮਾਸੀਆਂ ਮੋਹ ਮੇਰਾ ਤਲਵਾਰਾਂ ਨਾਲ
ਖੰਡਾ ਮੇਰਾ ਅਸਲ ਖਿਡਾਵਾਂ ਮਾਣਾ ਲਾਡ ਮਲਾਰਾਂ ਨਾਲ
ਤੀਰ ਮੇਰੀ ਮਮਤਾ ਦਾ ਰਾਖਾ ਮੇਰਾ ਦਿਲ ਪਰਚਾਏ ਕਮਾਨ
ਪਿਤਾ ਮੇਰਾ ਕਲਗੀਧਰ ਜਗ ਤੇ ਜਗੀ ਤੇ ਮੇਰੀ ਮਾਂ ਕਿਰਪਾਨ

ਮੇਰਾ ਜਨਮ ਵਿਸਾਖੀ ਦਾ ਹੈ ਵੈਸਾਖੀ ਹੈ ਜੱਗ ਦਾ ਮਾਣ
ਸੁੱਖ ਵਿਚ ਮੇਰੇ ਸਾਸ ਸਹਿਮਦੇ ਦੁਖ ਵਿਚ ਨੱਚਣ ਭੰਗੜਾ ਪਾਣ
ਜਦੋਂ ਰਣੀਂ ਮੈਦਾਨੀਂ ਉਤਰਾ ਝਲਦਾ ਨਹੀਂ ਕਿਸੇ ਦੀ ਕਾਣ
ਮੌਤ ਜਦੋਂ ਆ ਜਾਇ ਸਾਹਮਣੇ ਤਕ ਤਕ ਮੇਰੇ ਬੁਲ੍ਹ ਮੁਸਕਾਣ
ਮੈਨੂੰ ਮਾਪਿਓ ਇਹੋ ਸਿਖਾਇਆ ਸਚ ਖਾਤਰ ਹੋ ਜਾ ਕੁਰਬਾਨ
ਪਿਤਾ ਮੇਰਾ ਕਲਗੀਧਰ ਜਗ ਤੇ ਜਗ ਤੇ ਮੇਰੀ ਮਾਂ ਕਿਰਪਾਨ

ਹਿੱਕ ਤਾਣ ਕੇ ਲੜਦਾ ਹਾਂ ਮੈਂ ਮੈਂ ਨਹੀਂ ਕਰਦਾ ਪਿਠ ਤੇ ਵਾਰ
ਜੀਵਣ ਦੀ ਪਰਵਾਹ ਨਹੀਂ ਮੈਨੂੰ ਲੜਕੇ ਮੌਤ ਲਵਾਂ ਮੈਂ ਮਾਰ
ਸਿਰ ਦਾ ਸੌਦਾ ਨਕਦ ਕਰਾਂ ਮੈਂ ਮੈਂ ਨਹੀਂ ਕਰਦਾ ਕਦੇ ਉਧਾਰ
ਕਹਿਣੀ ਤੋਂ ਕਤਰਾਵਾਂ ਕੰਨੀਂ ਮੇਰਾ ਰਹਿਣੀ ਨਾਲ ਪਿਆਰ
ਜਗ ਨੂੰ ਜੀਵਣ ਦੇਣ ਵਾਸਤੇ ਕੀਤਾ ਮੈਂ ਮਰਨਾ ਪਰਵਾਨ
ਪਿਤਾ ਮੇਰਾ ਤੀਰਾਂ ਦਾ ਮਾਲਕ ਜਗ ਤੇ ਮੇਰੀ ਮਾਂ ਕਿਰਪਾਨ

ਪਰੇਰਨਾ

ਜੇ ਸਰ ਕਰਨੀ ਦਿਲੀ ਦਿਲ ਦੀ ਬਣਾ ਦਿਲਦਾਰ ਨਾਨਕ ਨੂੰ
ਬਣੇਗਾ ਯਾਰ ਰੱਬ ਤੇਰਾ ਬਣਾ ਲੈ ਯਾਰ ਨਾਨਕ ਨੂੰ

ਜੇ ਪੰਜੇ ਮਾਰਨੇ ਵੈਰੀ ਜੇ ਜਿਤਨੀ ਜੰਗ ਜੀਵਣ ਦੀ
ਪਰੋਕੇ ਅੱਖੀਆਂ ਰਾਹੀਂ ਤੂੰ ਪਾਦੇ ਹਾਰ ਨਾਨਕ ਨੂੰ

ਉਨੂੰ ਇਕ ਵਾਰ ਜੋ ਸਿਮਰੇ ਕਦੇ ਉਸਨੂੰ ਉਹ ਨਹੀਂ ਭੁਲਦਾ
ਸਿਮਰਕੇ ਵੇਖ ਲੈ ਦਿਲ ਤੋਂ ਸਿਮਰ ਇਕ ਵਾਰ ਨਾਨਕ ਨੂੰ

ਜੇ ਲਹਿਣੇ ਵਾਂਗਰਾਂ ਉਸਦਾ ਤੂੰ ਲਹਿਣੇਦਾਰ ਹੈ ਬਣਨਾ
ਸਰੀਣੀ ਰੱਖ ਕੇ ਦਿਲ ਦੀ ਤਾਂ ਮੁਰਸ਼ਦ ਧਾਰ ਨਾਨਕ ਨੂੰ

ਝਨਾ ਰਾਵੀ ਦੀ ਗਲ ਕੀ ਹੈ ? ਤਰੇਂ ਤੂੰ ਭਉਜਲੋਂ ਹਸਦਾ
ਡੁਬੱ ਕੇ ਅੱਖੀਆਂ ਅੰਦਰ ਲਵੇਂ ਜੇ ਤਾਰ ਨਾਨਕ ਨੂੰ

ਪਲਾਂ ਵਿਚ ਪਹੁੰਚ ਜਾਂਦਾ ਹੈ ਦਿਲਾਂ ਦੀ ਤਾਰ ਜਦ ਖੜਕੇ
ਤੁਣਕ ਕੇ ਤਾਰ ਨਿਤ ਦਿਲ ਦੀ ਅਵਾਜ਼ਾਂ ਮਾਰ ਨਾਨਕ ਨੂੰ

ਉਹ ਫਲ ਹੈ ਧਰਮ ਕਰਨੀ ਦਾ ਉਦੇ ਵਿਚ ਰੂਹ ਸੁਗੰਧੀ ਦੇ
ਨਾ ਸਿਰਜਨ ਹਾਰ ਨੇ ਲਾਇਆ ਕੋਈ ਵੀ ਖਾਰ ਨਾਨਕ ਨੂੰ

ਉਹ ਦਰਦੀ ਹੈ ਨਿਮਾਣੇ ਦਾ ਨਿਥਾਵੇਂ ਦਾ ਨਿਓਟੇ ਦਾ
ਤਦੇ ਡੰਡੌਤ ਕਰਦਾ ਹੈ ਸਗਲ ਸੰਸਾਰ ਨਾਨਕ ਨੂੰ

ਉਹ ਸਭ ਨੂੰ ਵੰਡਦਾ ਸਾਂਵੀਂ ਉਹ ਸਾਂਝਾਂ ਦੀ ਪਿਲਾਉਂਦਾ ਹੈ
ਮਿਲੀ ਹੈ ਖਾਨਿਓਂ ਧੁਰ ਤੋਂ ਜੋ ਅੰਮ੍ਰਿਤ ਧਾਰ ਨਾਨਕ ਨੂੰ

ਕ੍ਰਿਸ਼ਮਾ ਹੈ ਨਜ਼ਰ ਉਸਦੀ ਅਮਿਟਵੀਂ ਹੈ ਦਇਆ ਉਸਦੀ
ਜਗਤ ਕਰਤਾ ਨੇ ਦੇ ਦਿੱਤੀ ਦਇਆ ਦੀ ਕਾਰ ਨਾਨਕ ਨੂੰ

ਬੜਾ ਬਲਵਾਨ ਹੈ ਨਾਨਕ ਹਿਮਾਲਾ ਹੈ ਉਦਾ ਜੋਰ।
ਉਹ ਚੁਕ ਲਏਗਾ ਨਿਮਾਣਾ ਹੋ ਜੇ ਸੌਂਪੇ ਭਾਰ ਨਾਨਕ ਨੂੰ

ਕਹਵਾਂ ਪਰ ਚੰਦਰਿਆ ਕੀ ਮੈਂ ਤੂੰ ਚੰਨ ਹੈ ਚਾੜ੍ਹਿਆ ਉਲਟਾ
ਬਦਾ ! ਕਰ ਕਰ ਸਦਾ ਬਦੀਆਂ ਕਰੇ ਬੇਜ਼ਾਰ ਨਾਨਕ ਨੂੰ

ਗਰੀਬਾਂ ਦੇ ਮੂੰਹੋਂ ਖੋਹ ਖੋਹ ਭਰੇ ਤੂੰ ਆਪਣੀ ਗੋਗੜ
ਚਲਾ ਹਰ ਪਾਪ ਦਾ ਚਾਰਾ ਰਿਹਾ ਹੈ ਚਾਰ ਨਾਨਕ ਨੂੰ

ਕੁੱਕਰਮੀ ਕੌੜਿਆ, ਭੁਖਿਆ ਮਨੁੱਖ ਖਾਂਦਾ ਹੈ ਤਲ ਤਲ ਕੇ
ਬਣੀ ਵੇਲੇ ਬੁਲਾਉਂਦਾ ਹੈ ਅਵਾਜ਼ਾਂ ਮਾਰ ਨਾਨਕ ਨੂੰ

ਤੈਨੂੰ ਤਪਦਿਕ ਹਉਮੈ ਦਾ ਗਿਆ ਲੱਗ ਕਰ ਉਪਾ ਕੋਈ
ਵਿਖਾ ਹਥ ਵੈਦ ਨਾਨਕ ਹੈ ਹੈ ਇਸਦੀ ਸਾਰ ਨਾਨਕ ਨੂੰ

ਜੇ ਜੂਨਾਂ ਦੀ ਚਰਾਸੀ ਦਾ ਨਹੀਂ ਕੈਦੀ ਕਦੇ ਬਣਨਾ
ਸਿਮਰ ਤਦ ਤੀਰ ਦਿਲ ਮਨ ਤੋਂ ਤੂੰ ਬਾਰੰ ਬਾਰ ਨਾਨਕ ਨੂੰ

ਜੇ ਜਿਤਣੀ ਤੂੰ ਦਿਲੀ ਦਿਲ ਦੀ ਬਣਾ ਦਿਲਦਾਰ ਨਾਨਕ ਨੂੰ
ਬਣੇਗਾ ਯਾਰ ਰੱਬ ਤੇਰਾ ਬਣਾ ਲੈ ਯਾਰ ਨਾਨਕ ਨੂੰ

ਭਾਈ ਤਾਰੂ ਸਿੰਘ

ਤਾਰੂ ਸਿੰਘ ਨੂੰ ਆਖਿਆ ਹਾਕਮਾਂ ਨੇ ਸਾਡੀ ਗੱਲ ਜੇਕਰੋਂ ਪਰਵਾਨ ਸਿੱਖਾ
ਦਾੜ੍ਹੀ ਕੇਸ ਲੁਹਾਕੇ ਸਿਰ ਮੂੰਹ ਤੋਂ, ਜੇ ਤੂੰ ਹੋ ਜਾਵੇਂ ਮੁਸਲਮਾਨ ਸਿੱਖਾ
ਤੇਰੇ ਲੜ ਬਹਿਸ਼ਤ ਦੀ ਹਰਲਾਈ ਏ ਤੇਰੀ ਜਾਨ ਦੀ ਬਣੇ ਜੋ ਜਾਨ ਸਿੱਖਾ
ਤੈਨੂੰ ਅਜ ਤੋਂ ਹਾਕਮ ਬਣਾ ਦੇਈਏ ਤੇਰੀ ਵਧੇ ਨਵਾਬਾਂ ਤੋਂ ਸ਼ਾਨ ਸਿੱਖਾ
ਤਖਤ ਬਹਿਣ ਖਾਤਰ ਮਹਿਲ ਰਹਿਣ ਖ਼ਾਤਰ ਦੌਲਤ ਦਿਨੇ ਰਾਤੀ ਪਾਣੀਂ ਭਰੇ ਤੇਰਾ
ਮੋਮਨ ਬਣੇ ਤਾਂ ਮੁਸਲਮ ਸਮਾਜ ਸਾਰਾ ਦਿਲੋਂ ਪੀਰਵਾਙ ਆਦਰ ਕਰੇ ਤੇਰਾ

ਸੁਣ ਕੇ ਗੁਰੂ ਦਾ ਸਿੰਘ ਸਿਦਕੀ ਸਿਖੀ ਆਪਣੀ ਨੂੰ ਸਫ਼ਲ ਕਰਾਂਗਾ ਮੈਂ
ਤਾਰੂ ਸਿੰਘ ਮੇਰਾ ਮਾਂ ਨੇ ਨਾਂ ਰਖਿਆ ਨਦੀ ਮੌਤ ਦੀ ਹੱਸਕੇ ਤਰਾਂਗਾ ਮੈਂ
ਮੈਨੂੰ ਲਖ ਵਾਰੀ ਮਰਨਾ ਪਵੇ ਜੇਕਰ ਕੇਸਾਂ ਵਾਸਤੇ ਹੱਸ ਕੇ ਮਰਾਂਗਾ ਮੈਂ
ਮੇਰੇ ਲੂੰ ਲੂੰ ਵਿਚ ਅੰਮ੍ਰਿਤ ਲਹਿਰ ਦਾ ਕਦੇ ਜਹਿਰ ਦਾ ਘੁੱਟ ਨਾ ਭਰਾਂਗਾ ਮੈਂ

ਹੂਰਾ ਦੌਲਤਾਂ ਪਦਵੀਆਂ ਅਹੁਦਿਆ ਤੇ ਕਦੇ ਸਿਖ ਦਸਮੇਸ਼ ਦਾ ਥੁੱਕਦਾ ਨਹੀਂ
ਭਾਵੇਂ ਜ਼ੁਲਮ ਦੇ ਲਖਾਂ ਤੂਫਾਨ ਆਉਣ ਸਿਖ ਸਿਖੀ ਦੇ ਰਾਹ ਤੋਂ ਉਕਦਾ ਨਹੀਂ
ਤੁਸੀਂ ਜੋ ਚਾਹੋ ਕਰੋ ਲੱਖ ਵਾਰੀ ਇਹੋ ਰਹੇਗਾ ਸਿਖੀ ਦਾ ਵੇਸ ਮੇਰਾ
ਮੇਰੇ ਇੱਕ ਇੱਕ ਕੇਸ ਦਾ ਹੋ ਰਾਖਾ ਪਹਿਰੇ ਦੇ ਰਿਹੈ ਸ੍ਰੀ ਦਸਮੇਸ਼ ਮੇਰਾ
ਸਿਖੀ ਛੱਡ ਕੇ ਜੀਵਣਾ ਮੌਤ ਸਿਖ ਦੀ ਨਾਹਰਾ ਇਹੋ ਹੀ ਰਹਿਣਾ ਹਮੇਸ ਮੇਰਾ
ਮਹਿੰਘਾ ਖੰਡ ਬ੍ਰਹਿਮੰਡ ਮੁੱਲ ਨਾਲੋਂ ਇਕ ਇਕ ਲੂੰ ਮੇਰਾ ਇਕ ਇੱਕ ਕੇਸ ਮੇਰਾ
ਹੋਣੀ ਉਤੇ ਨਹੀਂ ਕੋਈ ਸ਼ਕਾਇਤ ਮੈਨੂੰ ਝਲ ਲਵਾਂਗਾ ਮੌਤ ਇਹ ਉਪਰ ਵੀ
ਤੁਸੀਂ ਖੋਪਰੀ ਲਾਹ ਕੇ ਵੇਖ ਲੈਂਗੇ ਮੈਂ ਤਾਂ ਕਾਸਾ ਬਣਾਵਾਂਗਾ ਖੱਪਰ ਵੀ

ਕਾਸਾ ਹੱਥ ਲੈ ਆਪਣੀ ਖੋਪਰੀ ਦਾ ਬੂਹੇ ਯਾਰ ਦੇ ਅਲਖ ਜਗਾ ਲਵਾਂਗਾ
ਕਾਸੇ ਏਸ ਅੰਦਰ ਕੇਸ ਗੜੋਂ ਜਾਕੇ ਕੇਸਾ ਲਈ ਫਿਰ ਅੰਮ੍ਰਿਤ ਪੁਆ ਲਵਾਂਗਾ
ਭੈਣ ਨਾਲ ਇਹ ਮੈਂ ਕਰ ਕੇ ਕੌਲ ਆਇਆ ਕਿ ਮੈਂ ਮੌਤ ਨੂੰ ਹਸ ਪਰਨਾ ਲਵਾਂਗਾ
ਭੈਣੇ ਕੇਸ ਗੜਵਾਲੇ ਨੂੰ ਯਾਦ ਕਰਕੇ ਮਰ ਕੇ ਸਿਖੀ ਤੇ ਕੇਸ ਬਚਾ ਲਵਾਂਗਾ
ਕਾਹਦੀ ਸਿਖੀ ਹੈ ਸਿਖ ਦੀ ਸਿਰ ਮੂੰਹ ਤੇ ਜੇਕਰ ਨਹੀਂ ਦਾੜ੍ਹੀ ਸੁਹਣੇ ਕੇਸ ਹੈ ਨਹੀਂ
ਨਹੀਂ ਉਨੂੰ ਦਸਮੇਸ ਨੇ ਮੂੰਹ ਲਾਣਾ ਜਿਸ ਦੀ ਨਹੀਂ ਸਿਖੀ ਸਿਖੀ ਵੇਸ ਹੈ ਨਹੀਂ
ਅੰਮ੍ਰਿਤ ਵਿਚ ਜਿਸਨੇ ਹੋਵੇ ਰੂਹ ਰੰਗੀ ਉਹ ਨਹੀਂ ਜਹਿਰ ਦੇ ਵਿਚ ਨਹਾ ਸਕਦਾ
ਜਿਸਨੇ ਪਿਤਾ ਦਸਮੇਸ਼ ਦੀ ਗੋਦ ਮਾਣੀ ਉਹ ਨਹੀਂ ਦੂਸਰੀ ਗੋਦ ਵਿਚ ਜਾ ਸਕਦਾ
ਜਿਦੀ, ਅਮ੍ਰਤੀ ਛੱਕਿਆ ਅੱਖ ਖੋਲੀ ਉਹ ਨਹੀਂ ਲਾਲਚਾਂ ਤੋਂ ਧੋਖਾ ਖਾ ਸਕਦਾ
ਜਿਨੂੰ ਜਿੰਦਗੀ ਲਭਦੀ ਮੌਤ ਵਿਚੋਂ ਉਹ ਨਹੀਂ ਸੁਖ ਦੇ ਜਾਲ ਵਿਚ ਆ ਸਕਦਾ
ਕੋਹਲ ਵਿਚ ਪਾਕੇ ਪੀੜੋ ਲਖ ਵਾਰੀ.................................

ਇਕ ਜੋਤੀ

ਸੂਰਜ ਦੀ ਬੰਸ ਅੰਦਰ ਚਾਨਣ ਜਿਉਂ ਹੀ ਹੋਇਆ।
ਡਰਕੇ ਅਨ੍ਹੇਰ ਸਹਿਮੇ, ਪਾਪਾਂ ਨੇ ਮੂੰਹ ਲਕੋਇਆ।
ਜੀਵਨ ਧਰਮ ਆਇਆ, ਜੀਉਂਦਾ ਅਧਰਮ ਮੋਇਆ
ਮੂਧੇ ਮੂੰਹ ਜ਼ੁਲਮ ਡਿੱਗਾ, ਮਜ਼ਲੂਮ ਉਠ ਖਲੋਇਆ।

ਤ੍ਰਿਪਤਾ ਦੀ ਗੋਦ ਅੰਦਰ ਗੁਟਕੀ ਜਦੋਂ ਵਧਾਈ।
ਇਕ ਜੋਤ ਜਗਮਗਾਈ ਇਕ ਜੋਤ ਮੁਸਕਰਾਈ।

ਜੋਤੀ ਨੇ ਜਗ ਚਿ ਜਿਉਂ ਹੀ, ਜੀਵਨ ਦੀ ਅੱਖ ਖੋਲ੍ਹੀ।
ਮਿੱਠਾ ਸੰਗੀਤ ਧੁਰ ਦਾ, ਉਸਦੀ ਜਾਂ ਜੀਭ ਬੋਲੀ।
ਬਦੀਆਂ ਬੁਰਾਈਆਂ ਨੂੰ, ਵਜੀ ਉਹ ਵਾਂਙ ਗੋਲੀ।
ਸਾਬਰ ਨੂੰ ਸਾਸ ਆਏ, ਜਾਬਰ ਦੀ ਜਾਨ ਡੋਲੀ।

ਛੁਰੀਆਂ ਛਪਾਣ ਲਗ ਪਏ, ਹਾਕਮ ਜੋ ਸੀ ਕਸਾਈ।
ਇਕ ਜੋਤ ਜਗਮਗਾਈ ਇਕ ਜੋਤ ਮੁਸਕਰਾਈ।

ਉਹ ਜੋਤ ਸੀ ਅਗੋਚਰ, ਉਹ ਜੋਤ ਸੀ ਅਲਾਹੀ।
ਉਸ ਔਝੜੋਂ ਬਚਾਏ, ਜੋ ਭਟਕਦੇ ਸੀ ਰਾਹੀ।
ਭਰਮਾਂ ਚਿ ਡੁਬਦਿਆਂ ਦੀ, ਕੀਤੀ ਉਨੇਂ, ਮਲਾਹੀ।
ਜਨਮਾਂ ਦੇ ਕੈਦੀਆਂ ਦੀ, ਤੋੜੀ ਉਸੇ ਹੀ ਫਾਹੀ।
ਦੀ ਤੇ ਆਦਮੀ ਦੀ, ਨਾ ਰਹਿ ਗਈ ਜੁਦਾਈ।
ਇਕ ਜੋਤ ਜਗਮਗਾਈ ਇਕ ਜੋਤ ਮੁਸਕਰਾਈ।

ਉਸ ਕਾਦਰੀ ਕਿਰਨ ਨੇ ਕ੍ਰਿਸ਼ਮੇ ਕਈ ਵਿਖਾਲੇ।
ਦੈਂਤਾਂ ਦੇ ਦੰਦ ਤੋੜ ਪੱਥਰ ਕਠੋਰ ਢਾਲੇ।
ਜ਼ਹਿਰਾਂ ਨੂੰ ਖੰਡ ਕੀਤਾ ਅਕ ਅੰਮ੍ਰਿਤੀ ਪਿਆਲੇ
ਗੰਗਾ ਦੀ ਗਲ ਮੁਕਾਈ ਦਸਿਆ ਮੱਕਾ ਦਵਾਲੇ
ਜੀਵਣ ਨੂੰ ਓਸ ਜੋਹਿਆ, ਤਾਂ ਮੋਹ ਲਈ ਲੁਕਾਈ।
ਇਕ ਜੋਤ ਜਗਮਗਾਈ, ਇਕ ਜੋਤ ਮੁਸਕਰਾਈ।

ਸੂਰਮ-ਗਤੀ ਰਬ ਦੀ, ਉਸਨੇ ਨਾ ਹਾਰ ਖਾਧੀ।
ਬਾਬਰ ਵੀ ਉਸਤੋਂ ਹਰਿਆ ਸਿੱਧਾਂ ਵੀ ਮਾਰ ਖਾਧੀ।
ਬ੍ਰਾਹਮਣ ਵੀ ਚਰਨ ਚੁੰਮੇ, ਭਾਵੇਂ ਸੀ ਖ਼ਾਰ ਖਾਧੀ।
ਕਾਜ਼ੀ ਨੇ ਅਕਲ ਉਸਤੋਂ, ਲੈਕੇ ਉਧਾਰ ਖਾਧੀ।
ਮਕੇ ਤੇ ਗੰਗਾ ਅੰਦਰ, ਉਲਟੀ ਗੰਗਾ ਵਹਾਈ।
ਇਕ ਜੋਤ ਜਗਮਗਾਈ, ਇਕ ਜੋਤ ਮੁਸਕਰਾਈ।

ਨਾਨਕ ਸੀ ਨਾਮ ਉਸਦਾ ਨਾ-ਨੱਕ ਪੰਜਾਬ ਦਾ ਸੀ।
ਸੀ ਮਹਿਕ ਦਾ ਖਜ਼ਾਨਾ ਖੇੜਾ ਗੁਲਾਬ ਦਾ ਸੀ।
ਉਹ ਰਬ-ਰੂਪ ਬਣਿਆ ਮੋਦੀ ਨਵਾਬ ਦਾ ਸੀ
ਆਦਮ ਦੇ ਰੂਪ ਅੰਦਰ ਜਲਵਾ ਜਨਾਬ ਦਾ ਸੀ
ਲਭ ਲਭ ਸੰਭਾਲਦਾ ਸੀ ਪਰ ਪੀੜ ਉਹ ਪਰਾਈ।
ਇਕ ਜੋਤ ਜਗਮਗਾਈ, ਇਕ ਜੋਤ ਮੁਸਕਰਾਈ।

ਸੈਨਿਕ ਦਾ ਸੁਨੇਹਾ

ਜੀਵੇਂ ਤੂੰ ਸ਼ਾਲਾ ! ਤੇਰੀ ਅਣਖ ਜੀਵੇ, ਵਡੀ ਅੰਸ ਵਡੇ ਨਾਵੇਂ ਵਾਲਿਆ ਓਇ
ਮਿੱਤਰ ਬਣੇਂ ਤੂੰ ਸਾਰੇ ਸੰਸਾਰ ਦਾ ਹੀ ਵੈਰੀ ਲਭੇ ਨਾ ਲੋੜਿਆ ਭਾਲਿਆ ਓਇ
ਸਦਾ ਤੇਰਾ ਹਿਮਾਲੀਆ ਛੁਹੇ ਸਿਖਰਾਂ ਸਦਾ ਗਲ ਉਸਦੇ ਚਮਕਣ ਚਾਂਦੀਆਂ ਓਇ
ਲਹਿਰਾਂ ਮਾਰਦੇ ਰਹਿਣ ਦਰਿਆ ਤੇਰੇ ਗਾਉਣ ਗੀਤ ਤੇਰੇ ਨਦੀਆਂ ਸਾਦੀਆਂ ਓਇ
ਰਾਮ ਸ਼ਾਮ ਦੀ ਤੇਰੀ ਔਲਾਦ ਜੀਵੇ, ਤੇਰੇ ਬੁੱਧ ਦੇ ਵੀ ਜੀਣ ਬਾਲੜੇ ਓਇ
ਨਾਮ ਜਪਣ ਪਏ ਨਾਨਕ ਦੇ ਨਾਮ-ਲੇਵਾ ਜੀਵਣ ਸਭ ਕਰਮਾਂ ਧਰਮਾਂ ਵਾਲੜੇ ਓਇ

ਤੇਰੇ ਮਾਲ ਡੰਗਰ ਜੀਉਣ ਜੂਹਾਂ ਜੰਗਲ, ਜੀਵਣ ਸਾਊ ਤੇ ਜੀਉਣ ਸਵਾਣੀਆਂ ਓਇ
ਜੀਉਣ ਖੂਹ ਥੰਨੇ ਜੀਉਣ ਦੂਧ ਛੰਨੇ, ਜੀਉਣ ਚਾਟੀਆਂ ਵਿਚ ਮਧਾਣੀਆਂ ਓਇ
ਵਤਨਾ ਮੇਰਿਆ ! ਮੈਂ ਤੇਰਾ ਲਾਡਲਾ ਹਾਂ ਦਿਲੋਂ ਤੇਰੀ ਸਰਹੱਦ ਦਾ ਥੰਮ੍ਹ ਹਾਂ ਮੈਂ
ਮੇਰੀ ਜਾਨ ਹੈਂ ਤੂੰ ਤੇਰੀ ਜਾਨ ਹਾਂ ਮੈਂ, ਤੇਰੇ ਵੈਰੀਆਂ ਲਈ ਜੀਉਂਦਾ ਜੱਸ ਹਾਂ ਮੈਂ
ਤੂੰ ਨਿਸਚਿੰਤ ਰਹੁ ਮੈਂ ਸਾਸਾਂ ਤੇਰਿਆਂ ਦੀ ਰਾਖੀ ਅੰਤਲੇ ਸਾਸ ਤਕ ਕਰਾਂਗਾ ਮੈਂ
ਸਦਾ ਜੀਉਂਦਾ ਰਹੁ ਤੇ ਵਸ ਵਤਨਾ, ਤੇਰੀ ਜ਼ਿੰਦਗੀ ਵਾਸਤੇ ਮਰਾਂਗਾ ਮੈਂ
ਤੇਰੀ ਅਮਨ ਦੀ ਕੁੱਖ ਚੋਂ ਜਨਮਿਆ ਹਾਂ ਪੱਟੀ ਅਮਨ ਦੀ ਹੀ ਵਤਨਾਂ ਪੜ੍ਹਾਂਗਾਂ ਮੈਂ
ਅਮਨ ਵਾਸਤੇ ਪੂਜਾਂਗਾ ਦਿਲੋਂ ਸ਼ਾਂਤੀ ਅਮਨ ਵਾਸਤੇ ਹੀ ਡੱਟਕੇ ਲੜਾਂਗਾਂ ਮੈਂ
ਮੇਰਾ ਦਿਲ ਦੋ ਰੁਖਾ ਦੇ ਧੁਰੋਂ ਵਤਨਾ ! ਇਸ ਵਿੱਚ ਅਮਨ ਵੀ ਹੈਅ ਤੇ ਜੰਗ ਵੀ ਹੈ
ਸ਼ਹਿਦ ਮਿਤਰਾਂ ਵਾਸਤੇ ਏਸ ਅੰਦਰ ਅਮਨ ਦੁਸ਼ਮਣਾਂ ਲਈ ਜ਼ਹਿਰੀ ਡੰਗ ਵੀ ਹੈ
ਲੀਤੀ ਮੈਂ ਤਲਵਾਰ ਤੋਂ ਜ਼ਿੰਦਗੀ ਏ ਅਜਰਾਈਲ ਤੋਂ ਵੀ ਹਾਰ ਸਕਦਾ ਨਹੀਂ
ਮੈਂ ਹੈ ਜੱਮ ਨੂੰ ਮਾਰਿਆ ਲੱਖ ਵਾਰੀ, ਕੋਈ ਜਮ ਮੈਨੂੰ ਮਾਰ ਸਕਦਾ ਨਹੀਂ
ਮੇਰਾ ਮੋਰਚਾ ਘਰ ਯਮਰਾਜ ਦਾ ਏ ਮੈਂ ਇਹ ਨਿਰਾ ਮੁਹਾਵਰਾ ਵਰਤਿਆ ਨਹੀਂ
ਮੇਰੇ ਘਰ ਜਿਹੜਾ ਵੱੜ ਆਇਆ ਮੁੜ ਕੇ ਮਾਂ ਦੇ ਘਰ ਉਹ ਪਰਤਿਆ ਨਹੀਂ
ਜਦੋਂ ਤੀਕ ਵਤਨਾ ਮੇਰਾ ਹੈ ਪਹਿਰਾ, ਉਹ ਨਹੀਂ ਜੰਮਿਆ ਜੋ ਉਦਰ ਖੰਘ ਜਾਵੇ
ਮੈਂ ਤੇ ਮੌਤ ਦੀ ਮੌਤ ਹਾਂ ਖੜੀ ਪਹਿਰੇ ਦੀ ਮਜਾਲ ਇਧਰੋਂ ਮੌਤ ਲੰਘ ਜਾਵੇ
ਜਿੰਦ ਜਾਇ ਤਾਂ ਜਾਇ ਹਜ਼ਾਰ ਵਾਰੀ ਵੈਰੀ ਕੋਲ ਕਸ਼ਮੀਰ ਨਹੀਂ ਜਾਣ ਦੇਣੀ
ਮੈਂ ਹਾਂ ਰਾਂਝਣਾ ਤੇ ਉਹ ਹੀਰ ਮੇਰੀ ਖੇੜੇ ਕੋਲ ਮੈਂ ਹੀਰ ਨਹੀਂ ਜਾਣ ਦੇਣੀ
ਸਮਾ ਆ ਰਿਹਾ ਅੰਤ ਜੇ ਲੋੜ ਪੈ ਗਈ ਵਤਨਾ ਮੇਰਿਆਂ ਗੱਲ੍ਹ ਨਿਤਾਰਨੀ ਮੈਂ
ਰਣ ਦੀ ਕੱਛ ਅੰਦਰ ਜੇੜ੍ਹੀ ਜੂੰ ਵੜ ਗਈ, ਉਹ ਵੀ ਨੇਫਿਓ ਕੱਢ ਕੇ ਮਾਰਨੀ ਮੈਂ
ਜਦੋਂ ਮੇਰੇ ਹਥਿਆਰਾਂ ਨੇ ਹੱਥ ਦੱਸੇ ਮੂੰਹ ਕਾਇਰਾਂ ਦੁਸ਼ਮਣਾਂ ਕੱਜਣੇਂ ਨੇ
ਘਰੀਂ ਪਿੱਟਨੇ ਪੈਣਗੇ ਵੈਰੀਆਂ ਦੇ ਤੇਰੇ ਘਰ ਵਤਨਾ ! ਵਾਜੇ ਵੱਜਣੇ ਨੇ
ਪਹਿਰਾ ਦੇ ਰਿਹਾ ਹਾਂ ਜਦੋਂ ਤੀਕ ਵਤਨਾ ! ਪਹਿਰੇ ਨਾਲ ਤੇਰੀ ਪੂਜਾ ਕਰਾਂਗਾ ਮੈਂ
ਮਰਨਾ ਪੈ ਗਿਆ ਤਾਂ ਹਦੋਂ ਪਾਰ ਹੋਕੇ, ਚੜ੍ਹ ਕੇ ਵੈਰੀ ਦੀ ਹਿੱਕ ਤੇ ਮਰਾਂਗਾ ਮੈਂ
ਜੇਕਰ ਜੀਆਂ ਤਾਂ ਜੀਆਂ ਮੈਂ ਵਤਨ ਅੰਦਰ ਜੇਕਰ ਮਰਾਂ ਤਾਂ ਇਹ ਹੈ ਮੁਰਾਦ ਮੇਰੀ
ਮਰਾਂ ਵਾਹਗਿਓ ਪਾਰ ਸ਼ਹੀਦ ਹੋਕੇ, ਬਣੇ ਵੈਰੀ ਦੀ ਹਿੱਕ ਤੇ ਯਾਦ ਮੇਰੀ

ਸ਼ਰਧਾ ਦੇ ਫੁੱਲ

ਦਿਲਾਂ ਦੀ ਭੇਟ ਚੜ੍ਹ ਰਹੀ ਹੈ, ਮੇਰੇ ਦਿਲਦਾਰ ਅਜ ਤੈਨੂੰ
ਭਰੇ ਨੈਣੀਂ ਧਿਆ ਰਹੇ ਨੇ ਤੇਰੇ ਸਭ ਯਾਰ ਅਜ ਤੈਨੂੰ
ਦਿਲੀ ਸ਼ਰਧਾ ਪਈ ਪੂਜੇ ਦਿਲੋਂ ਸ਼ਰਧਾਂਜਲੀ ਦੇ ਦੇ
ਪਏ ਚੜ੍ਹਦੇ ਨੇ ਨਿਉ ਨਿਉਕੇ ਫੁਲਾਂ ਦੇ ਹਾਰ ਅਜ ਤੈਨੂੰ

ਤੇਰੀ ਪਤਨੀ ਤੇਰੇ ਵਾਂਗਰ ਤੇਰੇ ਕਦਮਾਂ ਤੇ ਟੁਰ ਰਹੀ ਹੈ
ਇਉਂ ਸ਼ਰਧਾਂਜਲੀ ਦੇ ਰਹੀ ਸੁਘੜ ਸਰਦਾਰ ਅਜ ਤੈਨੂੰ
ਤੇਰੇ ਪੁੱਤਰ ਤੇਰੀ ਪੁਤਰੀ ਚੜ੍ਹਾ ਰਹੇ ਭੇਟ ਹੰਝੂਆਂ ਦੀ
ਪਿਆ ਪੂਜੇ ਵਰ੍ਹੇ ਦੂਜੇ ਤੇਰਾ ਪਰਵਾਰ ਅਜ ਤੈਨੂੰ
ਤੇਰੀ ਅੰਮੀ ਅਣਖ-ਪੁਤਲੀ ਮਰਮ-ਪੁਤਲੀ ਸਿਦਕ-ਪੁਤਲੀ
ਸੁਕਰ ਕਰਕੇ ਰਜ਼ਾ ਅੰਦਰ ਹੈ ਕਰਦੀ ਪਿਆਰ ਅਜ ਤੈਨੂੰ
ਮੇਰੇ ਸਾਥੀ ਭਰੇ ਨੈਣੀ ਮੜ੍ਹੀ ਤੇਰੀ ਤੇ ਫੂਲ ਧਰ ਦੇ
ਇਉਂ ਸੱਚ ਖੰਡ ਵਿਚ ਘਲਦੇ ਦਿਲਾਂ ਦੀ ਤਾਰ ਅਜ ਤੈਨੂੰ
ਜਿਨ੍ਹਾਂ ਕਵੀਆਂ ਕਦੇ ਤੇਰੀ ਮੁਹੱਬਤ ਮਿਹਰ ਹੈ ਮਾਣੀ
ਕਲਮ ਰਾਹੀਂ ਕਰਨ ਭੇਟਾ ਦਿਲੀ ਮਹਿਕਾਰ ਅਜ ਤੈਨੂੰ
ਫੌਲਾਦੀ ਅਣਖੀਆ ਮਰਦਾ, ਤੇਰੀ ਕਰਣੀ ਤੋਂ ਸਦਕੇ ਹਾਂ
ਉਸੇ ਕਰਣੀ ਦੇ ਸਦਕੇ ਹੀ ਨਿਵੇਂ ਸੰਸਾਰ ਅਜ ਤੈਨੂੰ
ਨਿਰਾ ਪਰਤਾਪ ਨਾਂ ਨਹੀਂ ਸੀ ਅਸਲ ਪਰਤਾਪ ਵੀ ਸੈਂ ਤੂੰ
ਸਿਆਸਤ ਦੇ ਗੁਰੂ ਕੌਲਿਕੀ ਗੁਰੂ ਰਹੇ ਧਾਰ ਅਜ ਤੈਨੂੰ
ਜਿਨ੍ਹਾਂ ਨੇ ਮਾਰਿਆ ਤੈਨੂੰ ਉਹ ਮਰ ਗਏ ਆਪ ਜੀਉਂਦੇ ਜੀ
ਪਏ ਰੋ ਰੋ ਕਰਨ ਚੇਤੇ ਉਹ ਢਾਹਾਂ ਮਾਰ ਅਜ ਤੈਨੂੰ
ਉਛਾਲਣ ਨੈਣ ਫੁਲ ਕਲੀਆਂ ਤੇ ਕੰਡੇ ਵੀ ਭਰਨ ਅਖੀਆਂ
ਪਰਤ ਪੰਜਾਬ ਵਿਚ ਸਦ ਦੇ ਤੇਰੇ ਗ਼ਮ ਖਾਰ ਅਜ ਤੈਨੂੰ
ਤੂੰ ਘਲ ਦੇ ਮੋੜਕੇ ਦਿਲ ਨੂੰ ਉਹ ਦਿਲ ਦੇ ਦਿਲੋਂ ਗਿਲ ਨੂੰ
ਕਵੀ ਦੀ ਕਲਮ ਪਾਉਂਦੀ ਹੈ ਇਹੋ ਵੰਗਾਰ ਅਜ ਤੈਨੂੰ
ਜੇ ਜੀਉਂਦੇ ਤੀਰ ਸੀ ਤੇਰਾ, ਤੇਰੇ ਮੋਇਆਂ ਵੀ ਤੇਰਾ ਹੈ
ਤਦੇ ਤਾਂ ਭੇਟ ਕਰਦਾ ਹੈ ਇਹ ਅੱਖਰ ਚਾਰ ਅਜ ਤੈਨੂੰ

ਕਵੀਆਂ ਨੂੰ

ਓ ਸੁਖਨ ਦੇ ਵਾਰਸੋ ! ਓ ਕਲਮ ਦੇ ਜਾਦੂਗਰੋ
ਕਲਮ ਦੀ ਜਾਦੂਗਰੀ ਤੋਂ ਕੌਮ ਵਿਚ ਜੀਵਨ ਭਰੋ
ਹੁਸਨ ਤੇ ਜ਼ੁਲਫਾਂ ਚਰਚਾ ਕਰ ਲਵਾਂਗੇ ਫਿਰ ਕਦੇ
ਨਾ ਕਲਮ ਦੀ ਸਾਣ ਤੇ ਤਲਵਾਰ ਅਜ ਤਿਖੀ ਕਰੋ
ਜੇ ਗਵਾਂਢੀ ਜੀ ਕਹੇ ਜੀ ਕਹਿ ਬੁਲਾਣਾ ਧਰਮ ਹੈ
ਇਕ ਵਾਰੀ ਜੇ ਨਿਵੇਂ ਸੌ ਸਿਰ ਝੁਕਾਣਾ ਧਰਮ ਹੈ
ਜੇ ਗਵਾਂਢੀ ਭੁੱਲਕੇ ਹਮਸਾ ਗਤੀ ਹਮਸਾ ਪੁਣਾ
ਵਾਰ ਕਰਦਾ ਹੈ ਤਾਂ ਉਸਨੂੰ ਚੱਬ ਜਾਣਾ ਧਰਮ ਹੈ

ਮੋਇ ਮੁਰਦੇ ਨੂੰ ਕਿਤੋਂ ਫਿਰ ਮਾਂਗਵਾਂ ਸਾਹ ਆਗਿਐ
ਜ਼ਿੰਦਗੀ ਤੋਂ ਰੁੱਸ ਕੇ ਉਹ ਮੌਤ ਦੇ ਰਾਹ ਆ ਗਿਐ
ਹਿੰਦ ਦੀ ਸਰਹੱਦ ਤੇ ਪਹਿਰਾ ਹੈ ਅਜਰਾਈਲ ਦਾ
ਲੋੜਿਆਂ, ਲਭਣਾ ਨਹੀਂ ਉਹ ਔਹ ਗਿਐ ਕਿ ਆਹ ਗਿਐ
ਮਾਂਗਵੇਂ ਹਥਿਆਰ ਲੈ ਅਖੀਆਂ ਵਿਖਾਵਣ ਵਾਲਿਆ
ਮਾਰ ਵਾਜਾਂ ਮੌਤ ਨੂੰ ਸਦਣ ਬੁਲਾਵਣ ਵਾਲਿਆ
ਹੋਲੀਆ ਬਦਲਾ ਲਵੇਗਾ ! ਆਪਣਾ ਰੁੜ੍ਹ ਜਾਣਿਆਂ
ਛਾਹ ਬਿਗਾਨੀ ਤੇ ਘਰੋਂ ਮੁੱਛਾਂ ਮਨਾਵਣ ਵਾਲਿਆ

ਬਦਲਾ

ਖੂਬ ਪੱਟੀ ਮੌਤ ਦੀ ਦਸਮੇਸ ਤੋਂ ਪੜ੍ਹਿਆ ਹਾਂ ਮੈਂ
ਤੇਗ ਦੀ ਖੰਡੇ ਦੀ ਸਾਣੇ ਹੱਸਕੇ ਚੜ੍ਹਿਆ ਹਾਂ ਮੈਂ
ਵੇਖ ਲੈ ਕਿਸ ਹਾਲ ਹੋ ਇਸ ਹਾਲ ਅੰਦਰ ਆ ਗਿਆਂ
ਲੈਣ ਬਦਲਾ ਆਗਿਆਂ ਅਜ ਅੱਗ ਵਿਚ ਸੜਿਆ ਹਾਂ
ਭਾਰਤੀ ਹਾਂ ਤੇ ਪੰਜਾਬਣ ਮਾਂ ਦਾ ਜਾਇਆ ਹਾਂ ਮੈਂ
ਕਹਿਰੀਆਂ ! ਅਜ ਸ਼ਹਿਰ ਤੇਰੇ ਕਹਿਰ ਹੋ ਆਇਆ ਹਾਂ ਮੈਂ
ਕਹਿਰ ਬਦਲੇ ਕਹਿਰ ਲੈ ਲੈ ਗੋਲਿਆਂ ਤੋਂ ਗੋਲੀਆਂ
ਦੇਣ ਤੈਨੂੰ ਆਗਿਆਂ ਇਕ ਅੱਗ ਦਾ ਤਾਇਆ ਹਾਂ ਮੈਂ
ਤੂੰ ਮੇਰੇ ਘਰ ਮੇਰਿਆਂ ਮੋਹ-ਰਿਸ਼ਤਿਆ ਨੂੰ ਮਾਰਿਆ
ਹਿੱਕ ਲੂਹ ਕੇ ਹਿੰਦ ਦੀ ਤੂੰ ਤੱਤਿਆਂ ਦਿਲ ਠਾਰਿਆ
ਰੱਖੜੀ ਰੋਲੀ ਤੂੰ ਚੂੜਾ ਚੂਰ ਕਰ ਪੰਜਾਬ ਦਾ
ਹੱਤਿਆ ਦਾ ਫੱਲ ਲੈ ਖੂਨੀਆਂ ! - - ਹਤਿਆਰਿਓ
ਅਣਖ ਪੰਜਾਂ ਪਾਣੀਆਂ ਦੀ ਮਾਰਿਆਂ ਮਰਦੀ ਨਹੀਂ
ਡਾਇਰਾਂ ਉਡਵਾਇਰਾਂ ਤੋਂ ਸਹਿਮ ਦੀ ਡਰਦੀ ਨਹੀਂ
ਅਣਖ ਉਹ ਊਧਮ ਬਣੀ ਊਧਮ ਮਚਾਵਣ ਆ ਗਈ
ਤਾਂਕਿ ਕੋਈ ਨਾ ਕਹੇ ਕੂਈ ਹਿੰਦ ਦਾ ਦਰਦੀ ਨਹੀਂ

ਗਊ ਕੂਕ

ਮੈਂ ਤੇਰੀ ਬ੍ਰਿਜ ਦੇ ਚਰਾਂਗੀ ਕੱਖ ਬੰਸੀ ਵਾਲਿਆ !
ਚਰਨ ਕੰਵਲਾ ਕੋਲ ਪਰ ਨਿਤ ਰੱਖ ਬੰਸੀ ਵਾਲਿਆ !
ਨਾਮ ਤੇਰੇ ਦੀ ਪੁਜਾਰਨ ਤੇ ਭਿਖਾਰਨ ਹਾਂ ਧੁਰੋਂ
ਅੱਖ ਮੇਰੀ ਰਾਧਕਾਂ ਦੀ ਅੱਖ ਬੰਸੀ ਵਾਲਿਆ !
ਇੱਕ ਤੂੰ ਤੇਰੇ ਜਿਹਾ ਦੂਜੀ ਉਧਾਹਰਣ ਹੋਰ ਨਾ
ਹੋਣ ਮੇਰੇ ਵਰਗੀਆਂ ਪਰ ਲੱਖ ਬੰਸੀ ਵਾਲਿਆ

ਹੇ ਮੇਰੇ ਘਨਸ਼ਾਮ ਤੂੰ ਮੇਰਾ ਸਵੇਰਾ ਹੈਂ ਸਦਾ
ਤੂੰ ਮੇਰੀ ਪ੍ਰਭਾਤ ਹੈਂ ਪਰਤੱਖ ਬੰਸੀ ਵਾਲਿਆ !
ਦ੍ਰੋਪਤੀ ਦੇ ਚੀਰ ਲੱਥੇ ਖੱਲ ਮੇਰੀ ਲਹਿ ਰਹੀ !
ਆਪਣਾ ਪਖ ਪਾਲ ਵੇ ਕਰ ਪੱਖ ਬੰਸੀ ਵਾਲਿਆ

ਕੂਕ ਨਹੀਂ ਮੇਰੀ ਤੇਰੀ ਬੰਸੀ ਦੀ ਇਹ ਆਵਾਜ਼ ਹੈ
ਰੂਪ ਤੇਰਾ ਹੈ ਇਹ ਤੇਰੀ ਦੱਖ ਬੰਸੀ ਵਾਲਿਆ
ਮੈਂ ਤੇਰੀ ਮੀਰਾ ਦੀ ਰੂਹ ਹਾਂ ਬਹੁਤ ਛੋਟੀ ਗਿਰਧਰਾ !
ਰੱਖ ਨਾ ਮੀਰਾਂ ਨੂੰ ਮਨ ਤੋਂ ਵੱਖ ਬੰਸੀ ਵਾਲਿਆ !

ਮੈਂ ਤੇਰੀ ਮਾਲਣ ਹਾਂ ਕਾਨ੍ਹਾ ! ਮੂੰਹ ਵਿਚ ਲੈ ਘਾਹ ਖੜੀ
ਲੱਖ ਮੇਰੀ ਪੀੜ ਵੇ ! ਆਲੱਖ ਬੰਸੀ ਵਾਲਿਆ !

ਦੁੱਧ ਮੈਂ ਜਿਸਨੂੰ ਦਿਆਂ ਮੇਰਾ ਉਹ ਪੀਂਦਾ ਖੂਨ ਹੈ
ਮੱਤ ਦੇ ਉਸਨੂੰ ਨਾ ਮਾਰੇ ਝੱਖ ਬੰਸੀ ਵਾਲਿਆ !
ਮਰਕੇ ਵੀ ਜਿਸਨੂੰ ਪੁਆਵਾਂ ਜੁੱਤੀਆਂ ਮੈਂ ਚੰਮ ਦੀਆਂ
ਮਾਰਦਾ ਮੈਨੂੰ ਉਹ ਜਿਊ ਜੂੰ ਧੱਖ ਬੰਸੀ ਵਾਲਿਆ
ਸੁਪਨਿਆਂ ਦੇ ਵਿੱਚ ਵੀ ਰੋਵਾਂ ਤੇਰੇ ਗਲ ਲੱਗ ਕੇ
ਦੁੱਧ ਦੀ ਥਾਂ ਅੱਥਰੂ ਚੱਖ ਬੰਸੀ ਵਾਲਿਆ
ਰੂਹ ਸਦਾ ਮੈਂ ਦੀ ਮੈਂ ਕੂਕਾ ਮੈਂ ਬਿਦਰ ਦੀ ਆਰਤੀ
ਬੁੱਚੜਾਂ ਦਾ ਹਾਬਣੀ ਅਜ ਭੱਖ ਬੰਸੀ ਵਾਲਿਆ

ਕੱਢ ਮੇਰੇ ਤੀਰ ਵੇ ਚੱਰ ਸੁਦੱਰਸ਼ਨ ਮਾਰ ਕੇ
ਬਾਹੜੀ ਉਹ ਬਾਹੁੜੀ ਵੇ ਰੱਖ ਬੰਸੀ ਵਾਲਿਆ

ਪੁਤਰ ਪਿਓ ਚਾਚਾ

ਸੰਨ ਇਕ ਨੌਂ ਛੇ ਪੰਜ ਈਸਵੀ ਅਗੱਸਤ ਮਹੀਨਾ
ਜਦ ਆਇਆ ਪਾਕਸਤਾਨ ਨੂੰ ਰਜ ਮੌਤ ਪਸੀਨਾ
ਜਦ ਭੁਲਿਆ ਦੀਨ ਮੁਹੰਮਦੀ ਭੁੱਟੋ ਬੇਦੀਨਾ
ਜਦ ਨਚਿਆ ਨਾਲ ਅਯੂਬ ਵੀ ਅਕੜਾ ਕੇ ਸੀਨਾ
ਉਸ ਹਮਲਾ ਕੀਤਾ ਹਿੰਦ ਤੇ ਬਣ ਚੋਰ ਕਮੀਨਾ
ਫਿਰ ਉਸਨੂੰ ਚੁਕਣ ਲਗ ਪਿਆ ਠਿੰਗਣਾ ਤੇ ਫੀਨਾ
ਉਸ ਤੀਲੀ ਲਾਈ ਅਮਨ ਨੂੰ ਘੂਹ ਸਾੜਾ ਕੀਨਾ
ਉਨੂੰ ਲਾਨ੍ਹਤ ਪਾਈ ਅੰਬਰਾਂ ਤੇ ਫਿਟਕ ਜ਼ਮੀਨਾਂ

ਅਮਰੀਕਾ ਗੇਜੂ ਨਾਲ ਸੀ ਸਤ ਪਰਦੀਂ ਲੁਕਿਆ
ਉਸ ਰੱਖੀ ਦਿਲੋਂ ਕਮੀਨਗੀ ਨਾ ਝਕਿਆ ਰੁਕਿਆ

ਉਸ ਨਿਤ ਭਰਾ ਦੇ ਪੁੱਤ ਨੂੰ ਉਕਸਾਇਆ ਚੁਕਿਆ
ਉਸ ਸ਼ਹਿ ਦਿਤੀ ਸ਼ੈਤਾਨ ਨੂੰ ਨਹੀਂ ਤਾਂ ਸੀ ਮੁਕਿਆ
ਅਮਰੀਕੇ ਚਾਚੇ ਸਾਹਮਣੇ ਉਹ ਮੁੜ ਮੁੜ ਝੁਕਿਆ
ਜਿਉ ਕੰਗਲਾ ਮੰਗਤਾ ਮੰਗਦਾ ਸਾਹ ਸੁਕਿਆ ਸੁਕਿਆ
ਇਹ ਫਿਰ ਵੀ ਦਸੇ ਰਾਹ ਤੋਂ ਜਾਂ ਭਟਕਿਆ ਉਕਿਆ
ਤਦ ਪੁਤ ਦੇ ਮੂੰਹ ਤੇ ਪਿਉ ਨੇ ਏਦਾਂ ਕਹਿ ਥੁਕਿਆ
ਜਾ ਡੁਬ ਮਰ ਕਿਤੇ ਨਾਲ ਇਕ ਹਰਾਮੀਆਂ ! ਨਾ ਦੇਹ ਸਲਾਮੀ
ਮੈਂ ਤੈਨੂੰ ਜਣ ਕੀ ਖਟਿਆ ਰਜਵੀਂ ਬਦਨਾਮੀ
ਤੈਨੂੰ ਲੱਖ ਲੱਖ ਮੱਤਾਂ ਦਿਤੀਆਂ ਤੜਕੇ ਤੇ ਸ਼ਾਮੀ
ਤੂੰ ਅੰਦਰੋਂ ਤਾਂ ਗੁਸਤਾਖ਼ ਹੈਂ ਪਰ ਉਪਰੋਂ ਹਾਮੀ
ਅਜ ਬਾਲਗ਼ ਭਾਵੇਂ ਹੋ ਗਿਓ ਖੱਟ ਖੱਟ ਨਾ ਕਾਮੀ
ਪਰ ਤੂੰ ਪਿਓ ਦੇ ਰੋਅਬ ਦੀ ਬੋਲੀ ਨੀਲਾਮੀ
ਮੈਂ ਚਾਹੁੰਦਾ ਸਾਂ ਮੁੜ ਹਿੰਦ ਦੇ ਗਲ ਪਾ ਗੁਲਾਮੀ
ਪਰ ਖੱਟੀਆਂ ਕਦੋਂ ਖੁਵਾਂਵਦੇ ਨਿਮਕ ਪੁਤ ਹਰਾਮੀ

ਉਨੂੰ ਰਜ ਰਜ ਪਾਈਆਂ ਲਾਨਤਾਂ ਚਾਚੇ ਅਮਰੀਕੇ
ਉਹ ਆਖਿਆ ਡੁੱਬ ਵਿਚ ਚੱਪਣ ਕੀ ਲੈਣਾ ਈ ਜੀਕੇ
ਉਸ ਦਸੇ ਉਸਨੂੰ ਫੇਰ ਵੀ ਕੁਝ ਨਵੇ ਤਰੀਕੇ
ਉਨੂੰ ਕਈ ਸੌਂ ਪੈਟਨ ਟੈਂਕ ਦੇ ਫਿਰ ਲਾਏ ਟੀਕੇ
ਉਨੂੰ ਦਿਤੇ ਸੈਬਰ ਜੈਟ ਵੀ ਪਰ ਅਖ ਬੁਲ੍ਹ ਸੀਕੇ
ਉਸਨੂੰ ਦਿਤੇ ਬੰਬ ਅਗੇਣਵੇਂ ਨਾ ਦੱਮ ਉਡੀਕੇ
ਉਸ ਉਸ ਵਲ ਧਰਿਆ ਕੰਨ ਨਾ ਕੀ ਕਿਹਾ ਸ਼ਰੀਕੇ
ਗਲ ਸੁਣੀ ਨ ਚਾਚੇ ਚਵਲ ਨੇ ਲਖ ਲੋਕੀ ਚੀਕੇ

ਜਦ ਮਿਲੀ ਹਰਾਮੀ ਪੁਤ ਨੂੰ ਚਾਚੇ ਦੀ ਚੁਕਣਾ
ਉਹ ਖੋਤਾ ਆਪਾ ਭੁਲ ਕੇ ਛੁਹ ਬੈਠਾ ਬੁਕਣਾ
ਉਸ ਆਖਿਆ ਅਗੇ ਸ਼ੇਰ ਦੇ ਮੈਂ ਨਹੀਂ ਜੇ ਝੱਕਣਾ
ਮੈਂ ਸ੍ਰੀ ਨਗਰ ਹੈ ਪਹੁੰਚਣਾ ਰਾਹ ਵਿਚ ਨਹੀਂ ਰੁਕਣਾ
ਮੈਂ ਦਿਲੀ ਵੀ ਹੈ ਮਾਰਨੀ ਉਸ ਤੋਂ ਨਹੀਂ ਉਕਣਾ
ਕਸ਼ਮੀਰ ਜਦੋਂ ਤਕ ਨਾ ਲਵਾਂ ਨਹੀਂ ਝਗੜਾ ਮੁਕਣਾ
ਉਸ ਉਲੂ ਚਾਹਿਆ ਚੰਨ ਕੇ ਮੂੰਹ ਉਤੇ ਥੁਕਣਾ
ਪਰ ਥੁੱਕ ਪੁਵਾ ਕੇ ਮੂੰਹ ਤੇ ਅਜ ਚਾਹੁੰਦਾ ਝੁਕਣਾ
ਸੀ ਜਗ ਨੂੰ ਪਿਆ ਸੁਣਾਵਦਾਂ ਹਿੰਦ ਅਮਨ ਕਹਾਣੀ
ਪਰ ਸਿਰ ਤੋਂ ਲੰਘਦਾ ਵੇਖਿਆ ਜਾ ਉਸ ਨੇ ਪਾਣੀ

ਤਦ ਉਠਕੇ ਉਸਦੇ ਚੌਧਰੀ ਇਉਂ ਬੋਲੀ ਬਾਣੀ
''ਹੁਣ ਅੱਗੇ ਵਧੋ ਬਹਾਦਰੋ ! ਸੰਗੀਨਾਂ ਤਾਣੀ
ਅਸਾਂ ਪਾਕ-ਸੈਤਾਨ ਦੀ ਪਿਠ ਰਣ ਵਿਚ ਲਾਣੀ
ਉਦੇ ਅਸਲੇ ਮਸਲੇ ਸੱਭਣੀ ਹੁਣ ਅਲਖ ਮੁਕਾਣੀ
ਅਸਾਂ ਨਲੂਏ ਨੂੰ ਪਰਤਾਪ ਨੂੰ ਨਹੀਂ ਲੀਕ ਲੁਵਾਣੀ
ਅਸਾਂ ਗੋਰੇ ਦੇ ਇਸ ਪੁੱਤ ਦੀ ਆਕੜ ਚੱਬ ਜਾਣੀ

ਉਸ ਦਿਨ ਸੀ ਪੰਜ ਸਤੰਬਰੋਂ ! ਪ੍ਰਭਾਤੀ ਘੜੀਆਂ
ਲੱਕ ਬੰਨ੍ਹ ਲਏ ਬੰਬ ਬਹਾਦਰਾਂ ਹਥ ਰਫਲਾਂ ਫੜੀਆਂ
ਜਿੰਦ ਕੱਢਨ ਲਈ ਸ਼ੈਤਾਨ ਦੀ ਇਉਂ ਮੌਤਾਂ ਚੜੀਆਂ
ਉਹ ਪਿਲ ਬਾਕਸ ਤੇ ਬੰਕਰੀ, ਘਰ ਵਾਙੂ ਵੜੀਆਂ
ਉਹ ਟੈਂਕਾਂ ਤੇ ਚੜ ਨਚੀਆਂ ਡਰ ਲਾਹ ਕੇ ਲੜੀਆਂ
ਉਨ੍ਹਾਂ ਤੋੜ ਫੁਲਾਦੀ ਮੋਰਚੇ ਕਰ ਸੁੱਟੇ ਰੜੀਆਂ
ਉਹਨਾਂ ਵੈਰੀ ਵਡੇ ਇਸ ਤਰ੍ਹਾਂ ਜਿਉਂ ਫਸਲਾਂ ਖੜੀਆਂ
ਉਨ੍ਹਾਂ ਚੱੜ ਦੁਸ਼ਮਣ ਦੀ ਹਿੱਕ ਤੇ ਭੰਨ ਸੁਟੀਆਂ ਅੜੀਆਂ

ਸਾਡੇ ਮਰਦ ਸ਼ਹੀਦੀ ਲਾੜਿਆ ਨੇ ਲਖ ਮਾਰੇ ਲੋੜੇ,
ਉਹਨਾਂ ਗਾਜਰ ਮੂਲੀ ਜਾਣ ਕੇ, ਕਟੀ ਟੈਂਕੇ ਤਰੋੜੇ,
ਰਲ ਰਫਲਾਂ ਦੇ ਜਾਂ ਹਿੰਦੀ, ਲਖ ਦੱਬੇ ਘੋੜੇ
ਤਦ ਪਾਕੀ ਗਿਡੇ ਇਸ ਤਰਾਂ ਜਿਓ ਛੱਤ ਤੋਂ ਤੋੜੇ
ਲਖ ਲਾਸ਼ਾਂ ਪਈਆਂ ਫੁਲੀਆ ਵਿਚ ਹਡੋਂ ਰੋੜੇ
ਜਿਉ ਪਾਕੀ ਭੋ ਤੇ ਨਿਕਲੇ ਲਖ ਗੜ ਜਾ ਫੋੜੇ
ਅਸਾ ਡੇਗੇ ਸੈਬਰ ਜੈਟ ਵੀ ਟਿਉਂ ਜੋੜੇ ਜੋੜੇ
ਜਿਉਂ ਕੁੱਕੜ ਡਿਗਦਾ ਫੜਕੇ, ਕੋਈ ਧੋਣ ਮਰੋੜੇ

ਸਾਡੇ ਵਾਜਾਂ ਵਾਗ ਬਟੇਰਿਆਂ, ਦੁਸ਼ਮਣ ਜੈਟ ਫੁੰਡੇ
ਅਸਾਂ ਵੈਰੀ ਤੋਪਾਂ ਭੋਰੀਆਂ, ਕਹਿ ਕਣਕ ਮਰੁੰਡੇ
ਅਸਾਂ ਗੋਲੇ ਮਾਰ ਉਡਾ ਦਿਤੇ ਗੋਰੇ ਦੇ ਗੁੰਡੇ
ਸੈ ਲੰਙੇ ਲੂਲੇ ਹੋ ਗਏ ਸੈ ਹੋ ਗਏ ਟੁੰਡੇ
ਅਸਾਂ ਸਾਂਭੇ ਜੀਉਂਦੇ ਟੈਂਕ ਵੀ ਹਾਥੀ ਬੇ ਕੁੰਡੇ
ਅਸਾਂ ਵੈਰੀ ਮਾਰੇ ਜਾਣਕੇ ਸਾਵਣ ਦੇ ਸੁੰਡੇ
ਅਸਾਂ ਗੇਜੂ ਤੇ ਅੰਮਰੀਕ ਦੇ ਰਫ ਕੀਤੇ ਖੁੰਡੇ
ਅਜ ਇਹ ਕਹਿ ਪਾਵਣ ਭੰਗੜੇ ਕੁੜੀਆਂ ਤੇ ਮੁੰਡੇ

ਅਸਾਂ ਮਾਰ ਲਈ ਡੁਗਰਾਈ ਹਲਾ ਬੋਲਕੇ
ਅਸਾਂ ਈਦੇ ਗਿਲ ਵਿਆਹੀ ਸਿਹਰੇ ਬੰਨਕੇ

ਅਸਾਂ ਬਰਕੀ ਡੋਲੇ ਪਾਈ ਲੜਕੇ ਲਾੜਿਆਂ
ਅਸਾਂ ਕੋਟ ਸਿਆਲ ਦੁਹਾਈ ਫੇਰੀ ਆਪਣੀ
ਅਸਾਂ ਖੋਹ ਲਈ ਆਵਾਜਾਈ ਊੜੀ ਪੁਣਛ ਦੀ
ਸਾਡੀ ਪੀਰੀ ਮੰਨੀ ਭਾਈ ਹਾਜੀ ਪੀਰ ਨੇ
ਅਸਾਂ ਛੰਤ ਦੇ ਵਿਚ ਡੁਬਾਈ ਸੈਨਾ ਪਾਕ ਦੀ
ਸਾਨੂੰ ਦੁਨੀਆਂ ਦਏ ਵਧਾਈ ਵਾਹ ਓਇ ਹਿੰਦੀਓ
ਜੇ ਫਿਰ ਮੁੜ ਟੈਂ ਵਿਖਾਈ ਪਾਕ ਸੈਤਾਨ ਨੇ
ਤਦ ਠੀਕ ਸਮਝ ਲੌ ਆਈ ਉਸਦੀ ਮੌਤ ਹੀ
ਸਾਡੀ ਸੈਨਾਬਰੀ ਹਵਾਈ ਪਈ ਉਡੀਕਦੀ
ਅਸਾਂ ਲੜਨੀ ਉਹ ਲੜਾਈ ਜੋ ਨਹੀਂ ਭੁਲਣੀ
ਫਿਰ ਦੇਣੀ ਰੋ ਦੁਹਾਈ ਲਿਮਕ ਹਰਾਮ ਨੇ
ਸਹੁੰ ਰਬ ਦੀ ਝੂਠ ਨਾ ਆਖੇ ਆਖਿਆ ਤੀਰ ਨੇ

ਕੁਰਬਾਨੀ ਦੀ ਵਾਰ

ਨੀ ਸੁਣ ਹੀਰੇ ਕੁਰਬਾਨੀਏਂ ਜਸ ਤੇਰਾ ਗਾਵਾਂ
ਹੈ ਉੱਚਾ ਹਰ ਮੁਟਿਆਰ ਤੋਂ ਤੇਰਾ ਹੀ ਨਾਵਾਂ
ਕੋਈ ਸਿਰ ਵਾਰੇ ਤਾਂ ਤੁਲੱਟਾ ਉਹ ਤੇਰੇ ਸਾਵਾਂ
ਤੂੰ ਸਿਰ ਲੱਥਾਂ ਦੇ ਨਾਲ ਹੀ ਲੈਂਦੀ ਹੈਂ ਲਾਵਾਂ
ਮੈਂ ਤੈਥੋਂ ਭਾਬੀ ਮੇਰੀਏ, ਪਿਆ ਸਦਕੇ ਜਾਵਾਂ
ਨੀ ਤੈਨੂੰ ਵਰਿਆ ਮੇਰਿਆਂ ਕਈ ਵੀਰ ਭਰਾਵਾਂ

ਨੀ ਸੋਹਣੀਏ ਤੇਰੇ ਆਸ਼ਕਾਂ ਕਈ ਕੀਤੇ ਕਾਰੇ
ਕਿਸੇ ਵਟਨਾ ਮਲ ਮਲ ਅੱਗਦਾ ਹਨ ਅੰਗ ਨਿਖਾਰੇ
ਕਿਸੇ ਸੂਲੀ ਉਤੇ ਝੂਮਕੇ ਲਖ ਲਏ ਹੁਲਾਰੇ
ਕਿਸੇ ਮਹਿਲ ਤੇਰੇ ਦੀ ਨੀਂਹ ਵਿਚ ਦੋ ਲਾਲ ਖਲਾਰੇ
ਤੂੰ ਲਾਕੇ ਮਹਿੰਦੀ ਲਹੂ ਦੀ ਜਾਂ ਚੜ੍ਹੀਓਂ ਖਾਰੇ
ਤਾਂ ਢੁਕ ਪਏ ਸਿਹਰੇ ਬੰਨ੍ਹਕੇ ਨੈਣਾਂ ਦੇ ਮਾਰੇ

ਨੀ ਸ਼ੀਰੀਏ ਬਜ ਬਜ ਘਾਟ ਤੇ, ਤੂੰ ਫਬੀ ਸਿੰਗਾਰੀ
ਤਾਂ ਆ ਗਏ ਸਾਗਰ ਚੀਰ ਕੇ ਸੈ ਇਸ਼ਕ ਪੁਜਾਰੀ
ਉਥੇ ਸੈ ਮੋਏ ਫਰਿਹਾਦ ਨੀ ਜਾਂ ਅੱਖ ਤੂੰ ਮਾਰੀ
ਉਥੇ ਗੋਲੀਆਂ ਗਾਏ ਸੁਹਾਗ ਨੀ ਰਲ ਵਾਰੋ ਵਾਰੀ
ਤੂੰ ਨਚ ਨਚ ਏਦਾਂ ਰਾਧਕਾਂ ਮੋਹ ਲਏ ਮੁਰਾਰੀ
ਨਾ ਹਾਰੇ ਆਸ਼ਕ ਮੌਤ ਤੋਂ ਨਾ ਤੂੰ ਹੀ ਹਾਰੀ

ਨੀ ਸਾਹਿਬਾਂ ਕਾਰੇ ਹੱਥੀਏ ! ਵਾਹ ਤੇਰੇ ਕਾਰੇ

ਤੂੰ ਪਾ ਪਾ ਕਜਲਾ ਕਹਿਰ ਦਾ ਜਾਂ ਨੈਣ ਨਿਖਾਰੇ
ਤੂੰ ਜ਼ੁਲਫ ਬਣਾ ਲਈ ਮੌਤ ਜਾਂ ਤਟ ਲੌੜੇ ਮਾਰੇ
ਤੂੰ ਚੂੜਾ ਪਾ ਜਾਂ ਬੈਠੀਓ ਚੜ ਸਿਰਦੇ ਖਾਰੇ
ਤਾਂ ਅਮਰ ਸਵੰਬਰ ਰਚਿਆ ਸਤਲੁਜ ਕਿਨਾਰੇ
ਤਾਂ ਵਰਲਏ ਮਿਰਜੇ ਤਿੰਨ ਨੀ, ਸਨ ਛੈਲ ਕੁਵਾਰੇ
ਨੀ ਲੈਲਾ ਤੇਰੀ ਵੇਖਕੇ ਬੁਲ੍ਹੀਆਂ ਦੀ ਹਾਸੀ
ਇਕ ਮਜਨੂੰ ਕਮਲਾ ਹੋ ਗਿਆ ਘਰ ਤੋਂ ਸੰਨਿਆਸੀ
ਉਸ ਮਾਂ ਪਿਓ ਦੀ ਜਿੱਕ ਸਾਂਝ ਤੋਂ ਪਾ ਲਈ ਖਲਾਸੀ
ਉਨੂੰ ਭੈਣਾਂ ਹੋੜ ਨਾ ਸੱਕੀਆਂ ਨਾਂ ਫੁਫੀ ਮਾਸੀ
ਉਹ ਟੁਰਿਆ ਉਠ ਸਰਾਂਭਿਓਂ ਛੱਡ ਜੰਮਣ ਵਾਸੀ
ਉਸ ਜ਼ੁਲਫ ਤੇਰੀ ਗਲ ਪਾ ਲਈ ਜਗ ਕਹਿੰਦਾ ਫਾਸੀ
ਫਿਰ ਜਲਿਆਂ ਵਾਲੇ ਬਾਗ ਦੀ ਗਲ ਕਰਨ ਸਿਆਣੇ
ਤੂੰ ਪਹਿਨੇ ਸੀ ਜਾਂ ਸੰਮੀਏ ਰੱਤ-ਰੰਗੇ ਘਾਣੇ
ਤਦ ਢੋਲੇ ਤੈਨੂੰ ਵੇਖ ਕੇ ਮਰ ਗਏ ਮਰ ਜਾਣੇ
ਤੂੰ ਆਸ਼ਕ ਪਰਖੇਂ ਆਪਣੇ ਤੂੰ ਇਸ਼ਕ ਪਛਾਣੇਂ
ਉਥੇ ਤੜ ਤੜ ਵਰ੍ਹੀਆਂ ਗੋਲੀਆਂ ਜਿਉਂ ਭੁਜਨ ਦਾਣੇ
ਪਰ ਗੀਟੇ ਮਾਰੇ ਸਾਲੀਆਂ ਉਹਨਾਂ ਦੇ ਭਾਂਣੇ
ਨੀ ਸਸੀਏ ਤੇਰੇ ਇਸ਼ਕ ਦੇ ਇਤਿਹਾਸ ਲੰਮੇਰੇ
ਬੋਸਾਂ ਦੇ ਕੇ ਬੋਸ ਨੂੰ ਤੂੰ ਲੈ ਲਏ ਫੇਰੇ
ਤੂੰ ਲਜਪਤ ਕੀਤਾ ਕੈਦ ਨੀ ਪਾ ਅੱਖ ਦੇ ਘੇਰੇ
ਮੇਰਾ ਬੁੱਢਾ ਬਾਪੂ ਮਰ ਗਿਆ ਤਦ ਨਖਰੇ ਤੇਰੇ
ਤੂੰ ਲੰਡਨ ਬਣੀਓ ਮੇਮ ਜਾਂ ਡਾਇਰ ਦੇ ਡੇਰੇ
ਉਥੇ ਊਧਮ ਚੁਕਿਆ ਇਸ਼ਕ ਨੇ ਕਰ ਕਰੜੇ ਜੇਰੇ
ਤੂੰ ਰਜ ਲਏ ਨੀ ਕੁਰਬਾਨੀਏਂ ਨਿਤ ਕਲਾ ਨਿਆਰੀ
ਰੱਤ ਮੰਗਦੀ ਪੀਂਦੀ ਰੱਤ ਹੈ ਤੇਰੀ ਮਾਂਗ ਦੁਧਾਰੀ
ਤੂੰ ਲਖਾਂ ਜੰਞਾਂ ਝੱਲੀਆਂ ਪਰ ਅਜੇ ਕੁਆਰੀ
ਤੂੰ ਲਖਾਂ ਲਾੜੇ ਵਰ ਲਏ ਪਰ ਅਜੇ ਨਾ ਹਾਰੀ
ਹੈ ਆਸ਼ਕ ਤੇਰਾ ਤੀਰ ਵੀ ਕਰ ਰਿਹਾ ਤਿਆਰੀ
ਹੈ ਹਸ ਹਸ ਪਿਆ ਉਡੀਕਦਾ ਲਾਵਾਂ ਦੀ ਵਾਰੀ

ਚਾਰ ਸੌ ਵੀਹ

ਯਾਰੋ ! ਵੇਖ ਲੌ ਵੇਖਦੇ ਵੇਖਦੇ ਹੀ ਫੈਲ ਗਈ ਸੰਸਾਰ ਵਿਚ ਚਾਰ ਸੌ ਵੀਹ
ਹਰ ਪੱਖ ਅੰਦਰ ਹਰ ਰੰਗ ਅੰਦਰ ਸਾਡੇ ਹਰ ਵਿਹਾਰ ਵਿਚ ਚਾਰ ਸੌ ਵੀਹ

ਉਤੋਂ ਦੋਸਤੀ ਅੰਦਰੋਂ ਵੈਰ ਗੁੱਝਾ ਵਿਚੋਂ ਜ਼ਹਿਰ ਮਹੁਰਾ ਉਤੋਂ ਸ਼ਹਿਦ ਮਿੱਠਾ
ਲੱਗੀ ਗ਼ਰਜ਼ ਦੀ ਮਰਜ਼ ਦਿਲਦਾਰ ਨੂੰ ਵਸੀ ਆਣ ਦਿਲਦਾਰ ਵਿਚ ਚਾਰ ਸੌ ਵੀਹ

ਕਹਿਕੇ ਸੱਚ ਦੇ ਝੂਠ ਦੇ ਕਰੇ ਸੌਦੇ ਦਸੇ ਸਰਸ ਅਤੇ ਭੇਜੇ ਨਿਰਸ ਚੀਜਾਂ
ਸ਼ਾਨ ਨਾਲ ਪਰਧਾਨ ਹੈ ਬਣੀ ਬੈਠੀ ਸਾਡੇ ਵਣਜ ਵਾਪਾਰ ਵਿਚ ਚਾਰ ਸੌ ਵੀਹ

ਸੱਚ ਏਤਨਾ ਆਣਕੇ ਪਿਆ ਮੰਦਾ ਟਕੇ ਸੇਰ ਨਹੀਂ ਉਸਦੀ ਪੁੱਛ ਹੁੰਦੀ
ਝੂਠ ਸੈਆਂ ਰੁਪਈਆਂ ਦਾ ਇਕ ਤੋਲਾ ਨੱਚੇ ਪਈ ਬਾਜਾਰ ਵਿਚ ਚਾਰ ਸੌ ਵੀਹ

ਹੋਰ ਇਸਤਰੀ ਕਿਸੇ ਨੂੰ ਮਰਦ ਚਾਹੇ ਚਾਹੇ ਇਸਤਰੀ ਵੀ ਹੋਰ ਮਰਦ ਤਾਈਂ
ਆਪੋ ਵਿੱਚ ਤਸੱਲੀਆਂ ਦੇਣ ਐਪਰ ਕਰਨ ਪਏ ਪਿਆਰ ਵਿਚ ਚਾਰ ਸੌ ਵੀਹ

ਪੌਡਰ ਸੁਰਖੀਆਂ ਦਾ ਐਸਾ ਪਿਆ ਪੈੜਾ ਅਸਲ ਸ਼ਕਲ ਜਹਾਨ ਚੋਂ ਗੁੰਮ ਹੋ ਗਈ
ਕੀਤੀ ਕੋਝੀਆਂ ਕਾਲੀਆਂ ਚਿੱਟੀਆਂ ਨੇ ਐਸੀ ਸੁਹਜ ਸ਼ਿੰਗਾਰ ਵਿਚ ਚਾਰ ਸੌ ਵੀਹ

ਪੁੱਛੋ ਕੁੱਝ ਨਾ ਅਜ ਦੇ ਆਸ਼ਕਾਂ ਦੀ ਅੰਤ ਮਾਸ਼ੂਕਾਂ ਦੀ ਠਪ ਛਡੋ
ਕਰਨ ਪਏ ਇਕਰਾਰ ਵਿਚ ਚਾਰ ਸੌ ਵੀਹ ਨਾਂਹ ਨੁਕਰ ਇਨਕਾਰ ਵਿਚ ਚਾਰ ਸੌ ਵੀਹ

ਸੁੱਧ ਦੱਸ ਸੋਨਾ ਪਿਤਲ ਕਰੇ ਭੇਟਾ ਮੂਜ਼ੀ ਮਜਨੂੰ ਨਿਤ ਲੈਲਾਂ ਤੇ ਪਾਏ ਪਟੂ
ਉਦ੍ਹੀ ਜਿਤ ਦੇ ਵਿਚ ਵੀ ਚਾਰ ਸੌ ਵੀਹ ਉਦੇ ਚਮਕਦੇ ਹਾਰ ਵਿਚ ਚਾਰ ਸੌ ਵੀਹ

ਨੌਜਵਾਨ ਅਜ ਕਾਗਜ਼ੀ ਫੁੱਲ ਹੋ ਗਏ ਵਿਚੋਂ ਸ਼ੁਭ ਆਚਰਨ ਦੀ ਮਹਿਕਮ ਮੋਈ
ਉਠ ਸਕਣ ਨਾ ਫਿਟੇ ਮੂੰਹ ਗੋਡਿਆਂ ਦਾ ਭਰ ਗਈ ਨਵੀਂ ਗੁਲਜ਼ਾਰ ਵਿਚ ਚਾਰ ਸੌ ਵੀਹ

ਸਾਰਾ ਦਿਨ ਕੜਦਾ ਰਵ੍ਹੇ ਚੁਲ੍ਹ ਉਤੇ ਆਵੇ ਨਜ਼ਰ ਮਲਾਈ ਨਾ ਮੂਲ ਮਾਸਾ
ਗਊ ਮਝ ਦੇ ਥਣਾਂ ਚੋਂ ਨਿਕਲਦੇ ਹੀ ਪੈ ਗਈ ਦੁਧ ਦੀ ਧਾਰ ਵਿਚ ਚਾਰ ਸੌ ਵੀਹ

ਆਲੂ ਘਿਉ ਵਿਚ ਮੱਖਣੀ ਵਿਚ ਸਿੱਥਾ ਆਟੇ ਵਿਚ ਮਿੱਟੀ ਰੇਤਾ ਲੂਣ ਅੰਦਰ
ਹੁਣ ਤੇ ਸੰਖੀਆ ਵੀ ਖਾਲਸ ਲਭਦਾ ਨਹੀਂ ਆ ਗਈ ਮੌਤ ਦੀ ਮਾਰ ਵਿਚ ਚਾਰ ਸੌ ਵੀਹ

ਰਜ ਪੀਣ ਵਾਲਾ ਰੋਜ ਦਏ ਹੋਕਾ ਇਹ ਸ਼ਰਾਬ ਜੇ ਪੀਨਾ ਖਰਾਬ ਲੋਕੋ !
ਬੋਤਲ ਚਾੜ੍ਹਕੇ ਝਾੜਦਾ ਫਿਰੇ ਭਾਸ਼ਨ ਕਰੇ ਨਾਚ ਪਰਚਾਰ ਵਿਚ ਚਾਰ ਸੌ ਵੀਹ

ਵੱਢੀ ਲੈਣ ਵਾਲਾ ਵੱਢੀ ਦੇਣ ਵਾਲਾਂ ਵੱਢੀ ਲਈ ਜਾਵੇ ਵਢੀ ਦਈ ਜਾਵੇ
ਵੱਢੀ ਬੰਦ ਲੈਣੀ ਦੇਣੀ ਜੁਰਮ ਭਾਰਾ ਏਦਾ ਚਲੇ ਦਰਬਾਰ ਵਿਚ ਚਾਰ ਸੌ ਵੀਹ

ਅੱਠ ਸੌ ਚਾਲ੍ਹੀ ਲਾਲੇ ਵਿਚ ਆਈ ਸੋਲ੍ਹਾਂ ਸੌ ਅਸੀ ਮੀਏ ਵਿਚ ਵਸੀ
ਤਦੇ ਗੁਰੂ ਦੇ ਪੰਥ ਨੂੰ ਪਿਆ ਘਾਟਾ ਰਹਿ ਗਈ ਸਿਖ ਸਰਦਾਰ ਵਿਚ ਚਾਰ ਸੌ ਵੀਹ

ਨੀਅਤ ਜੰਗ ਦੀ ਤੇ ਨਾਅਰੇ ਸ਼ਾਂਨਤੀ ਦੇ ਸਦੇ ਮੌਤ ਦੇ ਦਾਅਵੇ ਜਿੰਦਗੀ ਦੇ
ਉਤੋਂ ਸੰਧੀਆਂ ਅੰਦਰੋਂ ਛੁਰੇ ਬਾਜ਼ੀ ਗਿਧਾ ਪਾਏ ਸਰਕਾਰ ਵਿਚ ਚਾਰ ਸੌ ਵੀਹ

ਮਿਲਾਂ ਮੰਡੀਆਂ ਮੇਲਿਆਂ ਤੀਰਥਾਂ ਤੇ ਧਰਮ ਮੰਦਰਾਂ ਵਿਚ ਵੀ ਤਖਤ ਮਾਣੇ
ਮਾਲਾ ਤਸਬੀਆਂ ਸਾਧ ਦੇ ਸਿਮਰਨੇ ਨੂੰ ਮਾਰ ਰਹੀ ਹਰ ਵਾਰ ਵਿਚ ਚਾਰ ਸੌ ਵੀਹ
ਹੁਣ ਤੇ ਰੱਬ ਵੀ ਇਸ ਦਾ ਸ਼ਿਕਾਰ ਹੋਇਆ ਲਾਈਆਂ ਜਾਲੀਆਂ ਮੀਰ ਸਿਕਾਰੀਆਂ ਨੇ
"ਤੀਰ" ਆਦਮੀ ਦਸੋ ਕੌਣ ਰਾਖ਼ਾ ਜਦ ਹੈ ਰਬੀ ਦਰਬਾਰ ਵਿਚ ਚਾਰ ਸੌ ਵੀਹ

ਵਿਧਾਤਾ ਸਿੰਘ ਤੀਰ

ਅੰਤਿਕਾ 2

ਪੁਸਤਕ ਸੂਚੀ

1. ਐਸ. ਐਸ. ਅਮੋਲ, ਪੰਜਾਬੀ ਸਾਹਿਤ ਵਿਚਾਰ, ਕ੍ਰਿਸ਼ਨ ਕਪੂਰ ਧਨਪਤ ਰਾਏ ਐਂਡ ਸੰਨਜ਼, ਪੰਜਾਬੀ ਸਾਹਿਤ ਐਕਡਮੀ, ਲੁਧਿਆਣਾ, ਜਨਵਰੀ 1962.
2. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1973.
3. ਕਿਰਪਾਲ ਸਿੰਘ ਕਸੇਲ ਤੇ ਪ੍ਰੋ: ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ (ਦੂਜਾ ਭਾਗ 1963.)
4. ਕਿਰਪਾਲ ਸਿੰਘ ਕਸੇਲ ਤੇ ਹੋਰ ਵਿਦਵਾਨ, ਸਾਹਿੱਤ ਦੇ ਸੱਠ ਸਾਲ, ਜੀਵਨ ਸਿੰਘ, 2, ਲਜਪਤ ਰਾਏ ਮਾਰਕੀਟ, ਲੁਧਿਆਣਾ।
5. ਤੀਰ, ਵਿਧਾਤਾ ਸਿੰਘ, ਗੁੰਗੇ ਗੀਤ, ਪੰਜਾਬੀ ਏਜਨਸੀ, ਉਤੱਮ ਨਗਰ, ਸੁਲਤਾਨ-ਵਿੰਡ ਰੋਡ, ਅੰਮ੍ਰਿਤਸਰ, ਮਈ 1944.
6. ---- 'ਅਣਿਆਲੇ ਤੀਰ', ਪੰਜਾਬੀ ਏਜਨਸੀ ਉਤੱਮ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ, ਦਸੰਬਰ 1969.
7. 'ਨਵੇਂ ਨਿਸ਼ਾਨੇ', ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਫਰਵਰੀ 1961.
8. ---- ਕਾਲ ਕੂਕਾਂ, ਲੋਕ ਸਾਹਿੱਤ ਪ੍ਰਕਾਸ਼ਨ, ਅੰਮ੍ਰਿਤਸਰ, 5 ਸਤੰਬਰ 1949.
9. ---- ਭਿੰਨੀ ਰੈਣੜੀਏ, ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, ਫਰਵਰੀ, 1970.
10. ---- ਸਿੱਖੀ ਦਾ ਚਾਨਣ, ਡਾ. ਮਾਨ ਸਿੰਘ ਨਿਰੰਕਾਰੀ, 14, ਡਾਕਟਰਜ਼ ਐਵੀਨਿਯੂ, ਸਾਹਿਬ ਹਰਾ ਸਿੰਘ ਜੀ ਨਿਰੰਕਾਰੀ ਮਾਰਗ, ਅੰਮ੍ਰਿਤਸਰ, 17 ਮਈ, 1980.
11. ---- ਦਸ਼ਮੇਸ਼ ਦਰਸ਼ਨ, ਖ਼ਾਲਸਾ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ 1973.
12. ---- ਧਰੂਅ ਭਗਤ, ਪੰਜਾਬੀ ਏਜਨਸੀ, ਉੱਤਮ ਨਗਰ, ਅੰਮ੍ਰਿਤਸਰ, ਮਾਰਚ, 1963.
13. ---- ਬੰਦਾ ਬਹਾਦਰ, ਸ਼੍ਰੋਮਣੀ ਕ੍ਰਿਪਾਨ ਫੈਕਟ੍ਰੀ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਜੂਨ 1946.

14. - - - - ਰੂਪ ਰਾਣੀ ਸ਼ਕੁੰਤਲਾ, ਪੰਜਾਬੀ ਏਜਨਸੀ, ਉੱਤਮ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ, ਨਵੰਬਰ, 1957.
15. ਤੀਰ, ਵਿਧਾਤਾ ਸਿੰਘ, ਮਿੱਠੇ ਮੇਵੇ, ਸਿੱਖ ਬੁਕ ਕੰਪਨੀ, ਅਮ੍ਰਿਤਸਰ 1973.
16. - - - - ਨਲ ਦਮਯੰਤੀ, ਪੰਜਾਬੀ ਏਜਨਸੀ ਉਤੱਮ ਨਗਰ, ਸੁਲਤਾਨਵਿੰਡ, ਅੰਮ੍ਰਿਤਸਰ.
17. ਧਨੀ ਰਾਮ ਚਾਤ੍ਰਿਕ, ਰਾਜਾ ਨਲ ਰਾਣੀ ਦਮਯੰਤੀ, ਭਾਈ ਗੁਰਦਿਆਲ ਸਿੰਘ ਐਂਡ ਸੰਨਜ਼, ਅੰਬਾਲਾ ਸ਼ਹਿਰ ।
18. ਭਾਸ਼ਾ ਵਿਭਾਗ, ਪੰਜਾਬੀ ਸਾਹਿਤ ਦਾ ਇਤਿਹਾਸ, (ਆਧੁਨਿਕ ਕਾਲ) 1963.
19. ਰਤਨ ਸਿੰਘ ਜੱਗੀ (ਡਾ.) ਵਿਚਾਰਧਾਰਾ, ਮਦਾਨ ਪਬਲਿਸ਼ਰਜ਼, ਪਟਿਆਲਾ 1966.
20. ਪੰਜਾਬ, (ਸੰਪਾ. ਮਹਿੰਦਰ ਸਿੰਘ ਰੰਧਾਵਾ), ਭਾਸ਼ਾ ਵਿਭਾਗ, ਪਟਿਆਲਾ, 1960.
21. ਦਰਦੀ, ਗੋਪਾਲ ਸਿੰਘ (ਡਾ.) ਰੁਮਾਂਚਿਕ ਪੰਜਾਬੀ ਕਵੀ, ਪੰਜਾਬੀ ਐਕਡਮੀ, ਦਿੱਲੀ 1950.

ਵਿਸ਼ੇਸ਼ ਅੰਕ :

ਕਿੱਸਾ-ਕਾਵਿ ਅੰਕ, ਪੰਜਾਬੀ ਦੁਨੀਆਂ, ਜੁਲਾਈ ਅਗਸਤ 1956.
ਗੀਤ-ਕਾਵਿ ਅੰਕ, ਪੰਜਾਬੀ ਦੁਨੀਆਂ, ਸਤੰਬਰ 1956.
ਆਧੁਨਿਕ ਪੰਜਾਬੀ ਕਾਵਿ-ਅੰਕ, ਸਾਹਿਤ ਸਮਾਚਾਰ, 1959.

ਮਾਸਕ ਪੱਤਰ :

ਫੁਲਵਾੜੀ ਦਾ ਕਵੀ ਨੰਬਰ, ਸੰਪਾਦਕ ਹੀਰਾ ਸਿੰਘ ਦਰਦ, 1956.
ਆਲੋਚਨਾ, ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ, ਨਵੰਬਰ, 1958.
ਕਵਿਤਾ, ਅਗਸਤ ਸਤੰਬਰ 1954.
- - , ਮਾਰਚ 1963.